@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 20 September 2024

VISIT: www.qaumipatrika.org
Email: qpatrika@gmail.com

Punjabi National Daily — Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 20 ਸਤੰਬਰ 2024, 5 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 315, qpatrika@gmail.com ਫੋਨ : 9971359517 www.qaumipatrika.org


## ਰਾਹੁਲ ਖਿਲਾਫ ਯੋਜਨਾਬੱਧ ਮੁਹਿੰਮ ਉਤਸਾਹਿਤ ਕਰ ਰਹੇ ਨੇ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ : ਪ੍ਰਿਅੰਕਾ ਗਾਂਧੀ

ਨਵੀਂ ਦਿੱਲੀ 19 ਸਤੰਬਰ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਦੋਸ ਲਾਇਆ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਖਿ਼ਲਾਫ ਦਿੱਤੇ ਗਏ ਵਿਵਾਦਪੂਰਨ ਬਿਆਨ ਇੱਕ ਯੋਜਨਾਬੱਧ ਮੁਹਿੰਮ ਹੈ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਵੱਲੋਂ ਹੱਲਾਸੇਰੀ ਦਿੱਤੀ ਜਾ ਰਹੀ ਹੈ ਅਤੇ ਕੋਈ




ਕਾਰਵਾਈ ਨਹੀਂ ਕੀਤੀ ਜਾ ਰਹੀ। ਪ੍ਰਿਯੰਕਾ ਗਾਂਧੀ ਨੇ ਐਕਸ 'ਤੇ ਪੋਸਟ ਕੀਤਾ, 'ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਜੀ ਜਿਵੇਂ ਜਿਵੇਂ ਮਜਬੂਤੀ ਨਾਲ ਜਨਤਾ ਦੀ ਆਵਾਜ ਉਠਾ ਰਹੇ ਹਨ, ਉਹਨਾਂ ਖਿ਼ਲਾਫ ਜੁਬਾਨੀ ਅਤੇ ਵਿਚਾਰਧਾਰਕ ਹਿੰਸਾ ਵਧ ਰਹੀ ਹੈ।' ਉਨ੍ਹਾਂ ਸਵਾਲ ਕੀਤਾ, "ਕੀ ਦੇਸ ਦੇ ਕਰੋੜਾਂ ਦਲਿਤਾਂ, ਪਛੜੇ ਵਰਗਾਂ, ਆਦਿਵਾਸੀਆਂ ਅਤੇ ਗਰੀਬਾਂ ਦੀ ਆਵਾਜ ਬੁਲੰਦ ਕਰਨਾ ਇੰਨਾ ਵੱਡਾ ਗੁਨਾਹ ਹੈ ਕਿ ਭਾਜਪਾ ਨੇ ਵਿਰੋਧੀ ਧਿਰ ਦੇ ਨੇਤਾ ਨੂੰ "ਆਪਣੀ ਦਾਦੀ ਵਰਗਾ" ਬਣਾਉਣ ਦੀਆਂ ਧਮਕੀਆਂ ਦੇਣੀਆਂ ਸੁਰੂ ਕਰ ਦਿੱਤੀਆਂ?" ਪ੍ਰਿਯੰਕਾ ਨੇ ਕਿਹਾ, "ਲਗਾਤਾਰ ਇੱਕ ਤੋਂ ਬਾਅਦ ਇੱਕ ਹਿੰਸਕ, ਅਸਲੀਲ ਅਤੇ ਅਣਮਨੁੱਖੀ ਬਿਆਨ ਨਾਲ ਇਹ ਸਾਬਤ ਹੁੰਦਾ ਕਿ ਇਹ ਇੱਕ ਸੰਗਠਿਤ ਅਤੇ ਯੋਜਨਾਬੱਧ ਮੁਹਿੰਮ ਹੈ, ਜੋ ਦੇਸ ਦੇ ਲੋਕਤੰਤਰ ਲਈ ਬੇਹੱਦ ਖਤਰਨਾਕ ਹੈ। ਉਸ ਤੋਂ ਵੱਧ ਖਤਰਨਾਕ ਹੈ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਪੂਰੀ ਆਰਐੱਸਐੱਸ ਲੀਡਰਸਿ਼ਪ ਦੀ ਇਸ ਨੂੰ ਹੱਲਾਸੇਰੀ ਦੇਣੀ ਅਤੇ ਕੋਈ ਕਾਰਵਾਈ ਨਾ ਕਰਨਾ। ਉਨ੍ਹਾਂ ਸਵਾਲ ਕੀਤਾ ਕਿ ਕੀ ਹੁਣ ਆਰਐੱਸਐੱਸ-ਭਾਜਪਾ ਦੇ ਲੋਕ ਹਿੰਸਾ ਅਤੇ ਨਫਰਤ ਨੂੰ ਲੋਕਤੰਤਰ ਦਾ ਮੂਲ ਮੰਤਰ ਬਣਾਉਣਾ ਚਾਹੁੰਦੇ ਹਨ? ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ ਐਤਵਾਰ ਨੂੰ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਅਮਰੀਕਾ ਫੇਰੀ ਦੌਰਾਨ ਸਿੱਖਾਂ ਬਾਰੇ ਕੀਤੀ ਟਿੱਪਣੀ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਨੂੰ ਦੇਸ ਦਾ ਸਭ ਤੋਂ ਵੱਡਾ ਦੁਸਮਣ ਅਤੇ ਅੱਤਵਾਦੀ ਕਰਾਰ ਦਿੱਤਾ।

# ਕੇਜਰੀਵਾਲ ਭਲਕੇ ਕਰਨਗੇ ਰੋਡ ਸ਼ੋਅ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 19 ਸਤੰਬਰ। ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ 20 ਸਤੰਬਰ ਨੂੰ ਜਗਾਧਰੀ ਚੋਣ ਖੇਤਰ 'ਚ ਇਕ ਰੋਡ ਸ਼ੋਅ ਨਾਲ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ ਪ੍ਰਚਾਰ ਮੁਹਿੰਮ 'ਚ ਸ਼ਾਮਲ ਹੋਣਗੇ। ਪਾਰਟੀ ਜਨਰਲ ਸਕੱਤਰ (ਸੰਗਠਨ) ਸੰਦੀਪ ਪਾਠਕ ਨੇ ਵੀਰਵਾਰ ਨੂੰ ਕਿਹਾ ਕਿ ਕੇਜਰੀਵਾਲ ਆਉਣ ਵਾਲੇ ਦਿਨਾਂ 'ਚ ਰਾਜ ਦੇ 11 ਜਿ਼ਲ੍ਹਿਆਂ 'ਚ 13 ਪ੍ਰੋਗਰਾਮਾਂ 'ਚ ਵੀ ਹਿੱਸਾ ਲੈਣਗੇ, ਜਿਨ੍ਹਾਂ 'ਚ ਡੱਬਵਾਲੀ, ਰਾਣੀਆ, ਭਿਵਾਨੀ, ਮਹਿਮ, ਕਲਾਇਤ, ਅਸੰਧ ਅਤੇ ਬਲੱਭਗੜ੍ਹ ਅਤੇ ਹੋਰ ਚੋਣ ਖੇਤਰ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅੱਗੇ ਦੀ ਮੁਹਿੰਮ ਪ੍ਰੋਗਰਾਮ ਦਾ ਐਲਾਨ ਬਾਅਦ 'ਚ ਕੀਤਾ ਜਾਵੇਗਾ। ਆਬਕਾਰੀ ਨੀਤੀ ਮਾਮਲੇ 'ਚ ਜਮਾਨਤ 'ਤੇ ਤਿਹਾੜ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਕੇਜਰੀਵਾਲ ਨੇ ਮੰਗਲਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਹਰਿਆਣਾ 'ਚ 5 ਅਕਤੂਬਰ ਨੂੰ ਵੋਟਿੰਗ ਹੋਵੇਗੀ ਅਤੇ ਆਪਣੀ ਪਾਰਟੀ ਦੇ ਪ੍ਰਚਾਰ ਲਈ ਕੇਜਰੀਵਾਲ ਦਾ ਪ੍ਰੋਗਰਾਮ ਰਹੇਗਾ। ਕਾਂਗਰਸ ਨਾਲ ਸੀਟ ਵੰਡ ਦੀ ਗੱਲ ਅਸਫਲ ਹੋਣ ਤੋਂ ਬਾਅਦ 'ਆਪ' ਰਾਜ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜ ਰਹੀ ਹੈ। ਪਾਠਕ ਨੇ ਇਹ ਵੀ ਕਿਹਾ ਕਿ 'ਆਪ' ਹਰਿਆਣਾ 'ਚ ਸੱਤਾ ਪਰਿਵਰਤਨ ਅਤੇ ਕੇਜਰੀਵਾਲ ਦੇ ਸ਼ਾਸਨ ਮਾਡਲ ਨੂੰ ਰਾਜ 'ਚ ਲਿਆਉਣ ਦੇ ਟੀਚੇ ਨਾਲ ਪੂਰੀ ਤਾਕਤ ਨਾਲ ਚੋਣ ਲੜਨ ਲਈ ਤਿਆਰ ਹੈ। ਅਰਵਿੰਦ ਕੇਜਰੀਵਾਲ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਪੂਰੀ ਵਿਰੋਧੀ ਧਿਰ 'ਚ ਕੋਈ ਤਾਂ ਅਜਿਹਾ ਹੈ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਰਾਬਰੀ ਕਰ ਸਕਦਾ ਹੈ ਅਤੇ ਆਪਣੇ ਵਿਰੋਧੀਆਂ ਨੂੰ ਹੈਰਾਨ ਕਰ ਸਕਦਾ ਹੈ। ਮੰਗਲਵਾਰ ਪ੍ਰਧਾਨ ਮੰਤਰੀ ਮੋਦੀ ਦਾ ਜਨਮ ਦਿਨ ਸੀ ਜੋ ਪੂਰੇ ਦੇਸ ਭਰ 'ਚ ਮਨਾਇਆ



ਗਿਆ। ਭਾਜਪਾ ਲੀਡਰਸਿ਼ਪ ਨੇ ਟੀ. ਵੀ. ਨਿਊਜ ਚੈਨਲਾਂ ਤੇ ਮੀਡੀਆ ਆਊਟਲੈਟਾਂ 'ਤੇ ਪੂਰੀ ਲਾਈਮਲਾਈਟ ਹਥਿਆਉਣ ਦੀ ਯੋਜਨਾ ਬਣਾਈ ਸੀ। ਪ੍ਰਧਾਨ ਮੰਤਰੀ ਮੋਦੀ 3.0 ਸਰਕਾਰ ਦੇ 100 ਦਿਨ ਵੀ ਪੂਰੇ ਹੋਏ ਹਨ। ਭਾਜਪਾ ਸਾਸਿਤ ਸੂਬਾਈ ਸਰਕਾਰਾਂ ਤੇ ਹੋਰ ਥਾਵਾਂ 'ਤੇ ਇਸ ਸਬੰਧੀ ਜਸਨ ਇਕ ਪੰਦਰਵਾੜੇ ਤੱਕ ਚੱਲੇ। ਅਰਵਿੰਦ ਕੇਜਰੀਵਾਲ ਨੇ ਅਚਾਨਕ ਅਸਤੀਫਾ ਦੇਣ ਦਾ ਐਲਾਨ ਕਰ ਕੇ ਭਾਜਪਾ ਨੂੰ ਹੈਰਾਨ ਕਰ ਦਿੱਤਾ। ਭਾਜਪਾ ਇਸ ਸਾਲ 17 ਮਾਰਚ ਤੋਂ ਉਨ੍ਹਾਂ ਨੂੰ ਅਹੁਦਾ ਛੱਡਣ ਲਈ ਕਹਿ ਰਹੀ ਸੀ ਪਰ ਉਹ ਆਪਣੇ ਅਹੁਦੇ 'ਤੇ ਟਿਕੇ ਰਹੇ ਤੇ ਦਬਾਅ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਆਪਣੀਆਂ ਸਰਤਾਂ 'ਤੇ ਅਸਤੀਫਾ ਦਿੱਤਾ। ਜੇ ਟੀ. ਵੀ. ਚੈਨਲ ਪ੍ਰਧਾਨ ਮੰਤਰੀ ਮੋਦੀ ਦੇ ਓਡਿਸ਼ਾ ਤੋਂ ਦਿੱਤੇ ਦਾ ਰਹੇ ਭਾਸਣ ਦਾ ਸਿੱਧਾ ਪ੍ਰਸਾਰਣ ਕਰ ਰਹੇ ਸਨ ਤਾਂ ਇਸ ਦੇ ਨਾਲ ਉਹ ਦਿੱਲੀ 'ਚ ਹੋ ਰਹੀਆਂ ਘਟਨਾਵਾਂ ਨੂੰ ਵੀ ਕਵਰ ਕਰ ਰਹੇ ਸਨ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੇਜਰੀਵਾਲ ਨੇ ਅਜਿਹਾ ਕੀਤਾ ਹੈ। 'ਆਪ' 2013 ਤੋਂ ਦਿੱਲੀ 'ਚ ਭਾਜਪਾ ਨੂੰ ਹਰਾਉਂਦੀ ਆ ਰਹੀ ਹੈ। ਸੁਪਰੀਮ ਕੋਰਟ ਵੱਲੋਂ ਉਨ੍ਹਾਂ ਨੂੰ ਰਾਹਤ ਦੇਣ ਤੋਂ ਬਾਅਦ ਕੇਜਰੀਵਾਲ ਨੇ ਅਸਤੀਫਾ ਦੇ ਦਿੱਤਾ ਹਾਲਾਂਕਿ ਉਹ ਫਰਵਰੀ 2025 ਤੱਕ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿ ਸਕਦੇ ਸਨ। ਭਾਜਪਾ 2013 'ਚ ਡਾ. ਹਰਸਵਰਧਨ ਦੀ ਅਗਵਾਈ ਹੇਠ ਦਿੱਲੀ 'ਚ ਸਰਕਾਰ ਬਣਾ ਸਕਦੀ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਦੋਂ ਤੋਂ ਭਾਜਪਾ ਵਿਧਾਨ ਸਭਾ ਚੋਣਾਂ ਜਿੱਤਣ 'ਚ ਅਸਫਲ ਰਹੀ ਹੈ।

# ਪੰਜਾਬ ਸਰਕਾਰ ਦੀ ਨਵੀਂ ਖੇਤੀ ਨੀਤੀ ਤਿਆਰ !

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 19 ਸਤੰਬਰ। ਪੰਜਾਬ ਸਰਕਾਰ ਵਲੋਂ ਆਪਣੀ ਖੇਤੀ ਨੀਤੀ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ। ਸਰਕਾਰ ਵਲੋਂ ਸੂਬੇ ਦੇ ਕਿਸਾਨ ਸੰਗਠਨਾਂ ਦੇ ਨਾਲ ਪੰਜਾਬ ਦੀ ਖੇਤੀ ਨੀਤੀ ਦਾ ਖਰੜਾ ਸਾਂਝਾ ਕਰਦੇ ਹੋਏ ਉਨ੍ਹਾਂ ਦੇ ਸੁਝਾਅ ਮੰਗੇ ਗਏ ਹਨ। ਖੇਤੀ ਨੀਤੀ ਦਾ ਖਰੜਾ ਪਿਛਲੇ ਹਫਤੇ ਹੀ ਪੰਜਾਬ ਭਵਨ 'ਚ ਸਰਕਾਰ ਅਤੇ ਕਿਸਾਨ ਸੰਗਠਨਾਂ ਵਿਚਕਾਰ ਹੋਈ ਬੈਠਕ ਦੌਰਾਨ ਤੈਅ ਕੀਤਾ ਗਿਆ ਸੀ। ਕਿਸਾਨ ਅਤੇ ਇਸ ਖੇਤਰ ਦੇ ਮਾਹਰ ਲੋਕਾਂ ਤੋਂ ਰਾਏ ਲੈਣ ਮਗਰੋਂ ਹੀ ਇਹ ਨੀਤੀ ਲਾਗੂ ਕੀਤੀ ਜਾਵੇਗੀ। ਨੀਤੀ ਬਣਾਉਂਦੇ ਸਮੇਂ ਕਿਸਾਨਾਂ ਨਾਲ ਸਬੰਧਿਤ ਹਰ ਮੁੱਦੇ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਗਈ ਹੈ, ਤਾਂ ਜੋ ਕਿਸਾਨਾਂ ਨੂੰ ਫਾਇਦਾ ਹੋ ਸਕੇ। ਛੋਟੇ ਕਿਸਾਨਾਂ ਲਈ ਕਰਜਾ ਮੁਆਫੀ ਯੋਜਨਾ ਤਿਆਰ ਕਰਨ ਦਾ ਵਿਚਾਰ ਵੀ ਖਰੜੇ 'ਚ ਸ਼ਾਮਲ ਕੀਤਾ ਗਿਆ ਹੈ। ਨੀਤੀ 'ਚ ਔਰਤਾਂ 'ਤੇ ਵੀ ਧਿਆਨ ਦਿੱਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਔਰਤਾਂ ਨੂੰ ਜਮੀਨ ਦੇ ਮਾਲਕੀ ਹੱਕ ਦੇਣ ਲਈ ਵੀ ਵਿਕਲਪਾਂ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ। ਪਿੰਡ ਦੀ ਸਾਂਝੀ ਜਮੀਨ



ਠੇਕੇ 'ਤੇ ਲੈ ਕੇ ਖੇਤੀਬਾੜੀ ਦੇ ਕੰਮ ਵਿੱਚ ਲੱਗੀਆਂ ਔਰਤਾਂ ਨੂੰ ਪਹਿਲ ਦਿੱਤੀ ਜਾਵੇ। ਇਸ ਤੋਂ ਪਹਿਲਾਂ ਜਦੋਂ ਪੰਜਾਬ ਸਰਕਾਰ ਦਾ ਮਾਨਸੂਨ ਸੈਸਨ ਸੁਰੂ ਹੋਇਆ ਤਾਂ ਭਾਰਤੀ ਕਿਸਾਨ ਏਕਤਾ ਉਗਰਾਹਾਂ ਵੱਲੋਂ ਚੰਡੀਗੜ੍ਹ ਵਿੱਚ ਮੋਰਚਾ ਲਾਇਆ ਗਿਆ ਸੀ। ਇਹ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਚੁੱਕਿਆ ਗਿਆ ਸੀ। ਇਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਭਵਨ ਵਿਖੇ ਕਿਸਾਨਾਂ ਨਾਲ ਕਰੀਬ ਢਾਈ ਘੰਟੇ ਮੀਟਿੰਗ ਕੀਤੀ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਖੇਤੀ ਨੀਤੀ 30 ਸਤੰਬਰ ਤੋਂ ਪਹਿਲਾਂ ਜਾਰੀ ਕਰ ਦਿੱਤੀ ਜਾਵੇਗੀ। ਇਸ ਦੌਰਾਨ ਹੋਰ ਵੀ ਕਈ ਮੁੱਦਿਆਂ 'ਤੇ ਚਰਚਾ ਹੋਈ। ਨਵੀਂ ਖੇਤੀ ਨੀਤੀ ਦੇ ਖਰੜੇ 'ਚ ਧਰਤੀ ਹੇਠਲਾ ਪਾਣੀ ਬਚਾਉਣ ਲਈ ਸੂਬੇ 'ਚ 'ਪਾਣੀ ਬਚਾਓ, ਪੈਸਾ ਕਮਾਓ' ਸਕੀਮ ਸ਼ੁਰੂ ਕਰਨ 'ਤੇ ਜੋਰ ਦਿੱਤਾ ਗਿਆ ਹੈ। ਇਸ ਸਕੀਮ ਅਧੀਨ ਪਾਣੀ ਬਚਾਉਣ ਵਾਲੇ ਕਿਸਾਨਾਂ ਨੂੰ ਨਕਦ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸੂਬੇ 'ਚ 5 ਏਕੜ ਤੋਂ ਘੱਟ ਜਮੀਨ ਵਾਲੇ ਕਿਸਾਨਾਂ ਤੇ ਮਜਦੂਰਾਂ ਨੂੰ ਪੈਨਸ਼ਨ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਸੂਬਾ ਸਰਕਾਰ ਵਲੋਂ ਇਸ ਖਰੜੇ ਨੂੰ ਕਿਸਾਨ ਜੱਥੇਬੰਦੀਆਂ ਅਤੇ ਹੋਰਨਾਂ ਦੇ ਸੁਝਾਅ ਲਈ ਭੇਜਿਆ ਗਿਆ ਹੈ, ਜਿਸ ਨੂੰ ਬਾਅਦ 'ਚ ਅਮਲੀ ਰੂਪ ਦਿੱਤਾ ਜਵੇ

## ਚੋਣਾਂ ਦੇ ਸਮੇਂ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ 'ਇਕ ਦੇਸ਼, ਇਕ ਚੋਣ' : ਖੜਗੇ



ਨਵੀਂ ਦਿੱਲੀ 19 ਸਤੰਬਰ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ 'ਇਕ ਦੇਸ਼, ਇਕ ਚੋਣ' ਦੀ ਵਿਵਸਥਾ ਵਿਵਹਾਰਿਕ ਨਹੀਂ ਹੈ ਅਤੇ ਭਾਜਪਾ ਚੋਣਾਂ ਦੇ ਸਮੇਂ ਇਸ ਰਾਹੀਂ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 'ਇਕ ਦੇਸ਼, ਇਕ ਚੋਣ' ਦੀ ਵਿਵਸਥਾ ਚੱਲਣ ਵਾਲੀ ਨਹੀਂ ਹੈ। ਖੜਗੇ ਨੇ ਕਿਹਾ, "ਇਹ ਵਿਵਹਾਰਿਕ ਨਹੀਂ ਹੈ, ਚੱਲਣ ਵਾਲਾ ਨਹੀਂ ਹੈ... ਚੋਣਾਂ ਦੇ ਸਮੇਂ ਜਦੋਂ ਮੁੱਦੇ ਨਹੀਂ ਮਿਲ ਰਹੇ ਤਾਂ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।" ਦੱਸਣਯੋਗ ਹੈ ਕਿ ਕੈਬਨਿਟ ਦੀ ਬੈਠਕ 'ਚ ਇਸ ਮੁੱਦੇ ਨੂੰ ਰੱਖਿਆ ਗਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਆਪਣੇ ਮੌਜੂਦਾ ਕਾਰਜਕਾਲ 'ਚ ਹੀ 'ਇਕ ਦੇਸ਼, ਇਕ ਚੋਣ' ਨੂੰ ਲਾਗੂ ਕਰੇਗੀ।

## ਕੰਮ 'ਤੇ ਪਰਤਣਗੇ ਡਾਕਟਰ, ਹੜਤਾਲ ਖਤਮ ਕਰਨ ਦਾ ਕੀਤਾ ਐਲਾਨ

ਨੈਸ਼ਨਲ ਡੈਸਕ 19 ਸਤੰਬਰ। ਕੋਲਕਾਤਾ ਵਿੱਚ ਟ੍ਰੇਨੀ ਡਾਕਟਰ ਨਾਲ ਜਬਰ-ਜਿ਼ਨਾਹ ਤੋਂ ਬਾਅਦ ਬੇਰਿਹਮੀ ਨਾਲ ਕਤਲ ਕਰਨ ਦੇ ਮਾਮਲੇ ਵਿੱਚ ਵੱਡੀ ਖਬਰ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ ਵਿਰੋਧ ਪ੍ਰਦਰਸਨ ਕਰ ਰਹੇ




ਡਾਕਟਰਾਂ ਨੇ ਕੰਮ 'ਤੇ ਪਰਤਣ ਦਾ ਐਲਾਨ ਕੀਤਾ ਹੈ। ਜੂਨੀਅਰ ਰੈਜੀਡੈਂਟ ਡਾਕਟਰ ਆਰਜੀ ਕਾਰ ਮੈਡੀਕਲ ਕਾਲਜ ਵਿੱਚ ਮਹਿਲਾ ਡਾਕਟਰਾਂ ਨਾਲ ਹੋਈ ਬੇਰਹਿਮੀ ਖਿ਼ਲਾਫ 9 ਅਗਸਤ ਤੋਂ ਪ੍ਰਦਰਸਨ ਕਰ ਰਹੇ ਸਨ। ਮਮਤਾ ਸਰਕਾਰ ਲਗਾਤਾਰ ਉਨ੍ਹਾਂ ਨੂੰ ਕੰਮ 'ਤੇ ਵਾਪਸ ਆਉਣ ਦੀ ਮੰਗ ਕਰ ਰਹੀ ਸੀ। ਸੁਪਰੀਮ ਕੋਰਟ ਨੇ ਵੀ ਡਾਕਟਰਾਂ ਨੂੰ ਕੰਮ 'ਤੇ ਪਰਤਣ ਲਈ ਕਿਹਾ ਸੀ। ਜੂਨੀਅਰ ਡਾਕਟਰਾਂ ਨੇ ਸੁੱਕਰਵਾਰ 20 ਸਤੰਬਰ ਤੋਂ ਸਵਾਸਥ ਭਵਨ ਅਤੇ ਕੋਲਕਾਤਾ ਵਿੱਚ ਚੱਲ ਰਹੇ ਵਿਰੋਧ ਪ੍ਰਦਰਸਨ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਸਨੀਵਾਰ ਤੋਂ ਸਾਰੇ ਡਾਕਟਰ ਕੰਮ 'ਤੇ ਪਰਤਣਗੇ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਗੇ ਅਤੇ ਲੋਕਾਂ ਦੀ ਮਦਦ ਕਰਨਗੇ। ਪੂਰੇ 41 ਦਿਨਾਂ ਬਾਅਦ, ਡਾਕਟਰ ਜ਼ਰੂਰੀ ਸੇਵਾਵਾਂ 'ਤੇ ਵਾਪਸ ਆ ਜਾਣਗੇ। ਦੱਸ ਦੇਈਏ ਕਿ ਜੂਨੀਅਰ ਡਾਕਟਰਾਂ ਦੇ ਸੰਗਠਨਾਂ ਨੇ ਕੋਲਕਾਤਾ ਘਟਨਾ ਦੇ ਵਿਰੋਧ 'ਚ ਹੜਤਾਲ ਦਾ ਐਲਾਨ ਕੀਤਾ ਸੀ। ਇਸ ਕਾਰਨ ਬੰਗਾਲ ਦੀਆਂ ਸਿਹਤ ਸੇਵਾਵਾਂ ਠੱਪ ਹੋ ਗਈਆਂ ਸਨ। ਹੜਤਾਲ 'ਤੇ ਬੈਠੇ ਜੂਨੀਅਰ ਡਾਕਟਰਾਂ ਦੀਆਂ 5 ਮੰਗਾਂ ਸਨ, ਜਿਨ੍ਹਾਂ 'ਚੋਂ ਮਮਤਾ ਸਰਕਾਰ ਨੇ 3 ਮੰਨ ਲਈਆਂ ਹਨ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਖੁਦ ਡਾਕਟਰਾਂ ਦੇ ਵਫਦ ਨਾਲ ਗੱਲਬਾਤ ਕਰਕੇ ਦੋਸੀਆਂ ਖਿਲਾਫ ਸਖਤ ਕਾਰਵਾਈ ਦਾ ਭਰੋਸਾ ਦਿੱਤਾ ਸੀ।

## ਨਵਜੋਤ ਸਿੰਘ ਸਿੱਧੂ ਦੇ ਸਿਆਸੀ ਸਲਾਹਕਾਰ ਰਹਿ ਚੁੱਕੇ ਮਾਲਵਿੰਦਰ ਸਿੰਘ ਮਾਲੀ ਨੂੰ ਪੁਲਸ ਨੇ ਭਰਾ ਦੇ ਘਰੋਂ ਕੀਤਾ ਗ੍ਰਿਫਤਾਰ

ਮੋਹਾਲੀ 19 ਸਤੰਬਰ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਿਆਸੀ ਸਲਾਹਕਾਰ ਰਹਿ ਚੁੱਕੇ ਮਾਲਵਿੰਦਰ ਸਿੰਘ ਮਾਲੀ ਨੂੰ ਮੋਹਾਲੀ ਪੁਲਸ ਨੇ ਪਟਿਆਲਾ ਰਹਿੰਦੇ ਭਰਾ ਰਣਜੀਤ ਸਿੰਘ ਗਰੇਵਾਲ ਦੇ ਘਰੋਂ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਨੂੰ ਮੋਹਾਲੀ ਪੁਲਸ ਦੀ ਸੀ.ਆਈ.ਏ. ਸਟਾਫ ਦੀ ਟੀਮ ਨੇ ਇਹ ਕਹਿ ਕੇ ਨਾਲ ਜਾਣ ਲਈ ਕਿਹਾ ਕਿ ਉਨ੍ਹਾਂ ਖਿ਼ਆਫ ਆਈ.ਟੀ. ਐਕਟ ਅਧੀਨ ਇਕ ਮਾਮਲਾ ਦਰਜ ਕੀਤਾ ਗਿਆ ਹੈ। ਉਹ ਆਪਣੇ ਭਰਾ ਦੇ ਘਰ ਕੁਝ ਸਮਾਂ ਪਹਿਲਾਂ ਹੀ ਪਹੁੰਚੇ ਸਨ, ਜਿੱਥੇ ਉਨ੍ਹਾਂ ਦਾ ਵੱਡਾ ਭਰਾ ਜਤਿੰਦਰ ਸਿੰਘ ਵੀ ਆਇਆ ਹੋਇਆ ਦੱਸਿਆ ਜਾ ਰਿਹਾ ਹੈ। ਪੁਲਸ ਵੱਲੋਂ ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਕਿ ਆਈ.ਟੀ. ਐਕਟ ਅਧੀਨ ਉਨ੍ਹਾਂ ਵੱਲੋਂ ਪਾਈ ਕਿਸੇ ਪੋਸਟ ਕਾਰਨ ਉਨ੍ਹਾਂ ਨੂੰ ਫੜਿਆ ਗਿਆ ਹੈ। ਜਾਣਕਾਰੀ ਅਨੁਸਾਰ ਪੁਲਸ ਵੱਲੋਂ ਆਈ.ਟੀ. ਸਿਟੀ ਥਾਣਾ ਮੁਹਾਲੀ 'ਚ ਉਨ੍ਹਾਂ ਖਿ਼ਲਾਫ ਧਾਰਮਿਕ ਭਾਵਨਾਵਾਂ ਭੜਕਾਉਣ ਸਬੰਧੀ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਉੱਤੇ ਧਾਰਾ 196 ਤੇ 295-ਏ ਤਹਿਤ ਕੇਸ ਦਰਜ ਕੀਤਾ ਗਿਆ। ਪੁਲਸ ਜਦੋਂ ਉਨ੍ਹਾਂ ਦੇ ਘਰ ਸੈਕਟਰ 91 ਦੇ ਰੀਜੈਂਸੀ ਹਾਈਟਸ ਪਹੁੰਚੇ ਤਾਂ ਉੱਥੇ ਤਾਲਾ ਲੱਗਿਆ ਹੋਇਆ ਸੀ। ਫੋਨ ਕਰਨ 'ਤੇ ਉਨ੍ਹਾਂ ਦੱਸਿਆ ਕਿ ਉਹ ਪਟਿਆਲੇ ਆਪਣੇ ਭਰਾ ਦੇ ਘਰ ਆਏ ਹੋਏ ਹਨ। ਇਸ ਤੋਂ ਤੁਰੰਤ ਬਾਅਦ ਸੀ.ਆਈ.ਏ. ਮੋਹਾਲੀ ਦੀ ਪਹਿਲਾਂ ਹੀ ਪਟਿਆਲਾ ਪਹੁੰਚੀ ਹੋਈ ਟੀਮ ਨੇ ਉਨ੍ਹਾਂ ਦੇ ਭਰਾ ਦੇ ਘਰ ਛਾਪਾ ਮਾਰਿਆ ਤੇ ਮਾਲੀ ਨੂੰ ਹਿਰਾਸਤ 'ਚ ਲੈ ਲਿਆ।

# ਰਾਸ਼ਿਦ ਨੇ ਜੰਮੂ-ਕਸਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੀ ਕੀਤੀ ਆਲੋਚਨਾ

**ਤੇਜਿੰਦਰ ਕੌਰ ਬੱਬਰ**

ਸ੍ਰੀਨਗਰ 19 ਸਤੰਬਰ। ਲੋਕ ਸਭਾ ਮੈਂਬਰ ਸੇਖ ਅਬਦੁਲ ਰਸੀਦ ਨੇ ਬੁੱਧਵਾਰ ਨੂੰ ਉਪ ਰਾਜਪਾਲ ਮਨੋਜ ਸਿਨਹਾ ਦੇ ਜਮਾਤ-ਏ-ਇਸਲਾਮੀ ਵਰਗੀਆਂ ਸੰਸਥਾਵਾਂ ਨੂੰ ਚੋਣਾਂ ਵਿਚ ਹਿੱਸਾ ਲੈਣ ਤੋਂ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੇ ਸੱਦੇ 'ਤੇ ਨਿਸਾਨਾ ਸਾਧਿਆ। ਰਸੀਦ ਨੇ ਕਿਹਾ ਕਿ "ਮੁਸਲਮਾਨਾਂ ਦਾ ਖੂਨ ਵਹਾਉਣਾ" ਅਤੇ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਭਾਰਤ ਨੂੰ ਫਿਰਕੂ ਲੀਹਾਂ 'ਤੇ ਵੰਡਣ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਲਟ, ਜਮਾਤ-ਏ-ਇਸਲਾਮੀ ਸਿਰਫ ਜੰਮੂ-ਕਸਮੀਰ ਦੇ ਸਿਆਸੀ ਮੁੱਦਿਆਂ ਦਾ ਹੱਲ ਚਾਹੁੰਦੀ ਹੈ। ਉਹਨਾਂ ਨੇ ਕਿਹਾ, 'ਜੇਕਰ ਉੱਪਰਾਜਪਾਲ ਦਾ ਹੁਕਮ ਚੱਲਦਾ ਤਾਂ ਉਹ ਪੂਰੇ ਕਸਮੀਰ ਨੂੰ ਜੇਹਲਮ ਦਰਿਆ ਵਿੱਚ ਸੁੱਟ ਦਿੰਦਾ। ਇਹ ਕਿਹੋ ਜਿਹਾ ਲੋਕਤੰਤਰ ਹੈ? ਜਮਾਤ-ਏ-ਇਸਲਾਮੀ ਨੇ ਕੀ ਕੀਤਾ? ਉਨ੍ਹਾਂ ਦਾ ਕੀ ਕਸੂਰ ਹੈ? ਇਹ ਇੱਕ ਅਜਿਹੀ ਸੰਸਥਾ ਹੈ, ਜਿਸ ਨੇ ਕਸਮੀਰ ਵਿੱਚ ਸਮਾਜਿਕ, ਨੈਤਿਕ ਅਤੇ ਵਿਦਿਅਕ ਖੇਤਰ ਵਿੱਚ ਬਹੁਤ ਕੰਮ ਕੀਤਾ ਹੈ।' ਇੱਕ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਸਿਨਹਾ ਨੇ ਜਮਾਤ-ਏ-ਇਸਲਾਮੀ ਵਰਗੀਆਂ ਜਥੇਬੰਦੀਆਂ



ਨੂੰ ਚੋਣ ਲੜਨ ਤੋਂ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੀ ਮੰਗ ਕੀਤੀ ਸੀ। ਇੰਜੀਨੀਅਰ ਰਸੀਦ ਦੇ ਨਾਂ ਨਾਲ ਮਸਹੂਰ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਨੇ ਕਿਹਾ ਕਿ ਜਮਾਤ-ਏ-ਇਸਲਾਮੀ ਦੀਆਂ ਨੀਤੀਆਂ 'ਤੇ ਕੁਝ ਅਸਹਿਮਤੀ ਹੋ ਸਕਦੀ ਹੈ ਪਰ ਉਸ ਨੇ ਭਾਜਪਾ ਵਾਂਗ ਫਿਰਕੂ ਨਫਰਤ ਫੈਲਾਉਣ ਲਈ ਲੋਕਾਂ ਨੂੰ ਵੰਡਿਆ ਨਹੀਂ ਜਾਂ ਉਨ੍ਹਾਂ ਦਾ ਕਤਲ ਨਹੀਂ ਕੀਤਾ। ਰਾਸਿ਼ਦ ਨੇ ਕਿਹਾ, "ਸਾਡੀ ਉਹਨਾਂ ਦੀਆਂ ਨੀਤੀਆਂ ਨਾਲ ਕੁਝ ਅਸਹਿਮਤੀ ਹੋ ਸਕਦੀ ਹੈ ਪਰ ਮੈਨੂੰ ਉਸ ਤੋਂ (ਲੈਫਟੀਨੈਂਟ ਗਵਰਨਰ) ਅਜਿਹੀਆਂ ਗੱਲਾਂ ਸੁਣਨਾ ਪਸੰਦ ਨਹੀਂ। ਜਦੋਂ ਭਾਜਪਾ ਨੇ ਆਪਣੇ ਖੋਖਲੇ ਫਿਰਕੂ ਏਜੰਡੇ ਦੇ ਹਿੱਸੇ ਵਜੋਂ ਗਊਆਂ ਦੇ ਨਾਂ 'ਤੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਹੈ, ਖਾਣ-ਪੀਣ ਦੀਆਂ ਵਸਤਾਂ ਨੂੰ ਲੈ ਕੇ ਮੁਸਲਮਾਨਾਂ ਦਾ ਖੂਨ ਵਹਾਇਆ ਹੈ ਅਤੇ ਪੂਰੇ ਭਾਰਤ ਨੂੰ ਫਿਰਕੂ ਲੀਹਾਂ 'ਤੇ ਵੰਡ ਦਿੱਤਾ ਹੈ, ਤਾਂ ਉਹ ਸਾਨੂੰ ਕੀ ਸਬਕ ਸਿਖਾ ਸਕਦੇ ਹਨ?" ਲੋਕ ਸਭਾ ਮੈਂਬਰ ਨੇ ਕਿਹਾ, "ਜਮਾਤ-ਏ-ਇਸਲਾਮੀ ਨੇ ਕੁਝ ਗਲਤ ਨਹੀਂ ਕੀਤਾ। ਜੇਕਰ ਉਹ ਕਹਿੰਦੇ ਹਨ ਕਿ ਉਹ ਚੋਣ ਲੜਨਾ ਚਾਹੁੰਦੇ ਹਨ ਜਾਂ ਸਿਆਸੀ ਮੁੱਦਿਆਂ ਦਾ ਹੱਲ ਚਾਹੁੰਦੇ ਹਨ ਤਾਂ ਇਹ ਕੋਈ ਗੁਨਾਹ ਨਹੀਂ ਹੈ।" ਜੰਮੂ-ਕਸਮੀਰ ਵਿੱਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਵੋਟਿੰਗ ਜਾਰੀ ਰਹਿਣ ਦੇ ਵਿਚਾਲੇ ਰਸੀਦ ਨੇ ਉਮੀਦ ਜਾਹਰ ਕੀਤੀ ਕਿ ਲੋਕ ਕਸਮੀਰ ਦੇ ਦੁਸਮਣਾਂ ਵਿਰੁੱਧ ਵੋਟ ਪਾਉਣਗੇ, ਜਿਨ੍ਹਾਂ ਨੇ 1947 ਤੋਂ ਬਾਅਦ ਦੇ ਲਗਾਤਾਰ ਉਨ੍ਹਾਂ ਨਾਲ ਧੋਖਾ ਕੀਤਾ




# 2 ਸਾਲ ਪਹਿਲਾਂ ਬਹਿਰੀਨ ਗਈ ਸੰਗਰੂਰ ਦੀ ਕੁੜੀ ਦੀ ਸ਼ੱਕੀ ਹਾਲਾਤ 'ਚ ਮੌਤ

ਸ਼ੇਰਪੁਰ 19 ਸਤੰਬਰ। ਜ਼ਿਲ੍ਹਾ ਸੰਗਰੂਰ ਦੇ ਬਲਾਕ ਸ਼ੇਰਪੁਰ ਅਧੀਨ ਪਿੰਡ ਟਿੱਬਾ ਦੇ ਦਰਸ਼ਨ ਸਿੰਘ ਦੀ ਧੀ ਹਰਜਿੰਦਰ ਕੌਰ (24) ਦੋ ਸਾਲ ਪਹਿਲਾਂ ਚੰਗੇ ਭਵਿੱਖ ਦੀ ਤਲਾਸ਼ 'ਚ ਇਕ ਏਜੰਟ ਰਾਹੀਂ ਬਹਿਰੀਨ ਗਈ ਹੋਈ ਸੀ। ਹੁਣ ਉਸ ਦੀ ਬਹਿਰੀਨ ਵਿਚ ਭੇਤਭਰੀ ਹਾਲਤ 'ਚ ਮੌਤ ਹੋ ਜਾਣ ਦੀ ਦੁਖਦ ਸੂਚਨਾ ਮਿਲੀ ਹੈ। 'ਹੋਪ ਫਾਰ ਮਹਿਲ ਕਲਾਂ' ਦੇ ਕਨਵੀਨਰ ਕੁਲਵੰਤ ਸਿੰਘ ਟਿੱਬਾ ਦੀ ਹਾਜ਼ਰੀ 'ਚ ਮਰਹੂਮ ਦੇ ਭਰਾ ਮਨਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ 24 ਮਾਰਚ 2024 ਨੂੰ ਛੇ ਹਫਤਿਆਂ ਦੀਆਂ ਛੁੱਟੀਆਂ ਕੱਟ ਕੇ ਵਾਪਸ ਬਹਿਰੀਨ ਗਈ ਸੀ, ਜਿੱਥੇ ਉਹ ਇਕ ਸ਼ੇਖ ਦੇ ਘਰ ਕੰਮ ਕਰਦੀ ਸੀ। ਬੀਤੇ ਦਿਨੀਂ ਸਾਨੂੰ ਫੋਨ 'ਤੇ ਖਬਰ ਮਿਲੀ ਕਿ ਤੁਹਾਡੀ ਕੁੜੀ ਨੇ ਖੁਦਕੁਸ਼ੀ ਕਰ ਲਈ ਹੈ। ਹਰਜਿੰਦਰ ਦੇ ਮੌਤ ਦੀ ਖਬਰ ਮਿਲਣ ਤੋਂ ਬਾਅਦ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੋ ਗਿਆ ਹੈ। ਧੀ ਦੀ ਲਾਸ਼ ਲਿਆਉਣ ਲਈ ਆਰਥਿਕ ਤੰਗੀਆਂ ਨਾਲ ਜੂਝ ਰਹੇ ਮਜ਼ਦੂਰ ਪਰਿਵਾਰ ਨੇ ਕੇਂਦਰ, ਪੰਜਾਬ ਸਰਕਾਰ ਅਤੇ ਭਾਰਤੀ ਦੂਤਾਵਾਸ ਨੂੰ ਅਪੀਲ ਕੀਤੀ



ਹੈ। ਉਨ੍ਹਾਂ ਵੱਲੋਂ ਭੇਜੇ ਮੇਲ ਸੰਦੇਸ਼ ਰਾਹੀਂ ਧੀ ਦੀ ਮੌਤ ਦੇ ਕਾਰਨਾਂ ਦੀ ਉੱਚ-ਪੱਧਰੀ ਜਾਂਚ ਵੀ ਮੰਗੀ ਹੈ। ਪਰਿਵਾਰ ਨੇ ਕਿਹਾ ਉਨ੍ਹਾਂ ਦੀ ਲੜਕੀ ਖੁਦਕੁਸ਼ੀ ਨਹੀਂ ਕਰ ਸਕਦੀ। ਉਨ੍ਹਾਂ ਕੁਝ ਦਿਨ ਪਹਿਲਾਂ ਲੜਕੀ ਵੱਲੋਂ ਭੇਜੇ ਇਕ ਆਡਿਓ ਕਲਿੱਪ ਦਾ ਵੀ ਜ਼ਿਕਰ ਕੀਤਾ। ਇਸ ਦੇ ਨਾਲ ਹੀ 'ਹੋਪ ਫਾਰ ਮਹਿਲ ਕਲਾਂ' ਦੇ ਆਗੂ ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਉਹ ਮ੍ਰਿਤਕ ਲੜਕੀ ਦੀ ਲਾਸ਼ ਲਿਆਉਣ ਤੱਕ ਪਰਿਵਾਰ ਦੀ ਡਟ ਕੇ ਮਦਦ ਕਰਨਗੇ। ਜ਼ਿਕਰਯੋਗ ਹੈ ਕਿ ਮਰਹੂਮ ਦੇ ਪਿਤਾ ਦਰਸ਼ਨ ਸਿੰਘ ਸਾਈਕਲ ਸਕੂਟਰਾਂ ਦੇ ਪੈਂਚਰ ਲਾਉਣ ਦਾ ਕੰਮ ਕਰਦਾ ਹੈ ਤੇ ਮਾਤਾ ਜਸਵੀਰ ਕੌਰ ਨਰੇਗਾ ਮਜ਼ਦੂਰ ਅਤੇ ਭਰਾ ਵੀ ਮਿਹਨਤ ਮਜ਼ਦੂਰੀ ਕਰਦਾ ਹੈ। ਪਰਿਵਾਰ ਦੀ ਹਾਲਤ ਸੁਧਾਰਨ ਦੇ ਲਈ ਉਹ ਬਹਿਰੀਨ ਗਈ ਹੋਈ ਸੀ। ਇਸ ਮਾਮਲੇ ਦੇ ਸਬੰਧ ਵਿਚ ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਪਰ ਡੀ.ਸੀ. ਦਫਤਰ ਦੇ ਐੱਮ.ਈ. ਬ੍ਰਾਂਚ ਨੂੰ ਦਿੱਤੀ ਦਰਖਾਸਤ ਮਗਰੋਂ ਮਾਮਲੇ ਦਾ ਹੱਲ ਹੋਵੇਗਾ ਅਤੇ ਉਹ ਮਜ਼ਦੂਰ ਪਰਿਵਾਰ ਦੀ ਲੋੜੀਂਦੀ ਮਦਦ ਜਰੂਰ ਕਰਨਗੇ।

## ਨਹਿਰ 'ਚ ਸ਼ੱਕੀ ਬੋਰੀ ਦੇਖ ਦਹਿਲੇ ਲੋਕ, ਜਦੋਂ ਖੋਲ੍ਹ ਕੇ ਦੇਖੀ ਤਾਂ ਪੈਰਾਂ ਹੇਠੋਂ ਖਿਸਕੀ ਜਮੀਨ

ਦੀਨਾਨਗਰ 19 ਸਤੰਬਰ। ਵਿਧਾਨ ਸਭਾ ਹਲਕਾ ਦੀਨਾਨਗਰ ਪੁਲਸ ਸਟੇਸਨ ਬਰਿਆਰ ਚੌਕੀ ਅਧੀਨ ਆਉਂਦੇ ਪਿੰਡ ਰਣਜੀਤ ਬਾਗ ਨੇੜੇ ਰਜਵਾਹੇ ਵਿਚੋਂ ਇਕ ਨੌਜਵਾਨ ਦੀ ਬੇਰਹਿਮੀ ਨਾਲ ਕੀਤੀ ਲਾਸ਼ ਬੋਰੀ ਵਿਚ ਬੰਨ੍ਹੀ ਹੋਈ ਮਿਲਣ ਕਾਰਨ ਇਲਾਕੇ ਅੰਦਰ ਸਨਸਨੀ ਫੈਲ ਗਈ। ਮ੍ਰਿਤਕ ਦੀ ਪਛਾਣ ਰੋਹਿਤ ਕੁਮਾਰ (18) ਪੁੱਤਰ ਰਮੇਸ ਲਾਲ ਵਾਸੀ ਦਾਖਲਾ ਵਜੋਂ ਹੋਈ ਹੈ। ਰੋਹਿਤ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰੇ ਅਚਾਨਕ ਸੰਬੰਧਤ ਵਿਭਾਗ ਦੇ ਕਰਮਚਾਰੀ ਜਦੋਂ ਇਸ ਰਜਵਾਹੇ ਦੀ ਜਾਂਚ ਕਰਨ ਲਈ ਪਹੁੰਚੇ ਤਾਂ ਇਕ ਬੋਰੀ ਜਦੋਂ ਸੱਕੀ ਹਾਲਾਤ ਵਿਚ ਵੇਖੀ ਗਈ ਤਾਂ ਉਨ੍ਹਾਂ ਇਸ ਸਬੰਧੀ ਆਲੇ-ਦੁਆਲੇ ਦੇ ਲੋਕਾਂ ਨੂੰ ਦੱਸਿਆ ਜਦੋਂ ਲੋਕ ਪਹੁੰਚੇ ਤਾਂ ਇਸ ਬੋਰੀ ਨੂੰ ਖੋਲ੍ਹ ਕੇ ਵੇਖਿਆ ਤਾਂ ਬੋਰੀ ਵਿਚੋਂ ਇਕ ਨੌਜਵਾਨ ਦੀ ਲਾਸ ਮਿਲੀ। ਇਸ ਸਬੰਧੀ ਜਦੋਂ ਕੁਝ ਨੌਜਵਾਨਾਂ ਨੂੰ ਮ੍ਰਿਤਕ ਦੀ ਪਛਾਣ ਕੀਤੀ ਤਾਂ ਤੁਰੰਤ ਉਕਤ ਨੌਜਵਾਨ ਦੇ ਪਰਿਵਾਰਿਕ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ। ਪਰਿਵਾਰਿਕ ਮੈਂਬਰਾਂ ਨੇ ਮੌਕੇ ਤੇ ਪਹੁੰਚ ਕੇ ਜਦੋਂ ਲਾਸ ਵੇਖੀ ਤਾਂ ਪਰਿਵਾਰ ਵਿਚ ਕੋਹਰਾਮ ਮਚ ਗਿਆ। ਪਰਿਵਾਰ ਨੌਜਵਾਨ ਪੁੱਤ ਦੇ ਕਤਲ ਦਾ ਖਦਸ਼ਾ ਪ੍ਰਗਟਾਇਆ ਹੈ। ਉਧਰ ਇਸ ਸਬੰਧੀ ਸੂਚਨਾ ਮਿਲਦੇ ਹੀ ਡੀ. ਐੱਸ. ਪੀ. ਦੀਨਾਨਗਰ ਸੁਰਿੰਦਰ ਸਿੰਘ ਮੌਕੇ 'ਤੇ ਪਹੁੰਚ ਗਏ। ਇਸ ਸਬੰਧੀ ਗੱਲਬਾਤ ਕਰਦੇ ਹੋਏ ਡੀ. ਐੱਸ. ਪੀ. ਸੁਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਨੌਜਵਾਨ ਦੇ ਕੁਝ ਸੱਟਾਂ ਦੇ ਨਿਸਾਨ ਵੀ ਦਿਖਾਈ ਦੇ ਰਹੇ ਹਨ, ਬਾਕੀ ਪੁਲਸ ਵੱਲੋਂ ਲਾਸ ਨੂੰ ਕਬਜੇ ਵਿਚ ਲੈ ਕੇ ਜਾਂਚ ਸੁਰੂ ਕਰ ਦਿੱਤੀ ਹੈ, ਪੁਲਸ ਦਾ ਆਖਣਾ ਹੈ ਮਾਮਲਾ ਕਤਲ ਦਾ ਲੱਗ ਰਿਹਾ ਹੈ। ਫਿਲਹਾਲ ਵੱਖ ਵੱਖ ਪਹਿਲਾਂ ਤੋਂ ਪੜਤਾਲ ਕੀਤੀ ਜਾ ਰਹੀ ਹੈ।

## ਪਰਿਵਾਰ 'ਤੇ ਟੁੱਟਿਆ ਦੁੱਖਾਂ ਦਾ ਪਹਾੜ, ਕ੍ਰਿਕੇਟ ਖੇਡਣ ਗਏ ਘਰ ਦੇ ਇਕਲੌਤੇ ਪੁੱਤ ਦੀ ਡੁੱਬਣ ਕਾਰਨ ਹੋਈ ਮੌਤ

ਸਰਕਾਘਾਟ 19 ਸਤੰਬਰ। ਮੰਡੀ ਜ਼ਿਲੇ ਦੇ ਉਪਮੰਡਲ ਦੇ ਸਰਕਾਘਾਟ ਚੌਕ ਬਰਾਡਤਾ ਪੰਚਾਇਤ ਦੇ ਪਿੰਡ ਜਰਲ ਦੇ 12ਵੀਂ ਜਮਾਤ ਦੇ ਵਿਦਿਆਰਥੀ ਦੀ ਰਿਸਸਾ ਖੱਡ 'ਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਵਿਦਿਆਰਥੀ ਦੀ ਪਛਾਣ ਸਾਹਿਲ (16) ਪੁੱਤਰ ਕਮਲੇਸ ਕੁਮਾਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸਾਹਿਲ ਪਿੰਡ ਦੇ ਹੋਰ ਮੁੰਡਿਆਂ ਨਾਲ ਰਿਸਸਾ ਖੱਡ ਦੇ ਕੰਢੇ ਸਥਿਤ ਮੈਦਾਨ ਵਿੱਚ ਕ੍ਰਿਕਟ ਖੇਡਣ ਗਿਆ ਸੀ। ਖੇਡਦੇ ਹੋਏ ਉਹ ਨਹਾਉਣ ਲਈ ਖੱਡ 'ਚ ਗਿਆ ਅਤੇ ਇਸ ਦੌਰਾਨ ਉਸ ਦੀ ਡੁੱਬਣ ਨਾਲ ਮੌਤ ਹੋ ਗਈ। ਪਿੰਡ ਵਾਸੀਆਂ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਸਰਕਾਘਾਟ 'ਚ ਪੋਸਟਮਾਰਟਮ ਕਰਵਾਉਣ ਤੋਂ ਬਾਅਦ



ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਸਾਹਿਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਸਾਹਿਲ ਦਾ ਪਿਤਾ ਕਮਲੇਸ ਕੁਮਾਰ ਜੋ ਕਿ ਟੈਕਸੀ ਡਰਾਈਵਰ ਸੀ, ਘਟਨਾ ਸਮੇਂ ਗੱਡੀ ਲੈ ਕੇ ਸਾਂਝ ਗਏ ਹੋਏ ਸਨ, ਜਦੋਂਕਿ ਉਸ ਦੀ ਮਾਂ ਪਿੰਡ ਦੀ ਮਹਿਲਾ ਮੰਡਲ ਦੀਆਂ ਔਰਤਾਂ ਨਾਲ ਮੰਦਰ ਗਈ ਹੋਈ ਸੀ। ਡੀ.ਐੱਸ.ਪੀ. ਸੰਜੀਵ ਗੌਤਮ ਨੇ ਮਾਮਲੇ ਦੀ ਪੁਸਟੀ ਕਰਦਿਆਂ ਕਿਹਾ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਦੋ ਟਰੱਕਾਂ ਦੀ ਜਬਰਦਸਤ ਟੱਕਰ ਤੋਂ ਬਾਅਦ ਲੱਗੀ ਅੱਗ, 5 ਲੋਕ ਜਿੰਦਾ ਸੜੇ

ਰੀਵਾ 19 ਸਤੰਬਰ। ਮੱਧ ਪ੍ਰਦੇਸ ਦੇ ਰੀਵਾ ਦੇ ਚੋਰਹਾਟਾ ਥਾਣਾ ਖੇਤਰ ਵਿੱਚ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਇਥੇ ਦੋ ਟਰੱਕਾਂ ਦੀ ਆਪਸ ਵਿੱਚ ਟੱਕਰ ਹੋ ਗਈ, ਜਿਸ ਤੋਂ ਬਾਅਦ ਭਿਆਨਕ ਅੱਗ ਲੱਗ ਗਈ। ਜਿਸ ਕਾਰਨ ਟਰੱਕਾਂ 'ਚ ਸਵਾਰ ਕਈ ਲੋਕਾਂ ਦੀ ਜਿੰਦਾ ਸੜ ਜਾਣ ਕਾਰਨ ਮੌਤ ਹੋ ਗਈ। ਹਾਦਸੇ ਤੋਂ ਬਾਅਦ ਅੰਦਰੋਂ ਦੋ ਲਾਸਾਂ ਨੂੰ ਬਾਹਰ ਕੱਢ ਲਿਆ ਗਿਆ ਹੈ। ਹਾਲਾਂਕਿ ਇਹ ਸਪੱਸਟ ਨਹੀਂ ਹੈ ਕਿ ਕਿੰਨੇ ਲੋਕਾਂ ਦੀ ਮੌਤ ਹੋਈ ਹੈ। ਜੇਕਰ ਅੰਕੜਿਆਂ ਦੀ ਮੰਨੀਏ ਤਾਂ ਚਾਰ ਤੋਂ ਪੰਜ ਲੋਕਾਂ ਦੀ ਮੌਤ ਹੋਣ ਦੀ ਗੱਲ ਕਹੀ ਜਾ ਰਹੀ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਦੇ ਉੱਚ ਅਧਿਕਾਰੀ ਅਤੇ ਪ੍ਰਸਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਲਾਸਾਂ ਨੂੰ ਟਰੱਕ 'ਚੋਂ ਬਾਹਰ ਕੱਢਿਆ। ਪੂਰਾ ਮਾਮਲਾ ਰੀਵਾ



ਜ਼ਿਲ੍ਹੇ ਦੇ ਚੋਰਹਾਟਾ ਥਾਣਾ ਖੇਤਰ ਦੇ ਦੁਆਰੀ ਬਾਈਪਾਸ ਦਾ ਹੈ। ਇੱਥੇ ਸੀਮਿੰਟ ਅਤੇ ਤੂੜੀ ਨਾਲ ਲੱਦੇ ਦੋ ਟਰੱਕਾਂ ਵਿਚਕਾਰ ਜਬਰਦਸਤ ਟੱਕਰ ਹੋ ਗਈ। ਇਸ ਕਾਰਨ ਦੋਵੇਂ ਟਰੱਕਾਂ ਨੂੰ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ 'ਚ 4 ਤੋਂ 5 ਲੋਕ ਝੁਲਸ ਗਏ ਹਨ। ਸਥਾਨਕ ਲੋਕਾਂ ਤੋਂ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਕਾਫੀ ਮੁਸੱਕਤ ਤੋਂ ਬਾਅਦ ਦੋਵਾਂ ਟਰੱਕਾਂ 'ਚ ਲੱਗੀ ਅੱਗ 'ਤੇ ਕਾਬੂ ਪਾਇਆ ਗਿਆ ਅਤੇ ਪੁਲਸ ਨੇ ਕਰੇਨ ਦੀ ਮਦਦ ਨਾਲ ਦੋਵੇਂ ਟਰੱਕਾਂ ਨੂੰ ਵੱਖ-ਵੱਖ ਕੀਤਾ। ਟਰੱਕ ਵਿੱਚ ਫਸੇ ਲੋਕਾਂ ਨੂੰ ਕੱਢਿਆ ਗਿਆ। ਫਿਲਹਾਲ ਟਰੱਕ ਵਿਚੋਂ ਦੋ ਲਾਸਾਂ ਕੱਢੀਆਂ ਗਈਆਂ ਹਨ। ਦੋਵਾਂ ਟਰੱਕਾਂ ਵਿੱਚ ਚਾਰ-ਪੰਜ ਵਿਅਕਤੀਆਂ ਦੇ ਫਸੇ ਹੋਣ ਦੀ ਸੰਭਾਵਨਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਉੱਚ ਪੁਲਸ ਅਧਿਕਾਰੀ ਅਤੇ ਜ਼ਿਲ੍ਹਾ ਕਲੈਕਟਰ ਵੀ ਮੌਕੇ 'ਤੇ ਪਹੁੰਚ ਗਏ।

## ਮੋਹਾਲੀ 'ਚ ਭਰੇ ਬਾਜਾਰ 'ਚ ਕੁੜੀ ਨੂੰ ਕਤਲ ਕਰਨ ਵਾਲੇ ਨੌਜਵਾਨ ਬਾਰੇ ਸਨਸਨੀਖੇਜ ਖੁਲਾਸਾ

ਸਮਾਰਾਲਾ 19 ਸਤੰਬਰ। ਅੱਜ ਮੋਹਾਲੀ ਵਿਖੇ ਸਿਰਫਿਰੇ ਨੌਜਵਾਨ ਨੇ ਇਕ ਕੁੜੀ ਦਾ ਬੜੇ ਹੀ ਬੇਰਹਿਮ ਤਰੀਕੇ ਨਾਲ ਤਲਵਾਰ ਨਾਲ ਕਈ ਵਾਰ ਕਰਕੇ ਕਤਲ ਕਰ ਦਿੱਤਾ। ਇਸ ਖੌਫਨਾਕ ਵਾਰਦਾਤ ਦੀ ਸੀ. ਸੀ. ਟੀ. ਵੀ. ਵੀਡੀਓ ਵੀ ਸਾਹਮਣੇ ਆਈ ਹੈ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਉਕਤ ਨੌਜਵਾਨ ਨੇ ਚਿੱਟੇ ਸ਼ਰੇਆਮ ਆਟੋ ਤੋਂ ਉਤਰੀ ਕੁੜੀ ਨੂੰ ਸੜਕ ਵਿਚਕਾਰ ਤਲਵਾਰ ਨਾਲ ਵੱਢ ਅਤੇ ਨੇੜੇ ਲੰਘਦੇ ਲੋਕ ਸਿਰਫ ਤਮਾਸ਼ਾ ਹੀ ਦੇਖਦੇ ਰਹੇ। ਵਾਰਦਾਤ ਤੋਂ ਬਾਅਦ ਤੁਰੰਤ ਹਰਕਤ ਵਿਚ ਆਈ ਮੋਹਾਲੀ ਪੁਲਸ ਨੇ ਕਾਤਲ ਸੁਖਚੈਨ ਨੂੰ ਗ੍ਰਿਫਤਾਰ ਕਰ ਲਿਆ ਹੈ। ਸੁਖਚੈਨ ਜੋ ਕਿ ਸਮਰਾਲਾ ਦੇ ਨਜਦੀਕੀ ਪਿੰਡ ਖੀਰਨੀਆਂ ਦਾ ਰਹਿਣ ਵਾਲਾ ਹੈ। ਸੁਖਚੈਨ ਕਬੱਡੀ ਦਾ ਵਧੀਆ ਖਿਡਾਰੀ ਸੀ ਅਤੇ ਪਿਛਲੇ ਤਿੰਨ ਮਹੀਨਿਆਂ ਤੋਂ ਪੈਟਰੋਲ ਪੰਪ 'ਤੇ ਕੰਮ ਕਰਦਾ ਸੀ। ਹਫਤਾ ਪਹਿਲਾਂ ਹੀ ਉਸ ਨੇ ਪੈਟਰੋਲ ਪੰਪ ਤੋਂ ਕੰਮ ਛੱਡਿਆ ਸੀ। ਇਹ ਵੀ ਪਤਾ ਲੱਗਾ ਹੈ ਕਿ ਕਥਿਤ ਦੋਸੀ ਸੁਖਚੈਨ ਅਤੇ ਮ੍ਰਿਤਕ ਲੜਕੀ ਦਾ ਆਪਸ ਵਿਚ ਪ੍ਰੇਮ ਸਬੰਧ ਸਨ। ਸੁਖਚੈਨ ਦੀ ਮਾਤਾ ਨੇ ਦੱਸਿਆ ਕਿ ਮ੍ਰਿਤਕ ਲੜਕੀ ਕਈ ਵਾਰ ਉਨ੍ਹਾਂ ਦੇ ਘਰ ਵੀ ਆ ਚੁੱਕੀ ਹੈ ਅਤੇ ਸੁਖਚੈਨ ਅੱਜ ਸਵੇਰੇ 6 ਵਜੇ ਹੀ ਘਰੋਂ ਬਾਹਰ ਗਿਆ ਸੀ ਅਤੇ ਉਸਨੇ ਲੜਕੀ ਦਾ ਕਤਲ



ਕਿਉਂ ਕੀਤਾ ਹੈ, ਇਸ ਬਾਰੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਹੈ। ਦੋਸੀ ਸੁਖਚੈਨ ਸਿੰਘ ਦੀ ਮਾਤਾ ਨੇ ਦੱਸਿਆ ਕਿ ਦੋਵਾਂ ਵਿਚਾਲੇ ਪ੍ਰੇਮ ਸੰਬੰਧ ਸਨ ਅਤੇ ਦੋਵਾਂ ਦਾ ਕਦੇ ਝਗੜਾ ਵੀ ਨਹੀਂ ਹੋਇਆ ਸੀ। ਮੇਰਾ ਲੜਕਾ ਸੁਖਚੈਨ ਸਿੰਘ ਕਬੱਡੀ ਦਾ ਵਧੀਆ ਖਿਡਾਰੀ ਸੀ ਅਤੇ ਪਿੰਡ ਵਿਚ ਉਸ ਦਾ ਕਾਫੀ ਨਾਮ ਸੀ। ਦੋਸੀ ਦੀ ਮਾਂ ਨੇ ਇਹ ਵੀ ਆਖਿਆ ਕਿ ਜੋ ਇਸ ਨੇ ਇਸ ਘਨੌਣੀ ਘਟਨਾ ਨੂੰ ਅੰਜਾਮ ਦਿੱਤਾ ਹੈ, ਉਹ ਬਹੁਤ ਹੀ ਗਲਤ ਹੈ, ਇਸ ਦੀ ਸਜਾ ਪਰਮਾਤਮਾ ਉਸ ਨੂੰ ਜਰੂਰ ਦੇਵੇਗਾ। ਸੁਖਚੈਨ ਸਿੰਘ ਦੇ ਪਿੰਡ ਖੀਰਨੀਆਂ ਜਾ ਕੇ ਪਤਾ ਕੀਤਾ ਗਿਆ ਤਾਂ ਪਿੰਡ ਦੇ ਸਾਬਕਾ ਸਰਪੰਚ ਰਣਜੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਕਬੱਡੀ ਪਲੇਅਰ ਸੀ ਅਤੇ ਪਿੰਡ ਵਿਚ ਵੀ ਉਸ ਦਾ ਸੁਭਾਅ ਬੜਾ ਨਿੰਘਾ ਤੇ ਸਾਊ ਸੀ। ਘਰ ਵਿਚ ਚਾਰ ਭੈਣਾਂ ਅਤੇ ਤਿੰਨ ਭਾਈ ਹਨ। ਸੁਖਚੈਨ ਅਜੇ ਕਵਾਰਾ ਹੈ ਅਤੇ ਕੁਝ ਸਮਾਂ ਪਹਿਲਾਂ ਹੀ ਪੈਟਰੋਲ ਪੰਪ 'ਤੇ ਕੰਮ ਕਰਨ ਲੱਗਾ ਸੀ। ਜੋ ਉਸ ਨੇ ਮੋਹਾਲੀ ਵਿਖੇ ਇਹ ਕਾਰਾ ਕੀਤਾ ਇਹ ਸਮਝ ਤੋਂ ਬਾਹਰ ਹੈ। ਪਿੰਡ ਦੇ ਹੀ ਗੁਰਮੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਦਾ ਪ੍ਰੇਮ ਸਬੰਧ ਕਿਸੇ ਕੁੜੀ ਨਾਲ ਚੱਲ ਰਹੇ ਸਨ ਕੁੜੀ ਵੱਲੋਂ ਕੁਝ ਸਮਾਂ ਪਹਿਲਾਂ ਸੁਖਚੈਨ ਦੀ ਕਟਾਪਾ ਵੀ ਕਰਵਾਇਆ ਗਿਆ ਜਿਸ ਵਿਚ ਉਸ ਦੀ ਲੱਤ ਟੁੱਟ ਗਈ ਅਤੇ ਉਹ ਕੁਝ ਸਮਾਂ ਘਰ ਬੈਠਾ ਰਿਹਾ ਪਰ ਜੋ ਉਸ ਨੇ ਮੋਹਾਲੀ ਵਿਖੇ ਇਹ ਕੰਮ ਕੀਤਾ ਹੈ ਬਹੁਤ ਨਿੰਦਣਯੋਗ ਹੈ।

## ਪੰਜਾਬ 'ਚ ਵੱਡਾ ਪ੍ਰਸ਼ਾਸਨਿਕ ਫੇਰਬਦਲ ! ਜਲੰਧਰ-ਲੁਧਿਆਣਾ ਦੇ ਪੁਲਸ ਕਮਿਸ਼ਨਰਾਂ ਸਣੇ 9 ਅਫਸਰਾਂ ਦੇ ਤਬਾਦਲੇ

ਲੁਧਿਆਣਾ 19 ਸਤੰਬਰ। ਲੋਕ ਸਭਾ ਚੋਣਾਂ ਮੁਕੰਮਲ ਹੁੰਦੇ ਸਾਰ ਪੰਜਾਬ ਵਿਚ ਵੱਡਾ ਪ੍ਰਸ਼ਾਸਨਿਕ ਫੇਰਬਦਲ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਜਲੰਧਰ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰਾਂ ਸਮੇਤ ਕੁੱਲ 9 ਅਫਸਰਾਂ ਦੇ ਤਬਾਦਲੇ ਕੀਤੇ ਗਏ ਹਨ। ਇਨ੍ਹਾਂ ਵਿਚ 8 ਆਈ.ਪੀ.ਐੱਸ. ਅਤੇ 1 ਪੀ.ਪੀ.ਐੱਸ. ਅਫਸਰ ਸ਼ਾਮਲ ਹਨ। ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਭੁੱਲਰ ਨੂੰ ਡੀ.ਜੀ.ਪੀ. ਆਫਿਸ ਰਿਪੋਰਟ ਕਰਨ ਦੀ ਹਦਾਇਤ ਕੀਤੀ ਗਈ ਹੈ, ਉਨ੍ਹਾਂ ਦੀ ਪੋਸਟਿੰਗ ਬਾਰੇ ਵੱਖਰੇ ਤੌਰ 'ਤੇ ਹੁਕਮ ਜਾਰੀ ਕੀਤੇ ਜਾਣਗੇ। ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਕੁਲਦੀਪ ਸਿੰਘ ਚਾਹਲ ਨੂੰ ਲੁਧਿਆਣਾ ਦਾ ਪੁਲਸ ਕਮਿਸ਼ਨਰ ਅਤੇ ਸਵਪਨ ਸ਼ਰਮਾ ਨੂੰ ਜਲੰਧਰ ਦਾ ਪੁਲਸ ਕਮਿਸ਼ਨਰ ਲਗਾਇਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਬਦਲੇ ਗਏ ਅਫਸਰਾਂ ਦੀ ਸੂਚੀ ਹੇਠਾਂ ਮੁਤਾਬਕ ਹੈ

## ਮਾਮੇ ਦੇ ਘਰ 'ਚ 15 ਸਾਲਾ ਕੁੜੀ ਦਾ ਬੇਰਹਿਮੀ ਨਾਲ ਕਤਲ ! ਤੇਜਧਾਰ ਹਥਿਆਰਾਂ ਨਾਲ ਵੱਢਿਆ

ਪਠਾਨਕੋਟ 19 ਸਤੰਬਰ। ਪਠਾਨਕੋਟ 'ਚ ਪੈਂਦੇ ਡਮਟਾਲ 'ਚ ਅੱਜ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ 15 ਸਾਲਾ ਕੁੜੀ ਦਾ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ। ਜਾਣਕਾਰੀ ਦਿੰਦੇ ਹੋਏ ਏ. ਐੱਸ. ਪੀ. ਧਰਮ ਚੰਦ ਵਰਮਾ ਨੇ ਦੱਸਿਆ ਕਿ ਥਾਣਾ ਡਮਟਾਲ 'ਚ ਸਵੇਰੇ ਕਰੀਬ 9 ਵਜੇ ਭਦਰੋਆ ਦੇ ਪ੍ਰਧਾਨ ਦਾ ਫੋਨ ਆਇਆ ਸੀ ਕਿ ਇੱਥੇ ਪਿੰਡ ਭਦਰੋਆ ਵਿਚ ਇਕ ਨਬਾਲਿਗ ਕੁੜੀ ਦਾ ਕਤਲ ਕਰ ਦਿੱਤਾ ਗਿਆ ਹੈ, ਜਿਸ ਕਾਰਨ ਥਾਣਾ ਡਮਟਾਲ ਦੇ ਪੁਲਸ ਮੁਖੀ ਦੇਵਰਾਜ ਸ਼ਰਮਾ ਆਪਣੀ ਟੀਮ ਸਮੇਤ ਪੁੱਜੇ ਅਤੇ ਤੱਥਾਂ ਨੂੰ ਜੁਟਾਉਣ ਦਾ ਯਤਨ ਕੀਤਾ। ਉਨ੍ਹਾਂ ਦੱਸਿਆ ਕਿ ਨਾਬਾਲਿਗ ਕੁੜੀ, ਜੋ ਝੁੱਗੀਆਂ ਵਿਚ ਰਹਿੰਦੀ ਹੈ, ਦੇ ਮਾਪੇ ਰਾਜਸਥਾਨ ਗਏ ਹੋਏ ਸਨ। ਉਹ ਆਪਣੇ ਮਾਮੇ ਮਹਿੰਦਰ ਕੋਲ ਰਹਿੰਦੀ ਸੀ। ਜਦੋਂ ਉਸ ਦਾ ਮਾਮਾ ਨਹਾਉਣ ਲਈ ਗਿਆ ਤਾਂ ਉਸ ਨੂੰ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੀ ਭਾਣਜੀ ਦਾ ਕਿਸੇ ਨੇ ਕਤਲ ਕਰ ਦਿੱਤਾ ਹੈ ਅਤੇ ਮੌਕੇ 'ਤੇ ਮੋਹਨ (40) ਪੁੱਤਰ ਰਾਮਦਾਸ ਜੋ ਕਿ ਬਿਹਾਰ ਦਾ ਰਹਿਣ ਵਾਲਾ ਹੈ, ਹੱਥ 'ਚ ਦਾਤ ਲੈ ਕੇ ਬਾਹਰ ਜਾ ਰਿਹਾ ਹੈ। ਜਦੋਂ ਉਨ੍ਹਾਂ ਕਮਰੇ ਦੇ ਅੰਦਰ ਦੇਖਿਆ ਤਾਂ ਉਸ ਦੀ ਭਾਣਜੀ ਦੀ ਲਾਸ਼ ਖੂਨ ਨਾਲ ਲਥਪਥ ਬੈੱਡ 'ਤੇ ਪਈ ਹੋਈ ਸੀ। ਹਸਪਤਾਲ ਪਹੁੰਚਣ ਤੱਕ ਉਹ ਦਮ ਤੋੜ ਚੁੱਕੀ ਸੀ।

## ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ ਠੱਗੀ

ਫਿਰੋਜ਼ਪੁਰ 19 ਸਤੰਬਰ। ਇਕ ਨੌਜਵਾਨ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਮਖੂ ਦੀ ਪੁਲਸ ਨੇ ਸ਼ਿਕਾਇਤਕਰਤਾ ਸੁਖਦੇਵ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਪਿੰਡ ਜੋਗੇਵਾਲਾ ਵੱਲੋਂ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਸੁਖਚੈਨ ਸਿੰਘ ਵਾਸੀ ਪਹਿਲਵਾਨ ਕੇ ਭਿੱਖੀਵਿੰਡ, ਜੋਗਾ ਸਿੰਘ, ਦਵਿੰਦਰ ਸਿੰਘ, ਗੁਰਨਾਇਬ ਸਿੰਘ ਅਤੇ 4 ਹੋਰ ਨਾਮਜ਼ਦ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਪੁਲਸ ਅਧਿਕਾਰੀਆਂ ਨੂੰ ਦਿੱਤੀ ਲਿਖਤੀ ਸ਼ਿਕਾਇਤ ਅਤੇ ਬਿਆਨਾਂ ਵਿੱਚ ਦੱਸਿਆ ਕਿ ਉਸਦੇ ਪੁੱਤਰ ਲਵਪ੍ਰੀਤ ਸਿੰਘ ਨੂੰ ਨਾਮਜ਼ਦ ਵਿਅਕਤੀਆਂ ਨੇ ਵਿਦੇਸ਼ ਭੇਜਣ ਦੇ ਬਹਾਨੇ ਠੱਗੀ ਮਾਰੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਜਾਂਚ ਤੋਂ ਬਾਅਦ ਇਹ ਮਾਮਲਾ ਦਰਜ ਕੀਤਾ ਗਿਆ ਹੈ।

## ਚਿੱਟੇ ਨਾਲ ਨੌਜਵਾਨ ਦੀ ਮੌਤ ਤੋਂ ਬਾਅਦ ਪੁਲਸ ਨੇ ਦੋ ਸਮੱਗਲਰ ਭਰਾਵਾਂ ਵਿਰੁੱਧ ਮਾਮਲਾ ਕੀਤਾ ਦਰਜ

ਮਲੋਟ 19 ਸਤੰਬਰ। ਥਾਣਾ ਸਦਰ ਮਲੋਟ ਦੇ ਪਿੰਡ ਸੇਰਗੜ੍ਹ ਗਿਆਨ ਸਿੰਘ ਵਾਲਾ ਵਿਖੇ 23 ਸਾਲਾ ਦੇ ਨੌਜਵਾਨ ਦੀ ਨਸੇ ਦੀ ਓਵਰਡੋਜ ਨਾਲ ਮੌਤ ਹੋ ਜਾਣ ਤੋਂ ਬਾਅਦ ਸਦਰ ਮਲੋਟ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਨਸ਼ੇ ਦੀ ਵਿਕਰੀ ਦੇ ਧੰਦੇ ਨਾਲ ਜੁੜੇ ਦੋ ਭਰਾਵਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਇਕ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕੱਲ੍ਹ ਪਿੰਡ ਸ਼ੇਰਗੜ੍ਹ ਵਿਖੇ 23 ਸਾਲਾ ਜਗਮੀਤ ਸਿੰਘ ਦੀ ਮੌਤ ਹੋ ਗਈ। ਇਸ ਮਾਮਲੇ 'ਤੇ ਪਿੰਡ ਵਾਸੀਆਂ ਵਿਚ ਭਾਰੀ ਗੁੱਸੇ ਵਿਚ ਹਨ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਸ਼ੇਰਗੜ੍ਹ ਵਿਖੇ ਦੋ ਭਰਾ ਲਗਾਤਾਰ ਚਿੱਟੇ ਦਾ ਧੰਦਾ ਕਰਦੇ ਹਨ ਅਤੇ ਇਸ ਨਾਲ ਪਿਛਲੇ ਸਮੇਂ ਵਿਚ 3 ਨੌਜਵਾਨਾਂ ਦੀਆਂ ਮੌਤਾਂ ਹੋ ਗਈਆਂ ਹਨ। ਇਸ ਸਬੰਧੀ ਮ੍ਰਿਤਕ ਦੇ ਪਿਤਾ ਸੁਰਜੀਤ ਸਿੰਘ ਨੇ ਪੁਲਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦਾ ਲੜਕਾ ਜਗਮੀਤ ਸਿੰਘ ਚਿੱਟੇ ਦੇ ਨਸੇ ਦਾ ਆਦੀ ਸੀ। ਪਿੰਡ ਵਿਚ ਪ੍ਰੇਮ ਰਾਮ ਪੁੱਤਰ ਬਹਾਦਰ ਰਾਮ ਅਤੇ ਉਸਦਾ ਭਰਾ ਬੂਟਾ ਰਾਮ ਚਿੱਟੇ ਦਾ ਨਸੇ ਵੇਚਣ ਦਾ ਕੰਮ ਕਰਦੇ ਹੈ। ਪਿੰਡ ਦੇ ਦਰਜਨਾਂ ਨੌਜਵਾਨ ਸ਼ਮਸ਼ਾਨਘਾਟ ਵਿਚ ਬੈਠ ਕੇ ਨਸੇ ਦਾ ਸੇਵਨ ਕਰਦੇ ਹਨ। ਜੇ



ਕੋਈ ਸਧਾਰਨ ਵਿਅਕਤੀ ਉਸ ਪਾਸੇ ਚਲਾ ਵੀ ਜਾਵੇ ਤਾਂ ਉਸਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਕੱਲ ਉਹ ਪਰਵਿੰਦਰ ਸਿੰਘ ਸੀਪਾ ਅਤੇ ਜਸਵੰਤ ਸਿੰਘ ਮੋਟਰਸਾਈਕਲ 'ਤੇ ਬੈਠ ਕੇ ਗਿਆ ਅਤੇ ਵਾਪਸ ਘਰ ਨਹੀਂ ਆਇਆ। ਮ੍ਰਿਤਕ ਦੇ ਭਰਾ ਜਸਮੇਲ ਸਿੰਘ ਨੇ ਜਾ ਕੇ ਵੇਖਿਆ ਤਾਂ ਉਹ ਸਰਿੰਜ ਲਗਾ ਕੇ ਮਰਿਆ ਪਿਆ ਸੀ। ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਉਸਦਾ ਲੜਕਾ ਪ੍ਰੇਮ ਰਾਮ ਅਤੇ ਬੂਟਾ ਰਾਮ ਤੋਂ ਨਸਾ ਲੈ ਕੇ ਆਇਆ ਸੀ ਜਿਸ ਤੋਂ ਬਾਅਦ ਉਸਦੀ ਮੌਤ ਹੋ ਗਈ। ਜਸਮੇਲ ਨੇ ਕਿਹਾ ਕਿ ਪ੍ਰੇਮ ਤੇ ਉਸਦੇ ਭਰਾ ਬੂਟੇ ਕਾਰਨ ਪਿੰਡ ਦੇ ਦਰਜਨ ਭਰ ਨੌਜਵਾਨ ਚਿੱਟੇ ਦੀ ਲਪੇਟ ਵਿਚ ਹਨ। ਇਸ ਮਾਮਲੇ 'ਤੇ ਸਦਰ ਮਲੋਟ ਪੁਲਸ ਨੇ ਉਕਤ ਬਿਆਨਾਂ ਦੇ ਆਧਾਰ 'ਤੇ ਪ੍ਰੇਮ ਰਾਮ ਪੁੱਤਰ ਬਹਾਦਰ ਰਾਮ ਅਤੇ ਉਸਦੇ ਭਰਾ ਬੂਟਾ ਰਾਮ ਵਾਸੀਅਨ ਸ਼ੇਰਗੜ੍ਹ ਵਿਰੁੱਧ ਧਾਰਾ 304 ਅਤੇ 34 ਆਈਪੀਸੀ ਦੇ ਤਹਿਤ ਮੁਕੱਦਮਾ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਹੈ।

## ਮਖੂ 'ਚ ਦਿਨ-ਦਿਹਾੜੇ ਹੋਈ ਵੱਡੀ ਵਾਰਦਾਤ

ਮਖੂ 19 ਸਤੰਬਰ। ਫਿਰੋਜਪੁਰ ਜ਼ਿਲ੍ਹੇ ਦੇ ਬਲਾਕ ਮਖੂ ਅਧੀਨ ਪੈਂਦੇ ਪਿੰਡ ਦੇ ਪਿੰਡ ਸੂਦਾਂ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ 20 ਸਾਲਾ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਬੇਅੰਤ ਸਿੰਘ ਉਰਫ ਬੱਲੀ ਪੁੱਤਰ ਬਲਵਿੰਦਰ ਸਿੰਘ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਬੇਅੰਤ ਸਿੰਘ ਦੀ ਮਖੂ ਤੋਂ ਫੇਮੀ ਵਾਲੇ ਵੱਲ ਜਾਂਦੇ ਰੋਡ 'ਤੇ ਗੁਰਦੁਆਰਾ ਸਾਹਿਬ ਦੇ ਗੇਟ ਦੇ ਸਾਹਮਣੇ ਕੁਝ ਨੌਜਵਾਨਾਂ ਨਾਲ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ। ਇਸ ਬਹਿਸਬਾਜੀ ਨੇ ਫਿਰ ਲੜਾਈ ਦਾ ਰੂਪ ਧਾਰਨ ਕਰ ਲਿਆ ਤੇ ਉਨ੍ਹਾਂ 'ਚੋਂ ਇੱਕ ਨੌਜਵਾਨ ਨੇ ਬੇਅੰਤ ਸਿੰਘ ਨੂੰ ਗੋਲੀ ਮਾਰ ਦਿੱਤੀ। ਗੋਲੀ ਮਾਰਨ ਤੋਂ ਬਾਅਦ ਨੌਜਵਾਨ ਮੌਕੇ ਤੋਂ ਫਰਾਰ ਹੋ ਗਏ, ਜਦਕਿ ਬੇਅੰਤ ਸਿੰਘ ਦੀ ਗਰਦਨ 'ਤੇ ਲੱਗੀ ਗੋਲੀ ਕਾਰਨ ਉਹ ਗੰਭੀਰ ਰੂਪ 'ਚ ਜਖਮੀ ਹੋ ਗਿਆ। ਉਸ ਨੂੰ ਇਸ ਹਾਲਾਤ 'ਚ ਹਸਪਤਾਲ ਲਿਜਾਇਆ ਗਿਆ, ਪਰ ਰਸਤੇ 'ਚ ਹੀ ਉਸ ਨੇ ਦਮ ਤੋੜ ਦਿੱਤਾ ਤੇ ਉਸ ਦੀ ਮੌਤ ਹੋ ਗਈ। ਪੁਲਸ ਨੇ ਇਸ ਮਾਮਲੇ 'ਚ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤੇ ਲਾਸ ਆਪਣੇ ਕਬਜੇ ਵਿੱਚ ਲੈ ਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਕਪੂਰਥਲਾ ਜੇਲ੍ਹ 'ਚ ਚੈਕਿੰਗ ਦੌਰਾਨ ਮੋਬਾਇਲ ਤੇ ਹੋਰ ਸਾਮਾਨ ਬਰਾਮਦ

ਕਪੂਰਥਲਾ 19 ਸਤੰਬਰ। ਕੇਂਦਰੀ ਜੇਲ੍ਹ ਜਲੰਧਰ ਅਤੇ ਕਪੂਰਥਲਾ ਵਿਖੇ ਚਲਾਈ ਗਈ ਵਿਸ਼ੇਸ਼ ਚੈਕਿੰਗ ਮੁਹਿੰਮ ਦੌਰਾਨ ਵੱਖ-ਵੱਖ ਬੈਰਕਾਂ ਦੀ ਤਲਾਸ਼ੀ ਦੌਰਾਨ ਮੋਬਾਇਲ ਫੋਨ, ਹੈਡਫੋਨ, ਬੈਟਰੀਆਂ ਅਤੇ ਹੋਰ ਸਮਾਨ ਬਰਾਮਦ ਕਰਕੇ 5 ਹਵਾਲਾਤੀਆਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ। ਜੇਲ੍ਹ ਪ੍ਰਸਾਸਨ ਦੀ ਸ਼ਿਕਾਇਤ 'ਤੇ ਥਾਣਾ ਕੋਤਵਾਲੀ ਕਪੂਰਥਲਾ ਵਿਖੇ ਸਾਰੇ ਹਵਾਲਾਤੀਆਂ ਖ਼ਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏ. ਡੀ. ਜੀ. ਪੀ. ਦੇ ਹੁਕਮਾਂ 'ਤੇ ਸੂਬੇ ਭਰ ਦੀਆਂ ਜੇਲ੍ਹਾਂ 'ਚ ਚਲਾਈ ਜਾ ਰਹੀ ਵਿਸ਼ੇਸ਼ ਚੈਕਿੰਗ ਮੁਹਿੰਮ ਦੌਰਾਨ ਕੇਂਦਰੀ ਜੇਲ੍ਹ ਜਲੰਧਰ ਅਤੇ ਕਪੂਰਥਲਾ ਵਿਚ ਜੇਲ੍ਹ ਪੁਲਸ ਅਤੇ ਸੀ. ਆਰ. ਪੀ. ਐੱਫ. ਪੁਲਸ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ ਵੱਖ-ਵੱਖ ਬੈਰਕਾਂ ਅਤੇ ਜੇਲ੍ਹ 'ਚ ਬੰਦ ਕੈਦੀਆਂ ਅਤੇ ਹਵਾਲਾਤੀਆਂ ਦੇ ਸਮਾਨ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਵਿਜੈਪਾਲ ਵਾਸੀ ਪੱਟੀ ਗੁਰਮੁਖਾ ਖਡੂਰ ਸਾਹਿਬ ਤੇ ਹਵਾਲਾਤੀ ਸੰਦੀਪ ਕੁਮਾਰ ਵਾਸੀ ਪਿੰਡ ਗੁਰੇ




ਜੇਲ੍ਹ 'ਚ ਬੰਦ ਹਵਾਲਾਤੀ ਤਰਸੇਮ ਸਿੰਘ ਵਾਸੀ ਕਿੱਕਰ ਪੀਰਾਂ ਵਾਲੀ, ਜਸਵੰਤ ਸਿੰਘ ਵਾਸੀ ਤਰਨਤਾਰਨ, ਹਵਾਲਾਤੀ ਜਤਿੰਦਰ ਕੁਮਾਰ ਵਾਸੀ ਵਿਜੈ ਕਲੋਨੀ ਜਲੰਧਰ, ਹਵਾਲਾਤੀ ਜਲੰਧਰ ਦੇ ਕਬਜੇ ਵਿਚੋਂ ਕੁੱਲ 5 ਮੋਬਾਇਲ, ਸਿਮ ਸਮੇਤ ਪਾਬੰਦੀਸ਼ੁਦਾ ਸਮੱਗਰੀ ਬਰਾਮਦ ਕੀਤੀ ਗਈ। ਪੰਜੇ ਮੁਲਜਮਾਂ ਖਿਲਾਫ ਥਾਣਾ ਕੋਤਵਾਲੀ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਨ੍ਹਾਂ ਨੂੰ ਜਲਦੀ ਹੀ ਪੁੱਛਗਿੱਛ ਲਈ ਪ੍ਰੋਡਕਸ਼ਨ ਵਾਰੰਟ 'ਤੇ ਥਾਣਾ ਕੋਤਵਾਲੀ ਲਿਆਂਦਾ ਜਾਵੇਗਾ।

## ਮੁਕਤਸਰ 'ਚ ਚੱਲਦੇ ਟ੍ਰੈਕਟਰ 'ਤੇ ਡਿੱਗੀ ਅਸਮਾਨੀ ਬਿਜਲੀ ਕਾਰਣ ਵਾਪਰਿਆ ਵੱਡਾ ਹਾਦਸਾ

ਸ੍ਰੀ ਮੁਕਤਸਰ ਸਾਹਿਬ 19 ਸਤੰਬਰ। ਸ੍ਰੀ ਮੁਕਤਸਰ ਸਾਹਿਬ ਦੇ ਗਿੱਦੜਬਾਹਾ ਵਿਖੇ ਅਸਮਾਨੀ ਬਿਜਲੀ ਡਿੱਗਣ ਕਾਰਨ ਇਕ ਦੀ ਮੌਤ ਹੋ ਗਈ ਜਦਕਿ ਸੱਤ ਲੋਕ ਜਖਮੀ ਹੋ ਗਏ। ਜਖਮੀਆਂ ਨੂੰ ਵੱਖ-ਵੱਖ ਹਸਪਤਾਲਾਂ 'ਚ ਰੈਫਰ ਕੀਤਾ ਗਿਆ ਹੈ। ਇਹ ਘਟਨਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਹਲਕਾ ਗਿੱਦੜਬਾਹਾ ਦੇ ਪਿੰਡ ਦੋਲਾ ਕੋਲ ਦੀ ਹੈ, ਜਿੱਥੇ ਇਕ ਟਰੈਕਟਰ ਚਾਲਕ ਉਪਰ ਅਸਮਾਨੀ ਬਿਜਲੀ ਡਿੱਗ ਗਈ, ਜਿਸ ਨਾਲ ਟਰੈਕਟਰ ਚਲਾਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬਿਜਲੀ ਡਿੱਗਣ ਨਾਲ ਟਰੈਕਟਰ ਦਾ ਸੰਤੁਲਨ ਵਿਗੜ ਗਿਆ ਅਤੇ ਪਿੱਛੇ ਤੋਂ ਆਉਂਦੀਆਂ ਦੋ ਗੱਡੀਆਂ ਉਸ ਨਾਲ ਟਕਰਾ ਗਈਆ ਜਿਸ ਵਿਚ 7 ਦੇ ਕਰੀਬ ਲੋਕ ਜਖਮੀ ਹੋ ਗਏ। ਹਾਦਸੇ ਵਿਚ ਜਖਮੀਆਂ 'ਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜਿਸਨੂੰ ਬਠਿੰਡਾ ਰੈਫਰ ਕਰ ਦਿੱਤਾ ਗਿਆ। ਬਾਕੀ ਜਖਮੀਆਂ ਦਾ ਇਲਾਜ ਗਿੱਦੜਬਾਹਾ ਦੇ ਪ੍ਰਾਈਵੇਟ ਹਸਪਤਾਲ ਵਿਚ ਚੱਲ ਰਿਹਾ ਹੈ। ਜਿਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਅਸਮਾਨੀ ਬਿਜਲੀ ਡਿੱਗਣ ਕਾਰਨ ਜਿਸ ਟਰੈਕਟਰ ਚਾਲਕ ਦੀ ਮੌਤ ਹੋਈ ਹੈ ਉਸਦੀ ਪਹਿਚਾਣ ਬਿੰਦਰ ਸਿੰਘ ਪਿੰਡ ਦੌਲਾ ਉਮਰ 50 ਸਾਲ ਵਜੋਂ ਹੋਈ ਹੈ।

## ਭੈਣ ਦੇ ਪਿੰਡ ਕਬੂਤਰਬਾਜੀ ਵੇਖਣ ਗਏ ਭਰਾ ਦੀ ਖੇਤਾਂ 'ਚੋਂ ਖੂਨ ਨਾਲ ਲਥਪਥ ਮਿਲੀ ਲਾਸ਼, ਮਚਿਆ ਚੀਕ-ਚਿਹਾੜਾ

ਗੋਰਾਇਆ 19 ਸਤੰਬਰ। ਨੂਰਮਹਿਲ ਤੋਂ ਆਪਣੀ ਭੈਣ ਦੇ ਪਿੰਡ ਗੋਰਾਇਆ ਨੇੜਲੇ ਪਿੰਡ ਧੁਲੇਤਾ ਵਿਖੇ ਕਬੂਤਰਬਾਜੀ ਮੁਕਾਬਲੇ 'ਚ ਹਿੱਸਾ ਲੈਣ ਆਏ ਭਰਾ ਦੀ ਲਾਸ 24 ਘੰਟਿਆਂ ਬਾਅਦ ਪਿੰਡ ਦੇ ਹੀ ਖੇਤਾਂ 'ਚੋਂ ਮਿਲਣ ਤੋਂ ਬਾਅਦ ਪੂਰੇ ਪਿੰਡ 'ਚ ਸਨਸਨੀ ਫੈਲ ਗਈ। ਪਿੰਡ ਵਾਸੀਆਂ ਅਤੇ ਪਰਿਵਾਰਕ ਮੈਂਬਰਾਂ 'ਚ ਪੁਲਸ ਪ੍ਰਸਾਸਨ ਖਿਲਾਫ ਗੁੱਸਾ ਵੇਖਣ ਨੂੰ ਮਿਲਿਆ, ਜਿਨ੍ਹਾਂ ਪੁਲਸ ਪ੍ਰਸਾਸਨ ਖ਼ਿਲਾਫ ਨਾਅਰੇਬਾਜੀ ਕਰਦੇ ਹੋਏ ਰੋਸ ਪ੍ਰਦਰਸਨ ਕੀਤਾ। ਇਸ ਸਬੰਧੀ ਵਿਜੇ ਕੁਮਾਰ ਨੇ ਦੱਸਿਆ ਉਸ ਦਾ ਸਾਲਾ ਦਿਨੇਸ (42), ਜਿਸ ਦੇ 3 ਬੱਚੇ ਹਨ, ਜੋ ਟਰਾਂਸਪੋਰਟ ਦੇ ਕੰਮ ਦੇ ਨਾਲ-ਨਾਲ ਭਲਵਾਨੀ ਵੀ ਕਰਦਾ ਸੀ, ਜੋ ਵੀਰਵਾਰ ਤੜਕੇ 5 ਵਜੇ ਨੂਰਮਹਿਲ ਤੋਂ ਆਪਣੀ ਭੈਣ ਦੇ ਪਿੰਡ ਧੁਲੇਤਾ 'ਚ ਕਬੂਤਰਬਾਜੀ ਦੇ ਮੁਕਾਬਲੇ 'ਚ ਆਇਆ ਸੀ, ਜੋ ਸਾਮ ਨੂੰ ਵਾਪਸ ਨਾ ਤਾਂ ਆਪਣੇ ਘਰ ਨੂਰਮਹਿਲ ਪਰਤਿਆ ਨਾ ਹੀ ਆਪਣੀ ਭੈਣ ਦੇ ਘਰ ਪਿੰਡ ਆਇਆ, ਜਿਸ ਦੀ ਸ਼ਿਕਾਇਤ ਉਹ ਧੁਲੇਤਾ ਚੌਕੀ 'ਚ ਲਿਖਵਾਉਣ ਲਈ ਦੇਰ ਰਾਤ ਗਏ ਸਨ ਪਰ ਪੁਲਸ ਨੇ ਸ਼ਿਕਾਇਤ ਨਹੀਂ ਲਿਖੀ। ਸੁੱਕਰਵਾਰ ਸਵੇਰੇ ਉਹ ਦੋਬਾਰਾ ਚੌਂਕੀ 'ਚ ਸ਼ਿਕਾਇਤ ਲਿਖਵਾ ਕੇ ਆਏ, ਜਿਸ ਤੋਂ ਬਾਅਦ ਪੁਲਸ ਨੇ ਕਿਹਾ ਕਿ ਉਹ ਆਪਣੇ ਪੱਧਰ 'ਤੇ ਵੀ ਦਿਨੇਸ਼ ਦੀ ਭਾਲ ਕਰਨਗੇ। ਪੁਲਸ ਵੀ ਦਿਨੇਸ ਦੀ ਭਾਲ ਕਰਦੀ ਹੈ ਪਰ ਕਾਫੀ ਸਮਾਂ ਭਾਲ ਕਰਨ ਤੋਂ ਬਾਅਦ ਦਿਨੇਸ ਦਾ ਕੁਝ ਪਤਾ ਨਹੀਂ ਲੱਗਾ ਤਾਂ ਪਿੰਡ 'ਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਦੀ ਜਾਂਚ ਕੀਤੀ ਗਈ। ਇਸ 'ਚ ਵੇਖਿਆ ਗਿਆ ਕਿ ਦਿਨੇਸ ਪਿੰਡ ਦੇ ਹੀ ਇਕ ਨਸਾ ਸਮੱਗਲਰ ਦੇ ਪਿੱਛੇ ਬੈਠਾ ਵੇਖਿਆ ਗਿਆ, ਜੋ ਉਸ ਨੂੰ ਲੈ ਕੇ ਜਾ ਰਿਹਾ ਸੀ, ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਕਿਹਾ ਕਿ ਉਸ ਨਸਾ ਸਮੱਗਲਰ ਨੂੰ ਫੜਿਆ ਜਾਵੇ, ਜਿਸ ਤੋਂ ਕੁਝ ਪਤਾ ਲੱਗ ਸਕਦਾ ਹੈ ਪਰ ਦੇਰ ਸਾਮ ਪਿੰਡ ਦੇ ਖੇਤਾਂ 'ਚੋਂ ਦਿਨੇਸ ਦੀ ਖੂਨ ਨਾਲ ਲੱਥਪੱਥ



ਹਾਲਤ 'ਚ ਲਾਸ ਬਰਾਮਦ ਹੋਣ ਤੋਂ ਬਾਅਦ ਪਿੰਡ ਵਾਸੀਆਂ ਅਤੇ ਪਰਿਵਾਰਕ ਮੈਬਰਾਂ 'ਚ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਉਧਰ ਪਿੰਡ ਦੇ ਮੈਂਬਰ ਪੰਚਾਇਤ ਸੁੱਖੀ ਨੇ ਕਿਹਾ ਕਿ ਉਨ੍ਹਾਂ ਦਾ ਪਿੰਡ ਨਸੇ ਦਾ ਹੱਬ ਬਣ ਚੁੱਕਿਆ ਹੈ, ਜਿੱਥੇ ਪਿੰਡ ਤੋਂ ਇਲਾਵਾ ਆਲੇ-ਦੁਆਲੇ ਦੇ ਪਿੰਡਾਂ 'ਚੋਂ ਵੀ ਨਸ਼ਾ ਖਰੀਦਣ ਲਈ ਲੋਕ ਆਉਂਦੇ ਹਨ ਤੇ ਹੋਲਸੇਲ 'ਚ ਪਿੰਡ 'ਚ ਨਸਾ ਵਿਕਦਾ ਹੈ। ਉਹ ਪਹਿਲਾਂ ਵੀ ਕਈ ਵਾਰ ਪ੍ਰਦਰਸਨ ਕਰ ਚੁੱਕੇ ਹਨ। ਇਥੋਂ ਤੱਕ ਕਿ ਚੌਂਕੀ ਨੂੰ ਤਾਲਾ ਵੀ ਜੜ ਚੁੱਕੇ ਹਨ ਪਰ ਪਿੰਡ 'ਚੋਂ ਨਸਾ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਉਲਟਾ ਨਸਾ ਸਮੱਗਲਰ ਉਨ੍ਹਾਂ ਨੂੰ ਹੀ ਧਮਕੀਆਂ ਦਿੰਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਸ ਪਿੰਡ ਵੱਲ ਉਚੇਚੇ ਤੌਰ 'ਤੇ ਕਿਸੇ ਅਫਸਰ ਦੀ ਡਿਊਟੀ ਲਾਉਣ ਤੇ ਇਸ ਕੋਹੜ ਨੂੰ ਸਾਡੇ ਪਿੰਡ 'ਚੋਂ ਖਤਮ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪਿੰਡ 'ਚ ਨਸੇ ਦੀ ਓਵਰਡੋਜ ਨਾਲ ਕਈ ਮੌਤਾਂ ਹੋ ਚੁੱਕੀਆਂ ਹਨ ਅਤੇ ਅੱਜ ਇਕ ਹੋਰ ਨੌਜਵਾਨ ਭੇਤਭਰੇ ਹਾਲਾਤ 'ਚ ਆਪਣੇ ਪਰਿਵਾਰ ਨੂੰ ਛੱਡ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਦੋਸੀਆਂ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਕਰਦੇ ਹੋਏ ਪਰਿਵਾਰ ਨੂੰ ਇਨਸਾਫ ਦੁਆਇਆ ਜਾਵੇ। ਉਧਰ ਮੌਕੇ 'ਤੇ ਪਹੁੰਚੇ ਐੱਸ. ਐੱਚ. ਓ. ਗੋਰਾਇਆ ਮਧੂਬਾਲਾ ਨੇ ਕਿਹਾ ਕਿ ਫੋਰੈਂਸਿਕ ਟੀਮਾਂ ਨੂੰ ਮੌਕੇ 'ਤੇ ਬੁਲਾਇਆ ਗਿਆ ਹੈ ਅਤੇ ਫਿੰਗਰ ਪ੍ਰਿੰਟ ਤੋਂ ਬਾਅਦ ਲਾਸ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ 'ਚ ਭੇਜਿਆ ਜਾ ਰਿਹਾ ਹੈ। ਪੋਸਟਮਾਰਟਮ ਤੋਂ ਬਾਅਦ ਹੀ ਖੁਲਾਸਾ ਹੋ ਸਕਦਾ ਹੈ ਕਿ ਮੌਤ ਦਾ ਕਾਰਨ ਕੀ ਹੈ।? ਪਰਿਵਾਰਕ ਮੈਂਬਰ ਜੋ ਵੀ ਬਿਆਨ ਦੇਣਗੇ ਉਸ ਮੁਤਾਬਕ ਕਾਰਵਾਈ ਕੀਤੀ ਜਾਵੇਗੀ, ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਪੂਰਾ ਪਿੰਡ ਪਿੰਡ 'ਚ ਨਸਾ ਸਰੇਆਮ ਵਿਕਣ ਦੇ ਦੋਸ ਲਾ ਰਿਹਾ ਹੈ ਤੇ ਪੁਲਸ ਵੱਲੋਂ ਕੋਈ ਵੀ ਕਾਰਵਾਈ ਨਾ ਕਰਨ ਦੇ ਦੋਸ ਲਾ ਰਿਹਾ ਹੈ ਤਾਂ ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਸਮੇਂ-ਸਮੇਂ 'ਤੇ ਨਸਾ ਸਮੱਗਲਰਾਂ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਗਈ ਹੈ ਅਤੇ ਆਉਣ ਵਾਲੇ ਟਾਈਮ 'ਚ ਵੀ ਇਹ ਕਾਰਵਾਈ ਜਾਰੀ ਰਵੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸ਼ਰਮਨਾਕ ! ਤਿੰਨ ਸਾਲਾ ਬੱਚੀ ਨਾਲ ਨਿੱਜੀ ਸਕੂਲ ਦੇ ਅਧਿਆਪਕ ਨੇ ਕੀਤਾ ਜਬਰ ਜਿਨਾਹ

ਭੋਪਾਲ 19 ਸਤੰਬਰ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ 'ਚ ਇਕ ਨਿੱਜੀ ਸਕੂਲ ਦੇ ਅਧਿਆਪਕ ਨੂੰ ਤਿੰਨ ਸਾਲ ਦੀ ਵਿਦਿਆਰਥਣ ਨਾਲ ਜਬਰ ਜਿ਼ਨਾਹ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਦੇ ਇਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਡਿਪਟੀ ਕਮਿਸ਼ਨਰ ਪ੍ਰਿਯੰਕਾ ਸ਼ੁਕਲਾ ਨੇ ਦੱਸਿਆ ਕਿ ਸਕੂਲ ਪ੍ਰਬੰਧਨ ਵਲੋਂ ਵਿਦਿਆਰਥਣ ਦੀ ਸ਼ਿਕਾਇਤ ਨੂੰ ਨਜਰਅੰਦਾਜ ਕੀਤੇ ਜਾਣ ਤੋਂ ਬਾਅਦ ਉਸ ਦੀ ਮਾਂ ਨੇ ਸੋਮਵਾਰ ਨੂੰ ਪੁਲਸ ਨਾਲ ਸੰਪਰਕ ਕੀਤਾ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬੱਚੀ ਦੀ ਉਮਰ ਤਿੰਨ ਸਾਲ ਅਤੇ 7 ਮਹੀਨੇ ਹੈ। ਪੁਲਸ ਨੇ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਜਾਣਕਾਰੀ ਜੁਟਾਉਣ ਲਈ ਸਕੂਲ ਦਾ ਦੌਰਾ ਕੀਤਾ ਅਤੇ ਦੋਸ਼ੀ ਕੰਪਿਊਟਰ ਅਧਿਆਪਕ ਕਾਸਿਮ ਰੇਹਾਮ (28) ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬੱਚੀ ਦੀ ਮਾਂ ਅਨੁਸਾਰ, ਉਸ ਨੇ ਆਪਣੀ ਧੀ ਦੇ ਨਿੱਜੀ ਅੰਗਾਂ 'ਚ ਸੱਟ ਦੇ ਨਿਸ਼ਾਨ ਦੇਖੇ ਜਾਣ ਤੋਂ ਬਾਅਦ ਸਕੂਲ 'ਚ ਸ਼ਿਕਾਇਤ ਕੀਤੀ ਪਰ ਪ੍ਰਬੰਧਨ ਨੇ ਉਸ ਦੀ ਸ਼ਿਕਾਇਤ ਨਜਰਅੰਦਾਜ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਦੋਸ਼ੀ ਖਿ਼ਲਾਫ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਪੂਰੀ ਜਾਂਚ ਕੀਤੀ ਜਾ ਰਹੀ ਹੈ।

# ਜਲੰਧਰ-ਪਠਾਨਕੋਟ ਹਾਈਵੇਅ 'ਤੇ ਵੱਡੀ ਵਾਰਦਾਤ, ਲੁੱਟ ਦੀ ਅਜਬ ਕਹਾਣੀ ਜਾਣ ਹੋਵੋਗੇ ਹੈਰਾਨ

ਜਲੰਧਰ 19 ਸਤੰਬਰ। ਮਹਾਨਗਰ ਜਲੰਧਰ ਵਿਚ ਲੁਟੇਰਿਆਂ ਨੇ ਹੌਂਸਲੇ ਦਿਨੋਂ-ਦਿਨ ਬੁਲੰਦ ਹੁੰਦੇ ਜਾ ਰਹੇ ਹਨ। ਰੋਜਾਨਾ ਲੁੱਟ ਦੀਆਂ ਅਜਿਹੀਆਂ ਵਾਰਦਾਤਾਂ ਵਾਪਰ ਰਹੀਆਂ, ਜਿਨ੍ਹਾਂ ਨੂੰ ਜਾਣ ਹਰ ਕੋਈ ਹੈਰਾਨ ਹੈ। ਤਾਜਾ ਮਾਮਲਾ ਬਿਆਸ ਪਿੰਡ ਨੇੜਿਓਂ ਸਾਹਮਣੇ ਆਇਆ ਹੈ, ਜਿੱਥੇ ਲੁਟੇਰਿਆਂ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਬਿਆਸ ਪਿੰਡ ਨੇੜੇ ਵੀਰਵਾਰ ਦੇਰ ਰਾਤ ਟਰੱਕ ਡਰਾਈਵਰ ਅਤੇ ਉਸ ਦੇ ਸਾਥੀ 'ਤੇ ਤਿੰਨ ਲੁਟੇਰਿਆਂ ਨੇ ਦਾਤਰ ਨਾਲ ਹਮਲਾ ਕਰਕੇ 50 ਹਜਾਰ ਦੀ ਨਕਦੀ ਅਤੇ ਮੋਬਾਇਲ ਲੁੱਟ ਲਿਆ। ਦੋਵੇਂ ਜਖਮੀਆਂ ਨੇ ਨੇੜੇ ਹੀ ਢਾਬਾ ਸੰਚਾਲਕ ਕੋਲੋਂ ਮਦਦ ਮੰਗੀ ਤਾਂ ਉਸ ਨੇ ਕਾਰ ਵਿਚ ਤਿੰਨ ਕਿਲੋਮੀਟਰ ਤੱਕ ਪਿੱਛਾ ਕਰਕੇ ਇਕ ਮੁਲਜਮ ਨੂੰ ਅਤੇ ਦੂਜੇ ਮੁਲਜਮ ਨੂੰ 8 ਕਿਲੋਮੀਟਰ ਦੂਰ ਤੱਕ ਪਿੱਛਾ ਕਰਕੇ ਗ੍ਰਿਫਤਾਰ ਕਰ ਲਿਆ ਜਦਕਿ ਤੀਜਾ ਫਰਾਰ ਹੋ ਗਿਆ। ਘਟਨਾ ਸਬੰਧੀ ਜੰਮੂ ਨਿਵਾਸੀ ਟੈਂਕਰ ਚਾਲਕ ਰਾਜ ਕੁਮਾਰ ਨੇ ਦੱਸਿਆ ਕਿ ਉਹ ਵੀਰਵਾਰ ਰਾਤ ਆਪਣੇ ਸਾਥੀ ਪ੍ਰੇਮ ਚੰਦ ਨਾਲ ਕਠੂਆ ਤੋਂ ਟੈਂਕਰ (ਜੇ. ਕੇ. 02ਬੀ. 3929) ਖਾਲੀ ਕਰਵਾ ਕੇ ਜਲੰਧਰ ਵੱਲ ਆ ਰਿਹਾ ਸੀ। ਰਾਤ 11 ਵਜੇ ਭੋਗਪੁਰ ਪਾਰ ਕਰਕੇ ਡਿਨਰ ਕਰਨਾ ਸੀ। ਅਲਾਵਲਪੁਰ ਨੇੜੇ ਜਦੋਂ ਉਸ ਨੇ ਟੈਂਕਰ ਹੌਲੀ ਕੀਤਾ ਤਾਂ ਦੋ ਲੁਟੇਰੇ ਦੋਵੇਂ ਪਾਸਿਓਂ ਚੱਲਦੇ ਟਰੱਕ 'ਤੇ ਚੜ੍ਹ ਗਏ ਅਤੇ ਕੈਬਿਨ 'ਚ ਦਾਖਲ ਹੋ ਗਏ। ਟੈਂਕਰ 'ਚ ਦਾਖਲ ਹੋਏ ਲੁਟੇਰਿਆਂ ਨੇ ਲੁੱਟਖੋਹ ਦੀ ਕੋਸ਼ਿਸ਼ ਕੀਤੀ। ਜਦੋਂ ਮੈਂ ਵਿਰੋਧ ਕੀਤਾ ਤਾਂ ਉਸ ਨੇ ਮੇਰੇ ਅਤੇ ਮੇਰੇ ਦੋਸਤ ਪ੍ਰੇਮਚੰਦ



'ਤੇ ਦਾਤਰ ਨਾਲ ਹਮਲਾ ਕਰ ਦਿੱਤਾ ਹੈ। ਦੋਹਾਂ ਦੇ ਸਿਰਾਂ 'ਚੋਂ ਖੂਨ ਵਹਿਣ ਲੱਗਾ। ਲੁਟੇਰੇ ਟੈਂਕਰ ਦੇ ਕੈਬਿਨ ਵਿੱਚ ਲੁਕਾ ਕੇ ਰੱਖੇ 50 ਹਜਾਰ ਰੁਪਏ ਅਤੇ ਇਕ ਮੋਬਾਇਲ ਫੋਨ ਲੁੱਟ ਕੇ ਕਿਸਨਗੜ੍ਹ ਵੱਲ ਫਰਾਰ ਹੋ ਗਏ। ਪ੍ਰੇਮਚੰਦ ਅਤੇ ਮੈਂ ਬੁਰੀ ਤਰ੍ਹਾਂ ਜਖਮੀ ਹੋ ਗਏ। ਅਸੀਂ ਥੋੜ੍ਹਾ ਅੱਗੇ ਜਾ ਕੇ ਬਿਆਸ ਪਿੰਡ ਨੇੜੇ ਇਕ ਢਾਬੇ 'ਤੇ ਟੈਂਕਰ ਰੋਕ ਲਿਆ ਅਤੇ ਢਾਬਾ ਮਾਲਕ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ। ਉਸ ਨੇ ਕੁਝ ਲੋਕਾਂ ਨਾਲ ਸਾਨੂੰ ਆਪਣੀ ਕਾਰ ਵਿਚ ਬਿਠਾ ਲਿਆ ਅਤੇ ਲੁਟੇਰਿਆਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਤਿੰਨ ਕਿਲੋਮੀਟਰ ਦੂਰ ਜਾ ਕੇ ਵੇਖਿਆ ਤਾਂ ਲੁਟੇਰੇ ਇਕ ਪੈਟਰੋਲ ਪੰਪ ਤੋਂ ਪੈਟਰੋਲ ਪੁਆ ਰਹੇ ਸਨ। ਜਿਵੇਂ ਹੀ ਉਹ ਰੁਕੇ ਤਾਂ ਬਾਈਕ ਸਵਾਰ ਦੋ ਲੁਟੇਰੇ ਫਰਾਰ ਹੋ ਗਏ ਜਦਕਿ ਬਾਈਕ ਤੋਂ ਹੇਠਾਂ ਉਤਰਿਆ ਹੋਇਆ ਲੁਟੇਰਾ ਫੜਿਆ ਗਿਆ। ਪੀ. ਸੀ. ਆਰ. ਦੀ ਮਦਦ ਨਾਲ ਉਸ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ। ਇਸ ਦੇ ਬਾਅਦ ਢਾਬਾ ਮਾਲਕ ਨੇ ਕਾਲਾ ਬਕਰਾ ਸਥਿਤ ਹਸਪਤਾਲ ਵਿਚ ਇਲਾਜ ਕਰਵਾਇਆ ਅਤੇ ਆਪਣੇ ਢਾਬੇ 'ਤੇ ਖਾਣਾ ਖੁਆਇਆ। ਕਰੀਬ ਇਕ ਘੰਟੇ ਬਾਅਦ ਦੋਵੇਂ ਦੋਸ਼ੀ ਉਥੋਂ ਲੰਘੇ। ਉਨ੍ਹਾਂ ਦੀ ਮੋਟਰਸਾਈਕਲ 'ਤੇ ਲੱਗੀ ਨੀਲੇ ਰੰਗ ਦੀ ਲਾਈਟ ਤੋਂ ਮੈਂ ਲੁਟੇਰਿਆਂ ਨੂੰ ਪਛਾਣ ਲਿਆ। ਜਦੋਂ ਢਾਬਾ ਮਾਲਕ ਨੂੰ ਦੱਸਿਆ ਗਿਆ ਤਾਂ ਉਸ ਨੇ ਭੋਗਪੁਰ ਦੇ ਪਿੰਡ ਰੋਹੜੀ ਤੱਕ ਕਰੀਬ 8 ਕਿਲੋਮੀਟਰ ਤੱਕ ਉਨ੍ਹਾਂ ਦਾ ਪਿੱਛਾ ਕੀਤਾ। ਆਪਣੇ ਆਪ ਨੂੰ ਇਕ ਵਾਰ ਫਿਰ ਤੋਂ ਘਿਰਿਆ ਵੇਖ ਕੇ ਮੁਲਜਮਾਂ ਨੇ ਮੋਟਰਸਾਈਕਲ ਨੂੰ ਗੰਨੇ ਦੇ ਖੇਤ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਇਸ ਤੋਂ ਬਾਅਦ ਬਾਈਕ ਨੂੰ ਪੁਲਸ ਹਵਾਲੇ ਕਰ ਦਿੱਤਾ ਗਿਆ। ਰਾਤ ਕਰੀਬ 2 ਵਜੇ ਲੁਟੇਰੇ ਪਿੰਡ ਜੱਲੋਵਾਲ ਦੇ ਇਕ ਢਾਬੇ 'ਤੇ ਪੁੱਜੇ ਅਤੇ ਕਿਹਾ ਕਿ ਉਨ੍ਹਾਂ ਦਾ ਮੋਟਰਸਾਈਕਲ ਚੋਰੀ ਹੋ ਗਿਆ ਹੈ। ਉਸ ਢਾਬਾ ਮਾਲਕ ਨੂੰ ਵੀ ਪਤਾ ਸੀ, ਇਸ ਲਈ ਉਸ ਨੇ ਗੁਪਤ ਤਰੀਕੇ ਨਾਲ ਬਿਆਸ ਪਿੰਡ ਦੇ ਢਾਬੇ ਵਾਲੇ ਨੂੰ ਸੂਚਿਤ ਕਰ ਦਿੱਤਾ। ਇਸ ਤੋਂ ਬਾਅਦ ਇਸ ਦੀ ਸੂਚਨਾ ਭੋਗਪੁਰ ਪੁਲਸ ਨੂੰ ਦਿੱਤੀ ਗਈ। ਲੋਕਾਂ ਨੇ ਦੂਜੇ ਲੁਟੇਰੇ ਨੂੰ ਮੌਕੇ ਤੋਂ ਕਾਬੂ ਕਰ ਲਿਆ, ਜਦਕਿ ਤੀਜਾ ਫਰਾਰ ਹੋ ਗਿਆ। ਇਸ ਘਟਨਾ ਤੋਂ ਬਾਅਦ ਡਰਾਈਵਿੰਗ ਕਰਨ ਵਿਚ ਡਰ ਲੱਗਣ ਲੱਗਾ ਹੈ। ਤਿੰਨ ਚੌਕੀ ਇੰਚਾਰਜਾਂ ਨੂੰ ਘਟਨਾ ਦੇ 19 ਘੰਟੇ ਬਾਅਦ ਵੀ ਅਲਾਵਲਪੁਰ ਨੇੜੇ ਇਕ ਟਰੱਕ ਡਰਾਈਵਰ ਅਤੇ ਉਸ ਦੇ ਸਾਥੀ ਨੂੰ ਲੁੱਟਣ ਅਤੇ ਜਖਮੀ ਕਰਨ ਦੀ ਘਟਨਾ ਦੀ ਜਾਣਕਾਰੀ ਨਹੀਂ ਹੈ। ਡਕੈਤੀ ਦੀ ਇਹ ਵਾਰਦਾਤ ਥਾਣਾ ਆਦਮਪੁਰ ਦੇ ਥਾਣਾ ਅਲਾਵਲਪੁਰ ਦੇ ਇਲਾਕੇ 'ਚ ਹੋਈ। ਇਸ ਸਬੰਧੀ ਜਦੋਂ ਚੌਕੀ ਇੰਚਾਰਜ ਰਜਿੰਦਰ ਸਰਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਕੋਈ ਸਿ਼ਕਾਇਤ ਨਹੀਂ ਮਿਲੀ ਹੈ। ਇਸ ਦੇ ਨਾਲ ਹੀ ਕਿਸਨਗੜ੍ਹ ਪੁਲੀਸ ਚੌਕੀ ਕਰਤਾਰਪੁਰ ਦੇ ਇੰਚਾਰਜ ਬਲਬੀਰ ਸਿੰਘ ਬੁੱਟਰ ਨੇ ਅਜਿਹੀ ਕਿਸੇ ਵੀ ਘਟਨਾ ਦੀ ਜਾਣਕਾਰੀ ਤੋਂ ਇਨਕਾਰ ਕੀਤਾ। ਥਾਣਾ ਭੋਗਪੁਰ ਦੀ ਪੁਲੀਸ ਚੌਕੀ ਲਿੱਧੜਾਂ ਦੇ ਇੰਚਾਰਜ ਪਰਮਜੀਤ ਸਿੰਘ ਨੇ ਵੀ ਦੱਸਿਆ ਕਿ ਉਨ੍ਹਾਂ ਕੋਲ ਲੁੱਟ ਦੀ ਵਾਰਦਾਤ ਸਬੰਧੀ ਜਾਣਕਾਰੀ ਨਹੀਂ ਹੈ। ਉਧਰ, ਸੁੱਕਰਵਾਰ ਦੇਰ ਸਾਮ ਭੋਗਪੁਰ ਥਾਣੇ ਦੇ ਐੱਸ. ਐੱਚ. ਓ .ਯਾਦਵਿੰਦਰ ਰਾਣਾ ਨੇ ਪੁਸਟੀ ਕੀਤੀ ਕਿ ਉਨ੍ਹਾਂ ਨੂੰ ਸਿ਼ਕਾਇਤ ਮਿਲੀ ਹੈ। ਦੋਵਾਂ ਮੁਲਜਮਾਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਸੋਢਲ ਮੇਲੇ 'ਚ ਨਿਗਮ ਦੀ ਅਪੀਲ ਦਾ ਦਿਸਿਆ ਅਸਰ, ਲੰਗਰ ਸੰਸਥਾਵਾਂ ਪੱਤਲ ਤੇ ਡੂਨੇ ਦੀ ਕਰ ਰਹੇ ਵਰਤੋਂ

ਜਲੰਧਰ 19 ਸਤੰਬਰ। ਨਗਰ ਨਿਗਮ ਕਮਿਸ਼ਨਰ ਗੌਤਮ ਜੈਨ ਨੇ ਪੰਜਾਬ ਸਰਕਾਰ ਤੋਂ ਪ੍ਰਾਪਤ ਨਿਰਦੇਸ਼ਾਂ ਤੋਂ ਬਾਅਦ ਇਸ ਵਾਰ ਲੱਗਣ ਜਾ ਰਹੇ ਬਾਬਾ ਸੋਢਲ ਮੇਲੇ ਨੂੰ ਪਲਾਸਟਿਕ ਫ੍ਰੀ ਰੱਖਣ ਦੀ ਜੋ ਮੁਹਿੰਮ ਛੇੜੀ ਹੋਈ ਹੈ, ਉਸ 'ਚ ਜਲੰਧਰ ਨਗਰ ਨਿਗਮ ਦੇ ਜਿ਼ਆਦਾਤਰ ਅਧਿਕਾਰੀ ਪੂਰੀ ਮਿਹਨਤ ਨਾਲ ਕੰਮ ਕਰ ਰਹੇ ਹਨ ਅਤੇ ਨਗਰ ਨਿਗਮ ਦੀਆਂ ਅਪੀਲਾਂ ਦਾ ਆਮ ਲੋਕਾਂ ਅਤੇ ਲੰਗਰ ਸੰਸਥਾਵਾਂ 'ਤੇ ਅਸਰ ਹੁੰਦਾ ਵੀ ਦਿੱਸ ਰਿਹਾ ਹੈ। ਭਾਵੇਂ ਅਧਿਕਾਰਕ ਤੌਰ 'ਤੇ ਬਾਬਾ ਸੋਢਲ ਦਾ ਮੇਲਾ ਮੰਗਲਵਾਰ 19 ਸਤੰਬਰ ਨੂੰ ਹੈ ਪਰ ਬੀਤੇ ਦਿਨ ਐਤਵਾਰ ਹੋਣ ਕਾਰਨ ਮੇਲਾ ਖੇਤਰ 'ਚ ਖੂਬ ਚਹਿਲ-ਪਹਿਲ ਰਹੀ ਤੇ ਲੱਖਾਂ ਸ਼ਰਧਾਲੂਆਂ ਨੇ ਬਾਬਾ ਸੋਢਲ ਦੇ ਦਰਸ਼ਨ ਕਰ ਵੀ ਲਏ। ਇਸ ਦੌਰਾਨ ਅਣਗਿਣਤ ਸੰਸਥਾਵਾਂ ਵੱਲੋਂ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਵੀ ਲਾਏ ਗਏ ਪਰ ਜਿ਼ਆਦਾਤਰ ਸੰਸਥਾਵਾਂ ਨੇ ਇਸ ਵਾਰ ਲੰਗਰਾਂ ਦੀ ਤਿਆਰੀ ਲਈ ਪੱਤਲ ਅਤੇ ਡੂਨੇ ਆਦਿ ਦੀ ਵਰਤੋਂ ਕੀਤੀ। ਇਸ ਤਰ੍ਹਾਂ ਨਿਗਮ ਦੀ ਅਪੀਲ ਦੇ ਮੱਦੇਨਜਰ ਡਿਸਪੋਜੇਬਲ ਤੇ ਪਾਬੰਦੀਸੁਦਾ ਪਲਾਸਟਿਕ ਦੀ ਕ੍ਰਾਕਰੀ ਦੀ ਵਰਤੋਂ ਘਟ ਹੁੰਦੀ ਦਿੱਸ ਰਹੀ ਹੈ। ਨਗਰ ਨਿਗਮ ਦੇ ਹੈਲਥ ਆਫਿਸਰ ਡਾ. ਸ਼੍ਰੀਕ੍ਰਿਸ਼ਣ ਸ਼ਰਮਾ, ਅਸਿ. ਹੈਲਥ ਆਫਿਸਰ ਡਾ. ਸੁਮਿਤਾ ਅਬਰੋਲ ਅਤੇ ਸੈਨੇਟਰੀ ਇੰਸ. ਮੋਨਿਕਾ ਸੇਖੜੀ ਨੇ ਅਜਿਹੀਆਂ ਲੰਗਰ ਸੰਸਥਾਵਾਂ ਦੇ ਕੋਲ ਜਾ ਕੇ ਉਨ੍ਹਾਂ ਦਾ ਧੰਨਵਾਦ ਪ੍ਰਗਟਾਇਆ, ਜੋ ਥਰਮੋਕੋਲ ਅਤੇ ਪਲਾਸਟਿਕ ਦੀ ਵਰਤੋਂ ਨਾ ਕਰਕੇ ਕਾਗਜ ਅਤੇ ਪੱਤਲ ਡੂਨੇ ਨਾਲ ਬਣੀ ਕ੍ਰਾਕਰੀ ਦੀ ਵਰਤੋਂ ਕਰ ਰਹੀ ਹੈ। ਦੂਜੇ ਪਾਸੇ ਨਿਗਮ ਦੀ ਤਹਿ-ਬਾਜਾਰੀ ਦੀ ਟੀਮ ਨੇ ਅੱਜ ਵੱਖ-ਵੱਖ ਦੁਕਾਨਦਾਰਾਂ ਤੋਂ 50 ਕਿਲੋ ਪਲਾਸਟਿਕ ਦੇ ਲਿਫਾਫੇ ਜਬਤ ਕੀਤੇ। ਇਹ ਕਾਰਵਾਈ ਸੁਪਰੀਟੈਂਡੈਂਟ ਅਸ਼ਵਨੀ ਗਿੱਲ ਦੀ ਅਗਵਾਈ 'ਚ ਕੀਤੀ ਗਈ। ਪਾਬੰਦੀਸ਼ੁਦਾ ਪਲਾਸਟਿਕ ਤੇ ਥਰਮੋਕੋਲ ਨਾਲ ਬਣੀ ਡਿਸਪੋਜੇਬਲ ਆਈਟਮਾਂ ਦਾ ਬਦਲ ਵੀ ਨਗਰ ਨਿਗਮ ਵੱਲੋਂ ਪ੍ਰਦਾਨ ਕੀਤਾ ਜਾ ਰਿਹਾ ਹੈ। ਇਸ ਨਾਲ ਨਗਰ ਨਿਗਮ ਨੇ ਜੋ ਸੈਲਫ ਹੈਲਪ ਗਰੁੱਪ ਬਣਾਇਆ ਹੋਇਆ ਹੈ, ਉਸ ਦਾ ਇਕ ਸਟਾਲ ਮੰਦਰ ਦੇ ਠੀਕ ਸਾਹਮਣੇ ਲਾਇਆ ਗਿਆ ਹੈ, ਜਿੱਥੇ ਕੱਪੜੇ ਨਾਲ ਬਣੇ ਥੈਲੇ, ਕਾਗਜ ਦੇ ਲਿਫਾਫੇ ਤੇ ਪੱਤਲ-ਡੂਨੇ ਮੁਹੱਈਆ ਹਨ। ਸੈਲਫ ਹੈਲਪ ਗਰੁੱਪ ਨਾਲ ਜੁੜੀਆਂ ਔਰਤਾਂ ਨੇ ਦੱਸਿਆ ਕਿ ਹੁਣ ਤਕ 40-50 ਹਜਾਰ ਪੱਤਲ ਤੇ ਡੂਨੇ ਵੇਚੇ ਜਾ ਚੁੱਕੇ ਹਨ ਅਤੇ ਕਾਫੀ ਗਿਣਤੀ 'ਚ ਆਰਡਰ ਉਨ੍ਹਾਂ ਦੇ ਕੋਲ ਵੀ ਹਨ।



## 8 ਸਾਲਾ ਕੁੜੀ ਨਾਲ ਵਿਅਕਤੀ ਨੇ ਕੀਤਾ ਜਬਰ-ਜਿਨਾਹ, ਅਦਾਲਤ ਨੇ ਸੁਣਾਈ ਮਿਸਾਲੀ ਸਜਾ

ਫਰੀਦਕੋਟ 19 ਸਤੰਬਰ। ਇਥੋਂ ਦੇ ਵਿਸ਼ੇਸ਼ ਪੋਕਸੋ ਅਦਾਲਤ ਨੇ 8 ਸਾਲਾ ਕੁੜੀ ਨਾਲ ਜਬਰ-ਜਿ਼ਨਾਹ ਕਰਨ ਅਤੇ ਧਮਕੀਆਂ ਦੇਣ ਵਾਲੇ ਮੁਲਜ਼ਮ 40 ਸਾਲਾ ਵਿਅਕਤੀ ਨੂੰ 5 ਸਾਲ ਦੀ ਕੈਦ ਅਤੇ 5 ਹਜਾਰ ਰੁਪਏ ਜੁਰਮਾਨਾ ਕਰਨ ਦਾ ਹੁਕਮ ਕੀਤਾ ਹੈ। ਜੁਰਮਾਨਾ ਜਮ੍ਹਾ ਨਾ ਕਰਵਾਉਣ ਦੀ ਸੂਰਤ 'ਚ 3 ਮਹੀਨਿਆਂ ਦੀ ਹੋਰ ਵਾਧੂ ਜੇਲ੍ਹ 'ਚ ਰਹਿਣਾ ਪਵੇਗਾ। ਇਹ ਘਟਨਾ ਸਬੰਧੀ 15 ਨਵੰਬਰ 2023 'ਚ ਕੋਟਕਪੂਰਾ ਦੀ ਰਹਿਣ ਵਾਲੀ ਇਕ ਔਰਤ ਨੇ ਥਾਣਾ ਕੋਤਵਾਲੀ ਕੋਟਕਪੂਰਾ 'ਚ ਸ਼ਿਕਾਇਤ ਕਰ ਕੇ ਆਪਣੇ ਬਿਆਨ ਦਰਜ ਕਰਵਾਏ ਸਨ, ਜਿਸ ਦੀ ਸ਼ਿਕਾਇਤ 'ਤੇ ਜਲਾਲੇਆਣਾ ਰੋਡ ਗਾਂਧੀ ਬਸਤੀ ਕੋਟਕਪੂਰਾ ਦੇ ਵਸਨੀਕ ਰੂਪ ਚੰਦ ਉਰਫ ਅਜੇ ਪੁੱਤਰ ਨਰੈਣ ਦਾਸ ਖਿਲਾਫ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਵਿਸ਼ੇਸ਼ ਸੈਸ਼ਨ ਜੱਜ ਨਵਜੋਤ ਕੌਰ ਨੇ ਸਰਕਾਰ ਨੂੰ ਜਿਣਸੀ ਅਪਰਾਧਾ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੀਆਂ ਵਿਵਸਥਾਵਾਂ ਤਹਿਤ ਪੀੜਤਾ ਨੂੰ 50 ਹਜਾਰ ਰੁਪਏ ਮੁਅਵਜ਼ਾ ਦੇਣ ਦਾ ਵੀ ਹੁਕਮ ਅਤੇ ਜਿ਼ਲ੍ਹਾ ਕਾਨੂੰਨੀ ਸਵਾਵਾਂ ਅਥਾਰਟੀ ਨੂੰ ਇਸ ਸਬੰਧੀ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ ਹੈ। ਸਰਕਾਰੀ ਵਕੀਲ ਦੇ ਮੁਤਾਬਕ ਦਲੀਲਾਂ ਅਤੇ ਸਬੂਤਾਂ 'ਤੇ ਵਿਚਾਰ ਕਰਨ ਤੋਂ ਬਾਅਦ ਅਦਾਲਤ ਨੇ ਮੁਲਜਮ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਸ ਨੂੰ 5 ਸਾਲ ਕੈਦ ਦੀ ਸਜ਼ਾ ਸੁਣਾਈ। ਮਾਮਲੇ ਦੀ ਸੁਣਵਾਈ ਦੌਰਾਨ ਰੂਪ ਚੰਦ ਉਰਫ ਅਜੇ ਪੁੱਤਰ ਨਰੈਣ ਦਾਸ ਨੇ ਖੁਦ 'ਤੇ ਲੱਗੇ ਦੋਸ਼ਾਂ ਨੂੰ ਨਕਾਰਦੇ ਹੋਏ ਆਪਣੀਆਂ ਦਲੀਲਾਂ ਅਦਾਲਤ 'ਚ ਪੇਸ਼ ਕੀਤੀਆਂ ਸਨ।

## ਤੇਜ ਰਫਤਾਰ ਗੱਡੀ ਸੰਤੁਲਨ ਖੋਹ ਕੇ ਪਾਰਕਿੰਗ 'ਚ ਵੜੀ, ਨੁਕਸਾਨੇ ਗਏ 6 ਮੋਟਰਸਾਈਕਲ

ਗੁਰਦਾਸਪੁਰ 19 ਸਤੰਬਰ। ਗੁਰਦਾਸਪੁਰ 'ਚ ਉਸ ਵੇਲੇ ਮਾਹੌਲ ਤਣਾਅ ਪੂਰਨ ਹੋ ਗਿਆ ਜਦੋਂ ਇੱਕ ਤੇਜ ਰਫਤਾਰ ਸਿਫਟ ਗੱਡੀ ਖੜੇ ਛੇ ਮੋਟਰਸਾਈਕਲਾਂ ਵਿੱਚ ਜਾ ਵੱਜੀ । ਇਹ ਹਾਦਸਾ ਇੰਨਾ ਜਿ਼ਆਦਾ ਭਿਆਨਕ ਸੀ ਕਿ ਗੱਡੀ ਮੋਟਰਸਾਈਕਲਾਂ 'ਤੇ ਹੀ ਚਲ ਗਈ ਜਿਸ ਕਾਰਨ ਮੋਟਰਸਾਈਕਲ ਕੁੱਚਲੇ ਗਏ। ਪੁਲਸ ਵੱਲੋਂ ਦੋਸ਼ੀ ਨੂੰ ਕਾਬੂ ਕਰਕੇ ਹਿਰਾਸਤ ਵਿੱਚ ਲੈ ਲਿਆ ਗਿਆ । ਇਸ ਸੰਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਥਾਨਕ ਲੋਕਾਂ ਨੇ ਦੱਸਿਆ ਕਿ ਗੁਰਦਾਸਪੁਰ ਤੋਂ ਅੰਮ੍ਰਿਤਸਰ ਬਾਈਪਾਸ 'ਤੇ ਟੋਇਟਾ ਕੰਪਨੀ ਦੀ ਏਜੰਸੀ ਹੈ ਜਿੱਥੇ ਕਿ ਮੁਲਾਜਮ ਕੰਮ ਕਰਦੇ ਹਨ ਅਤੇ ਆਪਣੇ ਮੋਟਰਸਾਈਕਲ ਏਜੰਸੀ ਸਾਹਮਣੇ ਲਗਾ ਦਿੰਦੇ ਹਨ । ਉਨ੍ਹਾਂ ਨੇ ਕਿਹਾ ਕਿ ਇੱਕ ਤੇਜ ਰਫਤਾਰ ਗੱਡੀ ਆਈ ਅਤੇ ਉਸ ਕੋਲੋਂ ਗੱਡੀ ਕਾਬੂ ਨਹੀਂ ਹੋਈ ਤੇ ਉਸ ਵੱਲੋਂ ਮੋਟਰਸਾਈਕਲਾਂ ਉੱਪਰ ਗੱਡੀ ਚੜਾ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਜਾਨੀ ਨੁਕਸਾਨ ਨਹੀਂ ਹੈ ਪਰ ਹਾਦਸਾ ਇੰਨਾ ਜਿਆਦਾ ਭਿਆਨਕ ਸੀ ਕੀ ਮੋਟਰਸਾਈਕਲ ਬੁਰੀ ਤਰ੍ਹਾਂ ਨੁਕਸਾਨੇ ਗਏ । ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਮੁੰਡੇ ਕੰਪਨੀ ਵਿੱਚ 10 ਹਜਾਰ ਤਨਖਾਹ 'ਤੇ ਕੰਮ ਕਰਦੇ ਹਨ ਅਤੇ ਇੰਨੇ ਜਿ਼ਆਦਾ ਸਮਰਥ ਨਹੀਂ ਹਨ ਕਿ ਨਵੇਂ ਮੋਟਰਸਾਈਕਲ ਲੈਣ। ਉਨ੍ਹਾਂ ਨੇ ਕਿਹਾ ਕਿ ਦੋਸੀ ਖਿ਼ਲਾਫ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ, ਨਾਲ ਹੀ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦੇ ਮੋਟਰਸਾਈਕਲਾਂ ਦੀ ਭਰਪਾਈ ਵੀ ਹੋਣੀ ਚਾਹੀਦੀ ਹੈ । ਪੁਲਸ ਅਧਿਕਾਰੀਆਂ ਵੱਲੋਂ ਕਿਹਾ ਕਿ ਸਾਨੂੰ ਸੂਚਨਾ ਮਿਲੀ ਸੀ ਕਿ ਗੁਰਦਾਸਪੁਰ ਤੋਂ ਅੰਮ੍ਰਿਤਸਰ ਬਾਈਪਾਸ ਦੇ ਇੱਕ ਭਿਆਨਕ ਹਾਦਸਾ ਹੋਇਆ ਜਿਸ ਤੋਂ ਬਾਅਦ ਅਸੀਂ ਮੌਕੇ ਤੇ ਪੁੱਜੇ ਅਤੇ ਦੋਸੀ ਨੂੰ ਕਾਬੂ ਕੀਤਾ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ । ਉਨ੍ਹਾਂ ਨੇ ਕਿਹਾ ਕਿ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਦਿਨ-ਦਿਹਾੜੇ ਲੁਟੇਰੇ ਨੇ ਬਜੁਰਗ ਨੂੰ ਪਾਇਆ ਘੇਰਾ, 50 ਹਜ਼ਾਰ ਰੁਪਏ ਖੋਹ ਕੇ ਹੋਇਆ ਫਰਾਰ

ਜੰਡਿਆਲਾ ਗੁਰੂ 19 ਸਤੰਬਰ। ਜੰਡਿਆਲਾ ਗੁਰੂ ਵਿਖੇ ਲੁਟੇਰੇ ਸਰਗਰਮ ਹਨ। ਬੀਤੇ ਦਿਨ ਫਿਰ ਲੁਟੇਰਿਆਂ ਨੇ ਇਕ ਬਜੁਰਗ ਨੂੰ ਲੁੱਟ ਲਿਆ। ਸੁਰਜੀਤ ਸਿੰਘ ਵਾਸੀ ਮੁਹੱਲਾ ਸ਼ੇਖੂਪੁਰਾ ਜੰਡਿਆਲਾ ਗੁਰੂ ਨੇ ਦੱਸਿਆ ਕਿ ਉਹ ਦੁਪਹਿਰ ਸਮੇਂ ਪੰਜਾਬ ਨੈਸ਼ਨਲ ਬੈਂਕ ਵਿਚ 50 ਹਜ਼ਾਰ ਰੁਪਏ ਕਢਵਾ ਕੇ ਆਪਣੇ ਘਰ ਜਾ ਰਹੇ ਸੀ। ਇਸ ਦੌਰਾਨ ਇਕ ਮੋਟਰਸਾਈਕਲ ਸਵਾਰ ਨੌਜਵਾਨ ਆਇਆ ਤੇ ਉਸ ਦਾ ਝੋਲਾ ਖੋਹ ਕੇ ਫਰਾਰ ਹੋ ਗਿਆ, ਜਿਸ ਵਿਚ 50 ਹਜਾਰ ਰੁਪਏ ਅਤੇ ਬੈਂਕ ਦੀ ਪਾਸ ਬੁੱਕ ਸੀ। ਉਸ ਨੇ ਦੱਸਿਆ ਕਿ ਉਹ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਹੈ। ਉਸ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਲੁਟੇਰੇ ਨੂੰ ਜਲਦੀ ਫੜਿਆ ਜਾਵੇ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ ਕੈਮਰਾ ਵਿਚ ਕੈਦ ਹੈ।

## 16 ਸਾਲਾ ਨਾਬਾਲਗਾ ਧੀ ਨਾਲ ਤਾਏ ਨੇ ਬੇਸ਼ਰਮੀ ਦੀਆਂ ਹੱਦਾਂ ਕੀਤੀਆਂ ਪਾਰ

ਅਮਰਗੜ੍ਹ 19 ਸਤੰਬਰ। ਥਾਣਾ ਅਮਰਗੜ੍ਹ ਅਧੀਨ ਪੈਂਦੇ ਇਕ ਪਿੰਡ 'ਚ ਕਲਯੁੱਗੀ ਤਾਏ ਨੇ ਰਿਸਤੇ ਤਾਰ-ਤਾਰ ਕਰਦਿਆਂ ਆਪਣੀ ਨਾਬਾਲਗ ਭਤੀਜੀ ਨਾਲ ਜਬਰ-ਜਿ਼ਨਾਹ ਕਰਦਿਆਂ ਇਨਸਾਨੀਅਤ ਨੂੰ ਸਰਮਸਾਰ ਕੀਤਾ ਹੈ। ਪੁਲਸ ਕੋਲ ਦਰਜ ਕਰਵਾਏ ਬਿਆਨਾਂ 'ਚ 16 ਸਾਲਾ ਲੜਕੀ ਨੇ ਦੱਸਿਆ ਕਿ ਉਹ 11 ਸਤੰਬਰ ਨੂੰ ਦੁਪਹਿਰ ਕਰੀਬ 12 ਵਜੇ ਆਪਣੀ ਭਾਬੀ ਨਾਲ ਕੱਪੜੇ ਲੈਣ ਜਾ ਰਹੀ ਸੀ ਤਾਂ ਰਸਤੇ 'ਚ ਉਸਨੂੰ ਉਸਦਾ ਤਾਇਆ ਮਿਲ ਗਿਆ ਜੋ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਬਾਲਣ ਲਿਆਉਣ ਦਾ ਬਹਾਨਾ ਬਣਾ ਕੇ ਆਪਣੇ ਨਾਲ ਖੇਤਾਂ ਵੱਲ ਲੈ ਗਿਆ,



ਜਿੱਥੇ ਜਾ ਕੇ ਉਸ ਨੇ ਮੇਰੀਆਂ ਲੱਤਾਂ ਬਾਹਾਂ ਬੰਨ੍ਹ ਦਿੱਤੀਆਂ ਅਤੇ ਮੇਰੇ ਨਾਲ ਜਬਰ-ਜਿ਼ਨਾਹ ਕੀਤਾ। ਇਸ ਤੋਂ ਬਾਅਦ ਮੈਂ ਕਿਸੇ ਤਰ੍ਹਾਂ ਪਿੰਡ ਪਾਸ ਪਹੁੰਚੀ ਤਾਂ ਰਸਤੇ 'ਚ ਮੈਨੂੰ ਮੇਰੀ ਮਾਂ ਮਿਲ ਗਈ ਜੋ ਮੈਨੂੰ ਘਰ ਲੈ ਗਈ। ਇਸ ਉਪਰੰਤ 12 ਸਤੰਬਰ ਨੂੰ ਮੇਰੀ ਭੈਣ ਅਤੇ ਮੇਰੇ ਮਾਤਾ-ਪਿਤਾ ਨੇ ਮੈਨੂੰ ਹਸਪਤਾਲ ਦਾਖਲ ਕਰਵਾ ਦਿੱਤਾ। ਥਾਣਾ ਅਮਰਗੜ੍ਹ ਪੁਲਸ ਨੇ ਨਾਬਾਲਗ ਲੜਕੀ ਵੱਲੋਂ ਦਿੱਤੇ ਬਿਆਨਾਂ ਦੇ ਆਧਾਰ 'ਤੇ ਉਸ ਦੇ ਤਾਏ ਖਿਲਾਫ ਮਾਮਲਾ ਦਰਜ ਕਰਦਿਆਂ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

# ਕਬਜੇ ਵਾਲੀ ਜਮੀਨ ਖਾਲੀ ਕਰਨ ਦੀ ਸਮਾਂ ਹੱਦ ਖਤਮ

ਗੁਹਾਟੀ 19 ਸਤੰਬਰ। ਆਸਾਮ ਦੇ ਕਾਮਰੂਪ ਜਿ਼ਲ੍ਹੇ ਦੇ ਕੋਚੂਟੋਲੀ ਪਿੰਡ 'ਚ ਕਬਜੇ ਵਾਲੀ ਜਮੀਨ ਨੂੰ ਖਾਲੀ ਕਰਨ ਦੀ ਸਮਾਂ ਹੱਦ ਖਤਮ ਹੋਣ ਨੂੰ ਲੈ ਕੇ ਵੱਡੀ ਗਿਣਤੀ ਵਿਚ ਪਰਿਵਾਰਾਂ ਨੇ ਆਪਣੇ ਘਰ ਖਾਲੀ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸੇ ਪਿੰਡ 'ਚ ਹਾਲ ਹੀ ਵਿਚ ਕਬਜੇ ਹਟਾਉਣ ਦੀ ਮੁਹਿੰਮ ਦੌਰਾਨ ਹਿੰਸਾ ਹੋਈ ਸੀ। ਪਿੰਡ ਵਾਸੀ ਆਪਣੇ ਸਾਮਾਨ ਅਤੇ ਪਸ਼ੂਆਂ ਸਮੇਤ ਗੱਡੀਆਂ 'ਚ ਜਾਂਦੇ ਹੋਏ ਦੇਖੇ ਗਏ। ਅਧਿਕਾਰੀਆਂ ਨੇ ਕਿਹਾ ਕਿ ਉਹ ਪੇਂਡੂ ਕਬਾਇਲੀ ਖੇਤਰਾਂ 'ਚ ਗੈਰ-ਕਾਨੂੰਨੀ ਢੰਗ ਨਾਲ ਵਸੇ ਹੋਏ ਸਨ। ਉਨ੍ਹਾਂ ਕਿਹਾ ਕਿ ਜਿ਼ਆਦਾਤਰ ਕਬਜਿ਼ਆਂ ਵਾਲੇ ਲੋਕਾਂ ਕੋਲ ਦਰਾਂਗ, ਮੋਰੀਗਾਂਵ ਅਤੇ ਬਾਰਪੇਟਾ ਵਰਗੇ ਹੋਰ ਜਿ਼ਲ੍ਹਿਆਂ 'ਚ ਜਮੀਨਾਂ ਹਨ ਅਤੇ ਉਹ ਆਪਣੇ ਘਰਾਂ ਨੂੰ ਪਰਤਣ ਲੱਗ ਪਏ ਹਨ। ਕਾਮਰੂਪ ਜਿ਼ਲ੍ਹਾ ਅਧਿਕਾਰੀਆਂ ਨੇ ਕੋਚੂਟੋਲੀ ਪਿੰਡ ਨੂੰ ਖਾਲੀ ਕਰਨ ਦੀ ਅੰਤਿਮ ਤਾਰੀਖ 19 ਸਤੰਬਰ ਤੈਅ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਸਰਕਾਰੀ ਜਮੀਨਾਂ 'ਤੇ ਨਾਜਾਇਜ ਕਬਜਾ ਕਰਨ ਵਾਲਿਆਂ ਨੂੰ ਬੇਦਖਲੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਸਮਾਂ ਹੱਦ ਖਤਮ ਹੋਣ ਦੇ ਬਾਵਜੂਦ ਉਥੇ ਰਹਿਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੋਨਾਪੁਰ ਖੇਤਰ ਦਫਤਰ ਤੋਂ ਇਕ ਟੀਮ ਅਤੇ ਪੁਲਸ ਦੀ ਇਕ ਟੀਮ ਬੰਗਾਲੀ ਬੋਲਣ ਵਾਲੇ ਮੁਸਲਿਮ ਪਿੰਡ ਵਾਸੀਆਂ ਨੂੰ ਕੱਢਣ ਲਈ ਕੋਚੂਟੋਲੀ ਪਿੰਡ ਗਈ ਸੀ। ਇਸ ਤੋਂ ਪਹਿਲਾਂ ਵੀ ਇਨ੍ਹਾਂ ਲੋਕਾਂ ਨੂੰ ਕਬਜਿ਼ਆਂ ਵਾਲੀ ਜਮੀਨ ਤੋਂ ਹਟਾਇਆ ਗਿਆ ਸੀ ਪਰ ਉਹ ਮੁੜ ਉੱਥੇ ਹੀ ਪਰਤ ਆਏ ਸਨ। 12 ਸਤੰਬਰ ਨੂੰ ਨਿਕਾਸੀ ਮੁਹਿੰਮ ਦੌਰਾਨ ਔਰਤਾਂ ਸਮੇਤ ਪਿੰਡ ਵਾਸੀਆਂ ਨੇ ਅਧਿਕਾਰੀਆਂ ਅਤੇ ਪੁਲਸ ਮੁਲਾਜਮਾਂ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕੀਤਾ ਅਤੇ ਪਥਰਾਅ ਕੀਤਾ। ਹਿੰਸਾ ਵਿਚ ਦੋ ਪਿੰਡ ਵਾਸੀ ਮਾਰੇ ਗਏ ਸਨ ਅਤੇ 22 ਸਰਕਾਰੀ ਅਧਿਕਾਰੀਆਂ ਅਤੇ ਪੁਲਸ ਮੁਲਾਜਮਾਂ ਸਮੇਤ 35 ਤੋਂ ਵੱਧ ਲੋਕ ਜਖਮੀ ਹੋ ਗਏ ਸਨ। ਪੁਲਸ ਨੇ ਭੀੜ ਨੂੰ ਖਿੰਡਾਉਣ ਲਈ ਗੋਲੀਆਂ ਚਲਾਈਆਂ। ਉਧਰ ਮੁੱਖ ਮੰਤਰੀ ਹਿਮੰਤਾ ਵਿਸਵ ਸਰਮਾ ਨੇ ਕਿਹਾ ਕਿ ਕਬਾਇਲੀ ਖੇਤਰਾਂ ਅਤੇ ਬਲਾਕਾਂ ਨਾਲ ਸਬੰਧਤ ਕਾਨੂੰਨ 1950 ਵਿਚ ਗੋਪੀਨਾਥ ਬੋਰਦੋਲੋਈ ਪਹਿਲੇ ਕਾਂਗਰਸੀ ਮੁੱਖ ਮੰਤਰੀ ਸਨ ਅਤੇ ਉਦੋਂ ਤੋਂ ਇਹ ਵਿਸੇਸ ਖੇਤਰ ਕਬਾਇਲੀ ਖੇਤਰ ਦੇ ਅਧੀਨ ਆਉਂਦਾ ਹੈ। ਸਰਮਾ ਨੇ ਦੱਸਿਆ ਕਿ ਇਲਾਕੇ 'ਚ ਨਿਕਾਸੀ ਮੁਹਿੰਮ ਜਾਰੀ ਰਹੇਗੀ। ਸ਼ਰਮਾ ਮੁਤਾਬਕ ਅਸੀਂ ਕਬਾਇਲੀ ਖੇਤਰ ਅਤੇ ਬਲਾਕ ਦੇ ਸਾਰੇ ਕਬਜੇ ਵਾਲੇ ਇਲਾਕਿਆਂ ਨੂੰ ਖਾਲੀ ਕਰਵਾ ਲਵਾਂਗੇ। ਸ਼ਰਮਾ ਨੇ ਦੋਸ਼ ਲਾਇਆ ਕਿ ਕਾਂਗਰਸ ਨੇ ਲੋਕਾਂ ਨੂੰ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ ਅਤੇ ਪੁਲਸ ਮੁਲਾਜਮਾਂ 'ਤੇ ਹਮਲਾ ਕਰਨ ਲਈ ਉਕਸਾਇਆ ਸੀ। ਨੇ ਕਿਹਾ ਕਿ ਪੁਲਸ ਮੁਲਾਜਮਾਂ 'ਤੇ ਹਮਲਾ ਇਕ ਖਾਸ ਵਰਗ ਵਲੋਂ ਰਚੀ ਗਈ "ਸਾਜਿ਼ਸ" ਦਾ ਮਾਮਲਾ ਹੋ ਸਕਦਾ ਹੈ ਕਿਉਂਕਿ 9 ਸਤੰਬਰ ਨੂੰ ਕਾਰਵਾਈ ਸਾਂਤੀਪੂਰਨ ਰਹੀ ਸੀ।



## ਵਾਹਨ ਚੋਰੀ ਕਰਨ ਵਾਲੇ 2 ਕਾਬੂ, 11 ਮੋਟਰਸਾਈਕਲ ਬਰਾਮਦ

ਜਗਰਾਓਂ 19 ਸਤੰਬਰ। ਸੀ.ਆਈ.ਏ. ਸਟਾਫ ਜਗਰਾਓਂ ਨੇ ਦੋ ਵਾਹਨ ਚੋਰਾਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਕੋਲੋਂ ਚੋਰੀ ਦੇ 11 ਮੋਟਰਸਾਈਕਲ ਵੀ ਬਰਾਮਦ ਕੀਤੇ ਗਏ ਹਨ। ਸੀ.ਆਈ.ਏ. ਸਟਾਫ ਜਗਰਾਓਂ ਦੇ ਏ.ਐੱਸ.ਆਈ. ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਨਾਲ ਚੈਕਿੰਗ ਸਬੰਧੀ ਬੱਸ ਅੱਡਾ ਬਾ-ਹੱਦ ਸਿੱਧਵਾਂ



ਕਲਾਂ ਵਿਖੇ ਮੌਜੂਦ ਸਨ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਦਿੱਤ ਸਿੰਘ ਉਰਫ ਗੋਰਾ ਪੁੱਤਰ ਸੁਖਦੇਵ ਸਿੰਘ ਵਾਸੀ ਮੰਡੀ ਮੁੱਲਾਂਪੁਰ ਅਤੇ ਜਸਕਰਨਦੀਪ ਸਿੰਘ ਉਰਫ ਜਸੂ ਪੁੱਤਰ ਸਤਵਿੰਦਰ ਸਿੰਘ ਵਾਸੀ ਪਿੰਡ ਹਿੱਸੇਵਾਲ ਹਾਲ ਵਾਸੀ ਮੰਡੀ ਮੁੱਲਾਂਪੁਰ ਮੋਟਰਸਾਈਕਲ ਚੋਰੀ ਕਰਨ ਦੇ ਆਦੀ ਹਨ ਅਤੇ ਅੱਜ ਵੀ ਮੁੱਲਾਂਪੁਰ ਤੋਂ ਚੋਰੀ ਦੇ ਮੋਟਰਸਾਈਕਲ 'ਤੇ ਜਗਰਾਓਂ ਵੱਲ ਮੋਟਰਸਾਈਕਲ ਵੇਚਣ ਲਈ ਆ ਰਹੇ ਹਨ। ਪੁਲਸ ਨੇ ਟੀ-ਪੁਆਇੰਟ ਸਿੱਧਵਾਂ ਕਲਾ ਫਿਰੋਜ਼ਪੁਰ ਰੋਡ 'ਤੇ ਨਾਕਾਬੰਦੀ ਕਰ ਕੇ ਇਨ੍ਹਾਂ ਨੂੰ ਕਾਬੂ ਕਰ ਲਿਆ। ਜਦੋਂ ਇਨ੍ਹਾਂ ਕੋਲੋਂ ਪੁਲਸ ਵਲੋਂ ਸਖਤੀ ਨਾਲ ਪੁੱਛ-ਪੜਤਾਲ ਕੀਤੀ ਗਈ ਤਾਂ ਇਨ੍ਹਾਂ ਨੇ ਮੰਨਿਆ ਕਿ ਉਹ ਮੋਟਰਸਾਈਕਲ ਚੋਰੀ ਕਰ ਕੇ ਅੱਗੇ ਵੇਚਣ ਦਾ ਧੰਦਾ ਕਰਦੇ ਹਨ। ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਪੁਲਸ ਵਲੋਂ 11 ਮੋਟਰਸਾਈਕਲ ਬਰਾਮਦ ਕੀਤੇ ਗਏ । ਪੁਲਸ ਨੇ ਮੁਲਜਮਾਂ ਖਿਲਾਫ ਥਾਣਾ ਸਦਰ ਜਗਰਾਓਂ ਵਿਖੇ ਮੁਕੱਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.


**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਹੈਂ ਵੋ ਔਰ ਜੋ ਹਾਲਾਤ ਸੇ ਘਬਰਾਤੇ ਹੈਂ

ਜੇ ਹਿੰਮਤ ਹੋਵੇ, ਲਗਨ ਹੋਵੇ, ਹੌਸਲਾ ਹੋਵੇ ਅਤੇ ਇਰਾਦਾ ਦ੍ਰਿੜ੍ਹ ਹੋਵੇ ਤਾਂ ਬੰਦਾ ਜੀਰੋ ਤੋਂ ਹੀਰੋ ਹੋ ਸਕਦਾ ਹੈ। ਅਰਸ਼ ਤੋਂ ਫ਼ਰਸ਼ ਤੱਕ ਦੀ ਉਡਾਰੀ ਮਾਰ ਸਕਦਾ ਹੈ। ਸੰਕਲਪ ਤੇ ਇਰਾਦੇ ਹੀ ਅਮਲੀ ਸਰਗਰਮੀਆਂ ਸਿਰਜਦੇ ਹਨ। ਇੱਛਾ ਵਿਉਂਤ ਦੀ ਜਨਣੀ ਹੈ ਅਤੇ ਵਿਉਂਤਾਂ ਇਤਿਹਾਸ ਸਿਰਜਦੀਆਂ ਹਨ। ਜੋ ਐਵਰੈਸਟ ਦੀ ਤਮੰਨਾ ਦਿਲ ਵਿੱਚ ਪਾਲਦੇ ਹਨ, ਉਹੀ ਇੱਕ ਦਿਨ ਜੋਖਮਾਂ ਵਿੱਚੋਂ ਲੰਘ ਕੇ ਮੰਜ਼ਿਲਾਂ ਦੇ ਮੁਹਾਂਦਰੇ ਦੇ ਰੂਬਰੂ ਹੁੰਦੇ ਹਨ। ਕੁਝ ਕਰ ਗੁਜ਼ਰਨ ਦੀ ਇੱਛਾ ਵਾਲੇ ਤੌਫ਼ੀਕਾਂ ਨਾਲ ਹੀ ਲੈ ਕੇ ਜੰਮਦੇ ਹਨ। ਅਜਿਹਾ ਹੀ ਇੱਕ ਸਖਸ਼ ਹੈ ਜੋਧ ਸਿੰਘ। ਅੱਜਕਲ੍ਹ ਉਹ ਕਲਕੱਤੇ ਵਾਲਾ ਜੋਧ ਸਿੰਘ ਹੈ। ਅੱਜ ਤੋਂ 15-18 ਵਰ੍ਹੇ ਪਹਿਲਾਂ ਮੇਰੇ ਅਧਿਆਪਕ ਅਤੇ ਗਰੀਬ ਮਿੱਤਰ ਸਵਰਗੀ ਡਾ. ਆਤਮ ਹਮਰਾਹੀ ਨੇ ਇਸ ਜੋਧ ਸਿੰਘ ਬਾਰੇ ਲਿਖੇ ਰੇਖਾ ਚਿੱਤਰ ਦਾ ਸਿਰਲੇਖ 'ਦੁੱਧ ਦਾ ਦਰਿਆ ਜੋਧ ਸਿੰਘ' ਲਿਖਿਆ ਸੀ। 30 ਅਪ੍ਰੈਲ 2015 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸਰਬ ਭਾਰਤੀ ਪੰਜਾਬੀ ਕਾਨਫ਼ਰੰਸ ਦੌਰਾਨ ਜੋਧ ਸਿੰਘ ਨੂੰ ਸਨਮਾਨਿਤ ਕੀਤਾ ਸੀ। ਜੋਧ ਸਿੰਘ ਦਾ ਸਨਮਾਨ ਕਰਨਾ ਬਣਦਾ ਹੈ ਕਿਉਂਕਿ ਉਹ ਅਜਿਹੇ ਅਨੇਕਾਂ ਲੋਕਾਂ ਲਈ ਪ੍ਰੇਰਨਾ ਸਰੋਤ ਹੈ, ਜੋ ਜ਼ਿੰਦਗੀ ਵਿੱਚ ਕੁਝ ਵੱਡਾ ਕਰਨ ਦੀ ਇੱਛਾ ਰੱਖਦੇ ਹਨ ਪਰ ਉਹਨਾਂ ਕੋਲ ਸਾਧਨਾਂ ਦੀ ਕਮੀ ਹੈ। ਜੋਧ ਸਿੰਘ ਦੀ ਕਹਾਣੀ ਅਜਿਹੇ ਸ਼ਖਸ ਦੀ ਕਹਾਣੀ ਹੈ ਜੋ ਹੋਰ ਸੈਂਕੜੇ ਲੋਕਾਂ ਦੀ ਤਰ੍ਹਾਂ ਹਿੰਦੋਸਤਾਨ ਦੀ ਵੰਡ ਦਾ ਸ਼ਿਕਾਰ ਹੋ ਕੇ ਬਿਲਕੁਲ ਖਾਲੀ ਹੱਥ ਆਪਣੀ ਜਾਨ ਬਚਾ ਕੇ ਹਿੰਦੋਸਤਾਨ ਪਹੁੰਚੇ ਸਨ। ਪਾਕਿਸਤਾਨੀ ਪੰਜਾਬ ਦੇ ਪਿੰਡ ਵਿੱਚ ਜੋਧ ਸਿੰਘ ਦਾ ਪਰਿਵਾਰ ਖੇਤੀ ਦੇ ਨਾਲ ਨਾਲ ਦੁੱਧ ਵੇਚਣ ਦਾ ਕੰਮ ਵੀ ਕਰਦਾ ਸੀ। ਜਿੰਨਾ ਵੀ ਧਨ ਦੌਲਤ ਇਸ ਪਰਿਵਾਰ ਕੋਲ ਸੀ, ਉਹ ਵੰਡ ਦੀ ਭੇਟ ਚੜ੍ਹ ਗਿਆ। ਜੋਧ ਸਿੰਘ ਦਾ ਪਰਿਵਾਰ ਢਿੱਡੋਂ ਭੁੱਖਾ ਲੁਧਿਆਣਾ ਨੇੜੇ ਇੱਕ ਗੁਰੂ ਘਰ ਵਿੱਚ ਦਿਨ ਕੱਟੀ ਕਰ ਰਿਹਾ ਸੀ। ਜਿਹਨਾਂ ਹਾਲਾਤਾਂ ਵਿੱਚ ਲੋਕ ਬਿਲਕੁਲ ਦਿਲ ਛੱਡ ਕੇ ਉਦਾਸੀ ਦੇ ਆਲਮ ਵਿੱਚ ਚਲੇ ਜਾਂਦੇ ਹਨ, ਉਸ ਹਾਲਾਤ ਵਿੱਚ ਜੋਧ ਸਿੰਘ ਨੇ ਇੱਕ ਮੁਸਲਮਾਨ ਤੋਂ 40 ਰੁਪਏ ਵਿੱਚ ਇੱਕ ਮੱਝ ਖਰੀਦ ਕੇ ਫ਼ਿਰ ਤੋਂ ਜੜ੍ਹਾਂ ਲਾਉਣ ਲਈ ਮਿਹਨਤ ਆਰੰਭ ਕਰ ਦਿੱਤੀ। ਇਹ ਉਸਦੇ ਮੱਝਾਂ ਅਤੇ ਗਾਵਾਂ ਦੇ ਵਪਾਰ ਦਾ ਪਹਿਲਾ ਸੌਦਾ ਸੀ। ਹੌਲੀ ਹੌਲੀ ਇਹ ਵਪਾਰ ਚੱਲ ਨਿਕਲਿਆ। ਜਦੋਂ ਉਹ ਆਪਣੇ ਪੈਰਾਂ ਸਿਰ ਖੜ੍ਹ ਗਿਆ ਤਾਂ ਉਸਨੇ ਆਪਣਾ ਕਰਮ ਖੇਤਰ ਕਲਕੱਤਾ ਬਣਾ ਲਿਆ। ਕਲਕੱਤੇ ਜਾ ਕੇ ਉਸਨੇ ਦੁੱਧ ਦੇ ਵਪਾਰ ਨੂੰ ਵੱਡੇ ਪੱਧਰ 'ਤੇ ਫ਼ੈਲਾ ਲਿਆ। ਦੁੱਧ ਦੀ ਸਪਲਾਈ ਵਿੱਚ ਉਸਨੇ ਬਹੁਤ ਧਨ ਕਮਾਉਣਾ ਸ਼ੁਰੂ ਕਰ ਦਿੱਤਾ ਸੀ।

ਇੱਕ ਹੋਰ ਦਿਲਚਸਪ ਘਟਨਾ ਵਾਪਰੀ, ਜਦੋਂ ਆਪਣੇ ਬੇਟੇ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖਲ ਕਰਾਉਣ ਗਿਆ ਤਾਂ ਦਾਖਲਾ ਨਾ ਮਿਲਿਆ। ਇਹ ਜੋਧ ਸਿੰਘ ਦਾ ਸਿੱਖਿਆ ਦੇ ਖੇਤਰ ਵਿੱਚ ਦਾਖਲਾ ਸੀ। ਅੱਜ ਜੋਧ ਸਿੰਘ ਦੇ ਸਿੱਖਿਆ ਸੰਸਥਾਨ ਬੰਗਾਲ ਦਾ ਸਿੱਖਿਆ ਦੇ ਖੇਤਰ ਵਿੱਚ ਇੱਕ ਵੱਡਾ ਗਰੁੱਪ ਹੈ। 'ਜਿਸ ਗਰੁੱਪ ਦਾ 'ਦੀ ਨਰੂਲਾ ਇੰਸਟੀਚਿਊਟ ਆਫ਼ ਟੈਕਨਾਲੌਜੀ (ਨਿਟ)' ਪੱਛਮੀ ਬੰਗਾਲ ਦਾ ਨਾਮੀ ਇੰਜੀਨੀਅਰਿੰਗ ਕਾਲਜ ਹੈ। ਇਸ ਗਰੁੱਪ ਦਾ ਮੈਡੀਕਲ ਕਾਲਜ ਵੀ ਹੈ। ਅੱਜ ਇਸ 'ਜਿਸ ਗਰੁੱਪ' ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਬਣ ਚੁੱਕੀਆਂ ਹਨ। 'ਆਜ ਤੱਕ' ਦੇ ਐਂਕਰ ਨੇ ਪਿਛਲੇ ਵਰ੍ਹੇ ਇੱਕ ਪ੍ਰੋਗਰਾਮ ਦੌਰਾਨ ਠੀਕ ਹੀ ਕਿਹਾ ਸੀ ਕਿ 'ਫ਼ੌਲਾਦੀ ਇਰਾਦੇ ਅਤੇ ਲੋਹੇ ਵਰਗੇ ਮਜ਼ਬੂਤ ਦਿਲ ਰੱਖਣ ਵਾਲਾ ਇਹ ਸਿੱਖ ਅੱਜ 'ਲੋਹੇ ਅਤੇ ਇਸਪਾਤ' ਦਾ ਕਾਰੋਬਾਰ ਵੀ ਕਰ ਰਿਹਾ ਹੈ। ਵੰਡ ਦੇ ਸਮੇਂ ਬਿਨਾਂ ਘਰ-ਬਾਰ ਅਤੇ ਗੁਰਦੁਆਰੇ ਵਿੱਚ ਦਿਲ ਕੱਟਣ ਵਾਲੇ ਜੋਧ ਸਿੰਘ ਅੱਜ ਆਪਣੀਆਂ ਰੀਅਲ ਅਸਟੇਟ ਕੰਪਨੀਆਂ ਰਾਹੀਂ ਵੱਡੇ ਵੱਡੇ ਮਕਾਨ ਅਤੇ ਭਵਨ ਬਣਵਾ ਰਿਹਾ ਹੈ।"

ਸੱਚਮੁਚ ਇਹ ਕਹਾਣੀ ਦ੍ਰਿੜ੍ਹ ਇਰਾਦੇ, ਮਜ਼ਬੂਤ ਇੱਛਾ ਸ਼ਕਤੀ ਅਤੇ ਮਿਹਨਤੀ ਹੱਥਾਂ ਦੀ ਜਿੱਤ ਦੀ ਕਹਾਣੀ ਹੈ। ਇਸ ਸਫ਼ਲ ਇਨਸਾਨ ਦੀ ਕਹਾਣੀ ਦੱਸਦੀ ਹੈ ਕਿ ਨਿਆਰੀ ਮੰਜ਼ਿਲ ਦੇ ਰਾਹ ਵਿੱਚ ਦੁਸ਼ਵਾਰੀਆਂ ਵੀ ਜਾਨ-ਲੇਵਾ ਆਉਂਦੀਆਂ ਹਨ। ਕੀਰਤੀ ਦੀ ਡਿਗਰੀ ਪ੍ਰਾਪਤ ਕਰਨ ਵਿੱਚ ਹਯਾਤੀ ਦਾ ਖਿਣ-ਖਿਣ ਤੇ ਸ਼ਕਤੀ ਦੀ ਤਿੱਪ-ਤਿੱਪ ਲੱਗ ਜਾਂਦੀ ਹੈ। ਸਿਖਰ ਤੇ ਪੁੱਜੇ ਟੰਬਾ-ਟੰਬਾ ਚੜ੍ਹੇ ਹੁੰਦੇ ਹਨ। ਵਕਤ ਤੇ ਪ੍ਰੀਖਿਆ ਦੀ ਆਵੀ ਵਿੱਚੋਂ ਦੀ ਪੱਕਿਆਂ ਦੀ ਹੀ ਅਹਿਮੀਅਤ ਹੀਰਕ ਅਤੇ ਪਲਾਟੀਨਮੀ ਹੁੰਦੀ ਹੈ। ਕੁਝ ਬਣਨ ਲਈ ਸਾਧਨਾਂ, ਰਿਆਜ਼, ਭਗਤੀ, ਮੁਸ਼ੱਕਤ, ਅਭਿਆਸ ਤੇ ਸ਼ਕਤੀ ਦੇ ਇਕਾਗਰਨ ਦੀ ਲੋੜ ਹੈ। ਨਿਸ਼ਾਨਾ ਕੇਵਲ ਉਹਨਾਂ ਦਾ ਹੀ ਸਫ਼ਲ ਹੁੰਦੈ, ਜਿਹਨਾਂ ਨੂੰ ਕੇਵਲ ਘੁੰਮਦੀ ਮੱਛੀ ਦੀ ਅੱਖ ਹੀ ਦਿੱਸਦੀ ਹੈ।



ਅਜਿਹੀ ਅਰਜਨੀ ਅੱਖ ਦਾ ਮਾਲਕ ਇੱਕ ਹੋਰ ਸ਼ਖਸ ਸਫ਼ਲਤਾ ਦੇ ਸਿਖਰ ਖੜ੍ਹੇ ਹੋ ਕੇ ਦੂਜੇ ਸਾਥੀਆਂ ਲਈ ਰੁਜ਼ਗਾਰ ਮੁਹੱਈਆ ਕਰਵਾ ਰਿਹਾ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਭਾਵੇਂ ਇਸ ਸ਼ਖਸ ਦੀ ਨਜ਼ਰ ਆਪਣੀ ਮੰਜ਼ਿਲ 'ਤੇ ਸੀ ਪਰ ਕੁਦਰਤ ਵੱਲੋਂ ਉਸ ਕੋਲ ਅੱਖਾਂ ਦੀ ਜੋਤ ਨਹੀਂ ਸੀ। ਜਵਾਨੀ ਰੁੱਤੇ ਉਸਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ ਪਰ ਉਸਨੇ ਦੁਨੀਆਂ ਨੂੰ ਰੌਸ਼ਨੀ ਦਿਖਾਉਣ ਦਾ ਰਸਤਾ ਚੁਣ ਲਿਆ ਸੀ। ਉਸਨੂੰ ਰੇਟਿਨਾ ਮੁਸਕਲਰ ਡਿਟੇਰਿਸ਼ੇਨ ਨਾਮ ਦੀ ਨਾਮੁਰਾਦ ਬਿਮਾਰੀ ਸੀ। ਇਸ ਬਿਮਾਰੀ ਨਾਲ ਮਰੀਜ਼ ਦੀਆਂ ਅੱਖਾਂ ਦੀ ਜੋਤ ਹੌਲੀ-ਹੌਲੀ ਚਲੀ ਜਾਂਦੀ ਹੈ। ਉਹ ਵੀ 23 ਵਰ੍ਹਿਆਂ ਵਿੱਚ ਉਹ ਬਿਲਕੁਲ ਜੋਤਹੀਣ ਹੋ ਗਿਆ ਸੀ। ਕਈ ਇਨਸਾਨਾਂ ਦੀ ਉਮਰ ਵਿੱਚ ਦੁੱਖਾਂ ਦੀ ਭਰਮਾਰ ਹੁੰਦੀ ਹੈ। ਉਹ ਵੀ ਦੁੱਖਾਂ ਨਾਲ ਘਿਰਿਆ ਇਨਸਾਨ ਸੀ। ਇਧਰੋਂ ਉਸਦੀਆਂ ਅੱਖਾਂ ਦੀ ਰੌਸ਼ਲੀ ਗਈ, ਉਧਰੋਂ ਉਸਦੀ ਕੈਂਸਰ ਨਾਲ ਪੀੜਤ ਮਾਂ ਚੱਲ ਵੱਸੀ। ਮਾਂ ਜੋ ਉਸਦੇ ਦੁੱਖਾਂ ਸੁੱਖਾਂ ਦੀ ਸਾਥੀ ਸੀ। ਮਾਂ ਜੋ ਉਸਦੀ ਪ੍ਰੇਰਨਾ ਸੀ। ਮਾਂ ਜੋ ਉਸਦੀ ਗੁਰੂ ਸੀ। ਜਦੋਂ ਵੀ ਸਕੂਲ ਵਿੱਚ ਬੱਚੇ ਘੱਟ ਨਿਗਾ ਕਾਰਨ ਹੋਈਆਂ ਗਲਤੀਆਂ ਕਾਰਨ ਉਸਨੂੰ ਛੇੜਦੇ ਤਾਂ ਮਾਂ ਹੀ ਸੀ ਜੋ ਉਸਨੂੰ ਸੀਨੇ ਨਾਲ ਲਾ ਕੇ ਪੁਚਕਾਰਦੀ ਸੀ ਅਤੇ ਕਹਿੰਦੀ ਸੀ, "ਕੋਈ ਨੀ ਪੁੱਤ ਕਦੇ ਇਹ ਸਾਰੇ ਤੇਰੀ ਦੋਸਤੀ ਨੂੰ ਲੋਚਣਗੇ।" ਉਸਦੀ ਮਾਂ ਦੇ ਜਾਣ ਤੋਂ ਬਾਅਦ ਉਹ ਬੁਰੀ ਤਰ੍ਹਾਂ ਟੁੱਟ ਚੁੱਕਾ ਸੀ। ਇੱਕ ਨੇਤਰਹੀਣ ਬੇਰੁਜ਼ਗਾਰ ਮਨੁੱਖ ਇਸ ਦੁਨੀਆਂ ਵਿੱਚ ਪੂਰੀ ਤਰ੍ਹਾਂ ਇੱਕਲਾ ਹੋ ਗਿਆ ਸੀ।

ਮੈਂ ਇਸ ਇਨਸਾਨ ਦੀ ਕਹਾਣੀ ਤੁਹਾਨੂੰ ਦੱਸ ਰਿਹਾ ਹਾਂ। ਉਸਦਾ ਨਾਮ ਭੁਪੇਸ਼ ਭਾਟੀਆ ਹੈ। ਨੇਤਰਹੀਣ ਭੁਪੇਸ਼ ਭਾਟੀਆ ਅੱਜ ਸੈਂਕੜੇ ਲੋਕਾਂ ਨੂੰ ਰੁਜ਼ਗਾਰ ਦੇ ਰਿਹਾ ਹੈ ਅਤੇ ਉਸਦੀ ਕੰਪਨੀ ਦੀ ਰਿਟਰਨ 25 ਕਰੋੜ ਸਾਲਾਨਾ ਦੇ ਲੱਗਭੱਗ ਹੈ।ਭੁਪੇਸ਼ ਦੀ ਸਫ਼ਲਤਾ ਪਿੱਛੇ ਕੋਈ ਕਰਾਮਾਤ ਜਾਂ ਜਾਦੂ ਨਹੀਂ ਸਗੋਂ ਮਿਹਨਤ ਅਤੇ ਸੰਘਰਸ਼ ਪੂਰਨ ਜ਼ਿੰਦਗੀ ਹੈ। ਭੁਪੇਸ਼ ਦੀਆਂ ਨੇਤਰਹੀਣ ਅੱਖਾਂ ਦੇ ਵੱਡੇ ਸੁਪਨੇ ਹਨ। ਇਹਨਾਂ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਿਆ ਉਸਦੀ ਬਣਾਈ 'ਸਨਰਾਈਜ਼ ਕੈਂਡਲਜ਼ ਕੰਪਨੀ' ਨੇ, ਜੋ ਅੱਜ 9000 ਤੋਂ ਵੱਧ ਡਿਜ਼ਾਇਨ ਵਾਲੀਆਂ ਸਧਾਰਨ ਅਤੇ ਸੁਗੰਧਿਤ ਮੋਮਬੱਤੀਆਂ ਬਣਾਉਂਦੀ ਹੈ। ਇਸ ਪੱਖੋਂ ਵੀ ਭੁਪੇਸ਼ ਦੀ ਕਹਾਣੀ ਬੜੀ ਦਿਲਚਸਪ ਹੈ। ਬੇਰੁਜ਼ਗਾਰ ਭੁਪੇਸ਼ ਨੇ ਆਪਣੀਆਂ ਰੌਸ਼ਨੀਹੀਣ ਅੱਖਾਂ ਦੇ ਬਾਵਜੂਦ ਹੱਥੀਂ ਕੰਮ ਕਰਕੇ ਪੈਸਾ ਕਮਾਉਣ ਦਾ ਨਿਰਣਾ ਕੀਤਾ ਅਤੇ ਪਤੰਗ ਬਣਾਉਣੇ ਸ਼ੁਰੂ ਕੀਤੇ। ਪਤੰਗਾਂ ਦੇ ਕੰਮ ਵਿੱਚ ਜ਼ਿਆਦਾ ਆਮਦਨ ਨਹੀਂ ਹੁੰਦੀ ਸੀ। ਫ਼ਿਰ ਭੁਪੇਸ਼ ਨੇ 'ਨੈਸ਼ਨਲ ਐਸੋਸੀਏਸ਼ਨ ਫ਼ਾਰ ਦੀ ਬਲਾਈਂਡ' ਤੋਂ ਮੋਮਬੱਤੀਆਂ ਬਣਾਉਣ ਦੀ ਟਰੇਨਿੰਗ ਲਈ ਅਤੇ ਉਹ ਮੋਮਬੱਤੀਆਂ ਬਣਾਉਣ ਨੂੰ ਰੁਜ਼ਗਾਰ ਦੇ ਤੌਰ 'ਤੇ ਅਪਣਾਉਣਾ ਚਾਹੁੰਦਾ ਸੀ ਪਰ ਉਸ ਕੋਲ ਸਰਮਾਏ ਦੀ ਘਾਟ ਸੀ। ਭੁਪੇਸ਼ ਨੇ ਮਹਾਰਾਸ਼ਟਰ ਦੇ ਮਹਾਂਬਲੇਸ਼ਵਰ ਵਿੱਚ ਮਸਾਜ ਅਤੇ ਐਕੂਪ੍ਰੈਸ਼ਰ ਦਾ ਧੰਦਾ ਸ਼ੁਰੂ ਕੀਤਾ ਪਰ ਸਫ਼ਲ ਨਹੀਂ ਹੋ ਸਕਿਆ। ਫ਼ਿਰ ਉਸਨੇ ਆਪਣਾ ਮਨਪਸੰਦ ਮੋਮਬੱਤੀਆਂ ਬਣਾਉਣ ਦਾ ਧੰਦਾ ਛੋਟੇ ਉਦਯੋਗ ਦੇ ਤੌਰ 'ਤੇ ਸ਼ੁਰੂ ਕੀਤਾ। ਉਹ ਆਪਣੀਆਂ ਬਣਾਈਆਂ ਮੋਮਬੱਤੀਆਂ ਨੂੰ ਚਰਚ ਦੇ ਸਾਹਮਣੇ ਵੇਚਣ ਜਾਣ ਲੱਗਾ। ਉਥੇ ਉਸਨੂੰ ਨੀਤਾ ਨਾਮ ਦੀ ਇੱਕ ਲੜਕੀ ਮਿਲੀ। ਨੀਤਾ ਨੂੰ ਇਸ ਨੇਤਰਹੀਣ ਭੁਪੇਸ਼ ਨਾਲ ਪ੍ਰੇਮ ਹੋ ਗਿਆ ਅਤੇ ਉਸਨੇ ਆਪਣੇ ਘਰਦਿਆਂ ਦੇ ਵਿਰੋਧ ਦੇ ਬਾਵਜੂਦ ਭੁਪੇਸ਼ ਨਾਲ ਵਿਆਹ ਕਰਵਾ ਲਿਆ। ਭੁਪੇਸ਼ ਨੇ ਬੜੀ ਮੁਸ਼ਕਿਲ ਨਾਲ ਇੱਕ ਬੈਂਕ ਤੋਂ ਕਰਜਾ ਲਿਆ ਅਤੇ 'ਸਨਰਾਈਜ਼ ਕੈਂਡਲਜ਼ ਕੰਪਨੀ' ਖੋਲ੍ਹ ਲਈ। ਹੌਲੀ ਹੌਲੀ ਉਸ ਦੀ ਮਿਹਨਤ ਰੰਗ ਲਿਆਉਣ ਲੱਗੀ। ਉਸਦੀਆਂ ਮੋਮਬੱਤੀਆਂ ਦੀ ਮੰਗ ਵਧਣ ਲੱਗੀ। ਉਸਨੇ ਨਵੇਂ ਨਵੇਂ ਡਿਜ਼ਾਇਨ ਵਿੱਚ ਮੋਮਬੱਤੀਆਂ ਬਣਾਉਣੀਆਂ ਆਰੰਭ ਕਰ ਦਿੱਤੀਆਂ। ਇਸੇ ਤਰ੍ਹਾਂ ਉਸ ਨੇ ਸੁਗੰਧ ਦੇਣ ਵਾਲੀਆਂ ਮੋਮਬੱਤੀਆਂ ਵੀ ਬਣਾ ਕੇ ਮਾਰਕੀਟ ਵਿੱਚ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਰਿਲਾਇੰਸ ਅਤੇ ਹੋਰ ਵੱਡੀਆਂ ਕੰਪਨੀਆਂ ਨੇ ਭੁਪੇਸ਼ ਤੋਂ ਮਾਲ ਖਰੀਦਣਾ ਸ਼ੁਰੂ ਕਰ ਦਿੱਤਾ। ਅੱਜ ਠੇਲੇ 'ਤੇ ਮੋਮਬੱਤੀਆਂ ਵੇਚਣ ਵਾਲਾ ਭੁਪੇਸ਼ ਕਰੋੜਾਂ ਦੀ ਸੰਪਤੀ ਦਾ ਮਾਲਕ ਹੈ ਅਤੇ ਉਸਦਾ ਮਜ਼ਾਕ ਉਡਾਉਣ ਵਾਲੇ ਉਸਦੇ ਸਾਥੀ ਉਸਦੇ ਮੁਲਾਜ਼ਮਾਂ ਵਿੱਚ ਸ਼ਾਮਲ ਹਨ। ਭੁਪੇਸ਼ ਦੀ ਕਹਾਣੀ ਸਪਸ਼ਟ ਸੂਤਰ ਦੇ ਰਹੀ ਹੈ ਕਿ

ਕੁਝ ਕਰਨੇ ਕੇ ਲੀਏ ਮੌਸਮ ਨਹੀਂ ਮਨ ਚਾਹੀਏ
ਸਾਧਨ ਸਭੀ ਜੁਟ ਜਾਏਂਗੇ ਸੰਕਲਪ ਕਾ ਧਨ ਚਾਹੀਏ।

ਸੋ, ਜੋਧ ਸਿੰਘ ਹੋਵੇ ਜਾਂ ਭੁਪੇਸ਼ ਭਾਟੀਆ, ਇੱਕ ਗੱਲ ਤਾਂ ਸਪਸ਼ਟ ਨਜ਼ਰ ਆਉਂਦੀ ਹੈ ਕਿ ਸੰਕਲਪ ਤੇ ਇਰਾਦੇ ਹੀ ਅਸਲੀ ਸਰਗਰਮੀਆਂ ਸਿਰਜਦੇ ਹਨ। ਉਹਨਾਂ ਨੂੰ ਸੁਭਾਵਿਕ ਹੀ ਇਹ ਇਲਮ ਹੁੰਦਾ ਹੈ ਕਿ ਕੇਵਲ ਚਾਹੁਣ ਨਾਲ ਨਹੀਂ, ਕੁਝ ਸਾਰਥਕ ਕਰਨ ਨਾਲ ਹੀ ਪ੍ਰਾਪਤੀਆਂ ਹੁੰਦੀਆਂ ਹਨ। ਲਗਨ ਤੇ ਮਿਹਨਤ ਦੀ ਨਿਰੰਤਰਤਾ ਜਿੱਤ ਦੀ ਜ਼ਾਮਨ ਹੁੰਦੀ ਹੈ। ਅਜਿਹੇ ਲੋਕ ਵਿਪਰੀਤ ਹਾਲਾਤ ਤੋਂ ਨਹੀਂ ਘਬਰਾਉਂਦੇ। ਉਹ ਤਾਂ ਇਹ ਕਹਿੰਦੇ ਸੁਣਾਈ ਦਿੰਦੇ ਹਨ:

ਜ਼ਿੰਦਗੀ ਅਪਨੀ ਕਸ਼ਮਕਸ਼ ਹੀ ਮੇਂ ਘਿਰ ਕਰ ਉਭਰੀ
ਹੈਂ ਵੋ ਔਰ ਜੋ ਹਾਲਾਤ ਸੇ ਘਬਰਾਤੇ ਹੈਂ।

**ਜੇ ਹਿੰਮਤ ਹੋਵੇ, ਲਗਨ ਹੋਵੇ, ਹੌਸਲਾ ਹੋਵੇ ਅਤੇ ਇਰਾਦਾ ਦ੍ਰਿੜ੍ਹ ਹੋਵੇ ਤਾਂ ਬੰਦਾ ਜ਼ੀਰੋ ਤੋਂ ਹੀਰੋ ਹੋ ਸਕਦਾ ਹੈ। ਅਰਸ਼ ਤੋਂ ਫ਼ਰਸ਼ ਤਕ ਦੀ ਉਡਾਰੀ ਮਾਰ ਸਕਦਾ ਹੈ। ਸੰਕਲਪ ਤੇ ਇਰਾਦੇ ਹੀ ਅਸਲੀ ਸਰਗਰਮੀਆਂ ਸਿਰਜਦੇ ਹਨ। ਇੱਛਾ ਵਿਉਂਤ ਦੀ ਜਣਨੀ ਹੈ ਅਤੇ ਵਿਉਂਤਾਂ ਇਤਿਹਾਸ ਸਿਰਜਦੀਆਂ ਹਨ। ਜੋ ਐਵਰੈਸਟ ਦੀ ਤਮੰਨਾ ਦਿਲ ਵਿੱਚ ਪਾਲਦੇ ਹਨ ਉਹੀ ਇੱਕ ਦਿਨ ਜੋਖ਼ਮਾਂ ਵਿੱਚੋਂ ਲੰਘ ਕੇ ਮੰਜ਼ਿਲਾਂ ਦੇ ਮੁਹਾਂਦਰੇ ਦੇ ਰੂਬਰੂ ਹੁੰਦੇ ਹਨ। ਕੁਝ ਕਰ ਗੁਜ਼ਰਨ ਦੀ ਇੱਛਾ ਵਾਲੇ ਤੌਫ਼ੀਕਾਂ ਨਾਲ ਹੀ ਲੈ ਕੇ ਜੰਮਦੇ ਹਨ। ਅਜਿਹਾ ਹੀ ਇੱਕ ਸਖ਼ਸ਼ ਹੈ ਜੋਧ ਸਿੰਘ।**



**ਸੋ, ਜੋਧ ਸਿੰਘ ਹੋਵੇ ਜਾਂ ਭੁਪੇਸ਼ ਭਾਟੀਆ, ਇੱਕ ਗੱਲ ਤਾਂ ਸਪਸ਼ਟ ਨਜ਼ਰ ਆਉਂਦੀ ਹੈ ਕਿ ਸੰਕਲਪ ਤੇ ਇਰਾਦੇ ਹੀ ਅਸਲੀ ਸਰਗਰਮੀਆਂ ਸਿਰਜਦੇ ਹਨ। ਉਹਨਾਂ ਨੂੰ ਸੁਭਾਵਿਕ ਹੀ ਇਹ ਇਲਮ ਹੁੰਦਾ ਹੈ ਕਿ ਕੇਵਲ ਚਾਹੁਣ ਨਾਲ ਨਹੀਂ, ਕੁਝ ਸਾਰਥਕ ਕਰਨ ਨਾਲ ਹੀ ਪ੍ਰਾਪਤੀਆਂ ਹੁੰਦੀਆਂ ਹਨ। ਲਗਨ ਤੇ ਮਿਹਨਤ ਦੀ ਨਿਰੰਤਰਤਾ ਜਿੱਤ ਦੀ ਜ਼ਾਮਨ ਹੁੰਦੀ ਹੈ। ਅਜਿਹੇ ਲੋਕ ਵਿਪਰੀਤ ਹਾਲਾਤ ਤੋਂ ਨਹੀਂ ਘਬਰਾਉਂਦੇ। ਉਹ ਤਾਂ ਇਹ ਕਹਿੰਦੇ ਸੁਣਾਈ ਦਿੰਦੇ ਹਨ:
ਜ਼ਿੰਦਗੀ ਅਪਨੀ ਕਸ਼ਮਕਸ਼ ਹੀ ਮੇਂ ਘਿਰ ਕਰ ਉਭਰੀ
ਹੈਂ ਵੋ ਔਰ ਜੋ ਹਾਲਾਤ ਸੇ ਘਬਰਾਤੇ ਹੈਂ।**

## ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਵਿਚਾਰਾ ਬੱਸ ਡਰਾਈਵਰ !!

ਜਿਸ ਦਿਨ ਮੈਂ ਇੰਡੀਆ ਤੋਂ ਵਾਪਸ ਕੈਨੇਡਾ ਨੂੰ ਤੁਰਨਾ ਸੀ, ਲਾਇਲਪੁਰ ਖਾਲਸਾ ਕੌਲਿਜ ਪ੍ਰੋ. ਬੁੱਟਰ ਨੂੰ ਮਿਲਣ ਗਿਆ ਤਾਂ ਮੀਟਿੰਗ ਰੂਮ ਵਿੱਚ ਕੌਲਿਜ ਦੇ ਕਾਫੀ ਸਾਰੇ ਸਟਾਫ਼ ਨਾਲ਼ ਰਾਜਿੰਦਰ ਬਿਮਲ ਜੀ ਵੀ ਬੈਠੇ ਹੋਏ ਸਨ, ਜੋ ਮੈਨੂੰ ਮਿਲਣ ਲਈ ਆਏ ਸਨ। ਅਚਾਨਕ ਬੁੱਟਰ ਸਾਹਿਬ ਨੇ ਸਵਾਲ ਕਰ ਦਿੱਤਾ, "ਖਹਿਰਾ ਸਾਹਿਬ, ਤੁਸੀਂ ਨੌਕਰੀ ਕੀ ਕਰਦੇ ਓ ਕੈਨੇਡਾ ਵਿੱਚ?" ਇਸ ਤੋਂ ਪਹਿਲਾਂ ਕਿ ਮੈਂ ਜਵਾਬ ਦਿੰਦਾ, ਬਿਮਲ ਜੀ ਬੋਲੇ, "ਔਰਤ ਨੂੰ ਉਮਰ ਐਨ ਆਰ ਆਈ ਨੂੰ ਕਦੇ ਪੇਸ਼ਾ ਨਹੀਂ ਪੁੱਛੀਦਾ।"

"ਮੈਂ ਬਰੈਂਪਟਨ ਸਿਟੀ ਵਿੱਚ ਸਰਕਾਰੀ ਬੱਸ ਚਲਾਉਂਦਾ ਹਾਂ।" ਹੱਸਦਿਆਂ ਹੋਇਆਂ ਪਰ ਮਾਣ ਨਾਲ਼ ਮੈਂ ਜਵਾਬ ਦਿੱਤਾ।

"ਚਲੋ ਜੀ, ਕੰਮ ਹੀ ਕਰਨਾ, ਕੰਮ ਤੇ ਕੋਈ ਵੀ ਮਾੜਾ ਨਹੀਂ।" ਬਿਮਲ ਜੀ ਨੇ 'ਹਮਦਰਦੀ' ਭਰੇ ਬੋਲ ਸਾਂਝੇ ਕੀਤੇ। ਉਨ੍ਹਾਂ ਦੀ ਹਾਂ 'ਚ ਹਾਂ ਮਿਲਾਉਂਦਿਆਂ ਕੁਝ ਹੋਰ ਸਟਾਫ਼ ਮੈਂਬਰਾਂ ਨੇ ਵੀ ਮੇਰੀ 'ਹੌਸਲਾ-ਅਫਜ਼ਾਈ' ਕੀਤੀ। ਇਹ ਗੱਲ ਸੁਣ ਕੇ ਮੈਨੂੰ ਉਹ ਦਿਨ ਯਾਦ ਆ ਗਿਆ ਜਦੋਂ ਮੈਨੂੰ ਇਹ ਨੌਕਰੀ ਮਿਲ਼ੀ ਸੀ:

ਜਦੋਂ ਮੈਂ ਇਸ ਨੌਕਰੀ ਲਈ ਕੋਸ਼ਿਸ਼ ਕਰ ਰਿਹਾ ਸੀ ਤਾਂ ਉਨ੍ਹੀਂ ਦਿਨੀਂ ਅਨੀਤਾ, ਸ਼ਬਦੀਸ਼, ਹਰਦੀਪ ਗਿੱਲ, ਅਤੇ ਹਰਕੇਸ਼ ਚੌਧਰੀ ਟਰਾਂਟੋ ਆਏ ਹੋਏ ਸਨ ਤੇ ਅਕਸਰ ਹੀ ਅਸੀਂ ਇਕੱਠੇ ਹੋ ਜਾਂਦੇ ਸੀ। ਜਦੋਂ ਮੈਨੂੰ ਨੌਕਰੀ ਦੀ ਹਾਂ ਹੋਈ ਉਦੋਂ ਉਹ ਵਾਪਸ ਇੰਡੀਆ ਜਾ ਚੁੱਕੇ ਸਨ। ਮੈਂ ਬੜੇ ਚਾਅ ਨਾਲ਼ ਅਨੀਤਾ ਹੁਰਾਂ ਨੂੰ ਫੋਨ ਕੀਤਾ ਕਿ ਮੈਨੂੰ ਬੱਸ ਦੀ ਨੌਕਰੀ ਮਿਲ਼ ਗਈ ਹੈ। (ਇਸ ਤੋਂ ਪਹਿਲਾਂ ਮੈਂ 14 ਸਾਲ਼ ਸੁਪਰਵਾਈਜ਼ਰ ਤੇ ਫਿਰ ਮੈਨੇਜਰ ਦੀ ਨੌਕਰੀ ਕਰ ਚੁੱਕਾ ਸੀ ਤੇ ਨੌਕਰੀ ਮਿਲਣ ਸਮੇਂ ਕਾਰਾਂ ਸਿਖਾਉਣ ਦਾ ਆਪਣਾ ਡਰਾਈਵਿੰਗ ਸਕੂਲ ਚਲਾ ਰਿਹਾ ਸੀ) ਅੱਗੋਂ ਸ਼ਬਦੀਸ਼ ਨੇ ਫੋਨ ਚੁੱਕਿਆ ਤੇ ਇਸੇ ਤਰ੍ਹਾਂ ਹੀ ਹਮਦਰਦੀ ਜਤਾਉਂਦਾ ਹੋਇਆ ਬੋਲਿਆ, "ਕੋਈ ਨਾ ਖਹਿਰੇ, ਨੌਕਰੀ ਤੇ ਨੌਕਰੀ ਹੁੰਦੀ ਆ, ਚੱਲ ਫਿਰ ਕੀ ਹੋਇਆ।"


ਮੈਂ ਸੋਚਣ ਲੱਗਾ ਕਿ ਇਹ 'ਹਮਦਰਦੀ' ਅਸਲ ਵਿੱਚ ਸਾਡਾ ਪੰਜਾਬ ਵਿਚਲੇ ਬੱਸ ਡਰਾਈਵਰਾਂ ਬਾਰੇ ਬਣੇ ਨਜ਼ਰੀਏ 'ਚੋਂ ਆ ਰਹੀ ਹੈ। ਪੰਜਾਬ ਵਿੱਚ ਬੱਸ ਡਰਾਈਵਰਾਂ ਪ੍ਰਤੀ ਜੋ ਨਜ਼ਰੀਆ ਹੈ, ਉਸਨੂੰ ਬਿਆਨ ਕਰਦਾ ਇੱਕ ਹੋਰ ਵਾਕਿਆ ਯਾਦ ਆ ਰਿਹਾ ਹੈ:

ਇੱਕ ਵਾਰ ਮੇਰੀ ਬੱਸ ਵਿੱਚ ਸਰਦਾਰ ਬਜ਼ੁਰਗ ਚੜ੍ਹਿਆ। ਜਿਸ ਸਲੀਕੇ ਨਾਲ਼ ਉਸ ਨੇ ਕਮੀਜ਼ ਪਜਾਮਾ ਪਾਇਆ ਹੋਇਆ ਸੀ ਤੇ ਪੱਗ ਬੰਨ੍ਹੀ ਸੀ, ਉਸ ਤੋਂ ਉਹ ਕਾਫੀ ਪੜ੍ਹਿਆ-ਲਿਖਿਆ ਲੱਗ ਰਿਹਾ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਮੈਂ ਪੰਜਾਬੀ ਹਾਂ ਤਾਂ ਦੋਹਵੇਂ ਬਾਹਵਾਂ ਪਸਾਰ ਕੇ ਬੱਸ ਦੀਆਂ ਸਾਈਡਾਂ ਨੂੰ ਹੱਥ ਪਾਉਂਦਾ ਹੋਇਆ ਉਹ ਮੇਰੇ ਕੋਲ਼ ਖਲੋ ਕੇ ਬੋਲਿਆ, "ਵੇਖ ਲੈ ਕਾਕਾ ਇੰਡੀਆ 'ਚ ਬੱਸ ਉਹ ਚਲਾਉਂਦਾ, ਜਿਸ ਨੂੰ ਕੋਈ ਪਾਸਾ ਨਹੀਂ ਝੱਲਦਾ...." ਏਨੀ ਗੱਲ ਸੁਣ ਕੇ ਮੈਨੂੰ ਝਟਕਾ ਲੱਗਾ। ਦਿਲ ਕੀਤਾ ਜ਼ੋਰ ਦੀ ਬਰੇਕ ਮਾਰ ਕੇ ਬਾਬੇ ਨੂੰ ਵਿੰਡਸ਼ੀਲਡ ਵਿੱਚ ਦੀ ਬਾਹਰ ਕੱਢ ਦਿਆਂ... ਪਰ ਆਪਣਾ ਵਾਕ ਪੂਰਾ ਕਰਦਾ ਹੋਇਆ ਬਾਬਾ ਬੋਲਿਆ, "ਪਰ ਏਥੇ ਬੱਸ ਦੀ ਨੌਕਰੀ ਉਸੇ ਨੂੰ ਮਿਲਦੀ ਆ ਜਿਸ ਨੂੰ ਸਾਰਾ ਗਿਆਨ ਹੋਵੇ।" ਮੈਨੂੰ ਲੱਗਾ ਕਿ ਬਾਬਾ "ਸਿਆਣਾ" ਹੈ। (ਗੱਲਾਂ ਗੱਲਾਂ 'ਚ ਪਤਾ ਲੱਗਾ ਕਿ ਉਸਾ ਪੁੱਤ ਵੀ ਬੱਸ ਚਲਾਉਂਦਾ ਹੈ)

ਮੈਨੂੰ ਲੱਗਾ ਕਿ ਬਿਮਲ ਜੀ ਅਤੇ ਸਟਾਫ਼ ਦੇ ਬਾਕੀ ਮੈਂਬਰਾਂ ਦਾ ਨਜ਼ਰੀਆ ਵੀ ਇਸੇ ਹੀ ਪ੍ਰਭਾਵ ਹੇਠ ਬਣਿਆ ਹੋਇਆ ਸੀ। ਪਰ ਜੋ ਲੋਕ ਕੈਨੇਡਾ ਰਹਿੰਦੇ ਨੇ ਉਹ ਜਾਣਦੇ ਨੇ ਕਿ ਬੱਸ ਦੀ ਨੌਕਰੀ ਲੈਣਾ ਕੋਈ ਸੌਖਾ ਕੰਮ ਨਹੀਂ। ਬਰੈਂਪਟਨ ਟਰਾਂਸਿਟ ਸਾਲ ਵਿੱਚ 50-60 ਨਵੇਂ ਡਰਾਈਵਰ ਰੱਖਦੀ ਹੈ ਤੇ ਇਨ੍ਹਾਂ 50-60 ਪੁਜੀਸ਼ਨਾਂ ਲਈ 6 ਤੋਂ 7 ਹਜ਼ਾਰ ਐਪਲੀਕੇਸ਼ਨ ਹੁੰਦੀ ਹੈ। ਕਸਟਮਰ ਸਰਵਿਸ, ਪਬਲਿਕ ਸੇਫਟੀ, ਅਤੇ ਜਨਰਲ ਜਾਣਕਾਰੀ ਦੇ ਨਾਲ਼ ਨਾਲ਼ ਰੀਪੋਰਟਾਂ ਲਿਖਣ ਦੇ ਤਿੰਨ ਚਾਰ ਟੈਸਟਾਂ ਤੋਂ ਬਾਅਦ ਇੰਟਰਵਿਊ ਪਾਸ ਕਰਨ ਤੋਂ ਬਾਅਦ ਏਨੇ ਬੰਦਸਿਆਂ 'ਚੋਂ 50-60 ਨੂੰ ਇਹ ਨੌਕਰੀ ਮਿਲਦੀ ਹੈ ਜਿਸ ਲਈ ਕੈਨੇਡਾ ਦੀਆ ਬਾਰਾਂ ਜਮਾਤਾਂ ਜਾਂ ਇੰਡੀਆ ਦੀ ਡਿਗਰੀ ਹੋਣੀ ਜ਼ਰੂਰੀ ਹੈ। ਏਥੋਂ ਦੇ ਬੱਸ ਡਰਾਈਵਰ ਦੀ ਨੌਕਰੀ ਆਮ ਪ੍ਰੋਫੈਸ਼ਨਲਾਂ ਤੋਂ ਜ਼ਿਆਦੀ ਅਤੇ ਤਕਰੀਬਨ ਪ੍ਰੋਫੈਸਰਾਂ ਜਿੰਨੀ ਤਨਖ਼ਾਹ ਵਾਲ਼ੀ ਹੈ। ਇਸ ਵਿੱਚ ਇੱਜ਼ਤ-ਮਾਣ ਵੀ ਪੂਰਾ ਹੈ। ਪਰ ਜੋ ਨਜ਼ਰੀਆ ਸਾਡਾ ਬਣ ਚੁੱਕਾ ਹੈ ਉਸ ਅਧੀਨ ਤਾਂ ਦੱਸਣ ਲੱਗਿਆਂ ਪੱਕਾ ਯਕੀਨ ਹੁੰਦਾ ਹੈ ਕਿ ਅੱਗੋਂ ਇਹੋ ਹੀ ਜਵਾਬ ਮਿਲ਼ੇਗਾ ,"ਚੱਲ ਯਾਰ ਖਹਿਰੇ..." ਜਿਵੇਂ ਕਹਿ ਰਹੇ ਹੋਣ, "ਵਿਚਾਰਾ ਬੱਸ ਡਰਾਈਵਰ!!!" .... ਬਾਕੀ ਕੈਨੇਡਾ ਵੱਸਦੇ ਸਾਥੀ ਇਸ ਨੌਕਰੀ ਬਾਰੇ ਦੱਸ ਸਕਦੇ ਨੇ,

(**ਕੁਲਵਿੰਦਰ ਖੈਹਿਰਾ ਦੀ ਕੰਧ ਤੋਂ ਧੰਨਵਾਦ ਸਹਿਤ**)



**ਨਿਕੰਮਾ ਅਤੇ ਅੱਯਾਸ਼ ਉਦਯਨ ਚਲਾਕ ਵੀ ਘੱਟ ਨਹੀਂ ਸੀ। ਉਸ ਨੇ ਇੰਦੌਰ ਤੋਂ ਪਿਤਾ ਦਾ ਅਤੇ ਇਟਾਰਸੀ ਨਗਰ ਪਾਲਿਕਾ ਤੋਂ ਮਾਂ ਦੀ ਮੌਤ ਦਾ ਝੂਠਾ ਸਰਟੀਫ਼ਿਕੇਟ ਬਣਵਾਇਆ ਅਤੇ ਉਹਨਾਂ ਦੀ ਸਾਰੀ ਜਾਇਦਾਦ ਆਪਣੇ ਨਾਂ ਕਰਵਾ ਲਈ। ਮਾਂ ਦੀ ਪੈਨਸ਼ਨ ਲਈ ਜ਼ਰੂਰੀ ਸੀ ਕਿ ਉਹਨਾਂ ਦੇ ਜ਼ਿੰਦਾ ਹੋਣ ਦਾ ਸਰਟੀਫ਼ਿਕੇਟ ਬਣਵਾਇਆ ਜਾਵੇ ਜੋ ਉਸ ਨੇ ਸਾਲ 2012 ਵਿੱਚ ਦਿੱਲੀ ਦੀ ਡਿਫ਼ੈਂਸ ਕਾਲੋਨੀ ਦੇ ਇੱਕ ਡਾਕਟਰ ਤੋਂ ਬਣਵਾਇਆ ਅਤੇ ਬੈਂਕ ਮੁਲਾਜ਼ਮਾਂ ਨੂੰ ਰਿਸ਼ਵਤ ਦੇ ਕੇ ਹਰ ਮਹੀਨੇ ਪੈਨਸ਼ਨ ਕਢਾਉਣ ਲੱਗਿਆ। ਅਕਾਂਕਸ਼ਾ ਸੋਸ਼ਲ ਮੀਡੀਆ ਦੇ ਚੱਕਰ ਵਿੱਚ ਫ਼ਸ ਗਈ ਅਤੇ ਬਦਮਾਸ਼ ਉਦਯਨ ਤੋਂ ਮਾਰੀ ਗਈ।**

# ਸਿਰਫ਼ਿਰਿਆ ਆਸ਼ਿਕ ਬਣਿਆ ਵਹਿਸ਼ੀ ਕਾਤਲ

ਭੋਪਾਲ, (ਮੱਧ ਪ੍ਰਦੇਸ਼) ਦੇ ਤਕਰੀਬਨ 32 ਸਾਲਾ ਉਦਯਨ ਦਾਸ ਨੂੰ ਅਯਾਸ਼ੀ ਕਰਨ ਦੇ ਲਈ ਦੌਲਤ ਨਹੀਂ ਕਮਾਉਣੀ ਪਈ ਸੀ ਕਿਉਂਕਿ ਉਸ ਦੇ ਮਾਂ-ਬਾਪ ਇੰਨਾ ਕਮਾ ਕੇ ਰੱਖ ਗਏ ਸਨ ਕਿ ਜੇਕਰ ਉਹ ਕੁਝ ਕੰਮ ਨਾ ਕਰਦਾ ਤਾਂ ਵੀ ਜ਼ਿੰਦਗੀ ਵਿੱਚ ਕਦੀ ਭੁੱਖਾ ਨਾ ਸੌਂਦਾ। ਉਦਯਨ ਦਾਸ ਦੀਆਂ ਕਈ ਮਾਸ਼ੂਕਾਂ ਸਨ। ਉਹਨਾਂ ਵਿੱਚੋਂ ਇੱਕ ਸੀ ਕਲਕੱਤਾ ਦੀ ਰਹਿਣ ਵਾਲੀ 26 ਸਾਲਾ ਅਕਾਂਕਸ਼ਾ ਸ਼ਰਮਾ, ਜੋ ਐਮ.ਐਸ.ਸੀ. ਪਾਸ ਸੀ। ਉਸ ਦੇ ਪਿਤਾ ਸ਼ਿਵੇਂਦਰ ਸ਼ਰਮਾ ਪੱਛਮੀ ਬੰਗਾਲ ਦੇ ਬਾਂਕੁਰਾ ਜ਼ਿਲ੍ਹੇ ਦੇ ਇੱਕ ਬੈਂਕ ਵਿੱਚ ਚੀਫ਼ ਮੈਨੇਜਰ ਸੀ ਅੱਜ ਤੋਂ ਤਕਰੀਬਨ 8 ਸਾਲ ਪਹਿਲਾਂ ਅਕਾਂਕਸ਼ਾ ਸ਼ਰਮਾ ਦੀ ਦੋਸਤੀ ਫ਼ੇਸਬੁੱਕ ਦੇ ਜ਼ਰੀਏ ਉਦਯਨ ਦਾਸ ਨਾਲ ਹੋਈ। ਫ਼ੇਸਬੁੱਕ ਚੈਕਿੰਗ ਵਿੱਚ ਉਦਯਨ ਦਾਸ ਨੇ ਖ਼ੁਦ ਨੂੰ ਆਈ.ਐਫ਼.ਐਸ.ਅਫ਼ਸਰ ਦੱਸਿਆ ਜੋ ਅਮਰੀਕਾ ਵਿੱਚ ਰਹਿੰਦਾ ਹੈ ਅਤੇ ਅਕਸਰ ਭਾਰਤ ਆਇਆ ਕਰਦਾ ਹੈ। ਆਪਣੇ ਪਿਤਾ ਬੀ.ਕੇ ਦਾਸ ਨੂੰ ਉਸ ਨੇ ਭੇਲ, ਭੋਪਾਲ ਦਾ ਅਫ਼ਸਰ ਦੱਸਿਆ ਸੀ, ਜੋ ਰਿਟਾਇਰਮੈਂਟ ਤੋਂ ਬਾਅਦ ਰਾਏਪੁਰ ਵਿੱਚ ਖ਼ੁਦ ਦੀ ਫ਼ੈਕਟਰੀ ਚਲਾ ਰਿਹਾ ਹੈ ਅਤੇ ਮਾਂ ਇੰਦਰਾਣੀ ਦਾਸ ਨੂੰ ਪੁਲਿਸ ਮਹਿਕਮੇ ਤੋਂ ਰਿਟਾਇਰਡ ਡੀ.ਐਸ.ਪੀ.ਦੱਸਿਆ। ਉਸ ਨੇ ਮਾਂ ਦਾ ਵੀ ਅਮਰੀਕਾ ਵਿੱਚ ਰਹਿਣਾ ਦੱਸਿਆ ਸੀ। ਉਦਯਨ ਦਾਸ ਨੇ ਅਕਾਂਕਸ਼ਾ ਸ਼ਰਮਾ ਨੂੰ ਵੀ ਦੱਸਿਆ ਕਿ ਉਹ ਆਈ.ਆਈ.ਟੀ. ਦਿੱਲੀ ਤੋਂ ਗ੍ਰੈਜੂਏਟ ਹੈ। ਜਾਣ-ਪਛਾਣ ਵਧੀ, ਦੋਸਤੀ ਹੋਈ ਅਤੇ ਫ਼ਿਰ ਮਿਲਣਾ-ਜੁਲਣਾ ਆਰੰਭ ਕਰ ਦਿੱਤਾ। ਉਦਯਨ ਦਾਸ ਬੇਸ਼ੱਕ ਹੀ ਭੋਪਾਲ ਵਿੱਚ ਰਹਿੰਦਾ ਸੀ, ਪਰ ਅਕਾਂਕਸ਼ਾ ਸ਼ਰਮਾ ਦੇ ਲਈ ਤਾਂ ਉਹ ਅਮਰੀਕਾ ਵਿੱਚ ਸੀ। ਇਸ ਕਰਕੇ ਜਲਦੀ ਹੀ ਉਦਯਨ ਦਾਸ ਨੇ ਦੱਸਿਆ ਕਿ ਉਹ ਦਿੱਲੀ ਆ ਰਿਹਾ ਹੈ। ਦੋਵੇਂ ਦਿੱਲੀ ਵਿੱਚ ਮਿਲੇ ਅਤੇ ਕੁਝ ਦਿਨ ਇੱਕੱਠੇ ਗੁਜ਼ਾਰੇ। ਉਦਯਨ ਦਾਸ ਦੀ ਅਮੀਰੀ ਦਾ ਅਕਾਂਕਸ਼ਾ ਤੇ ਕਾਫ਼ੀ ਅਸਰ ਪਿਆ। ਉਹ ਦੋਵੇਂ ਇੱਕੱਠੇ ਹਰਿਦੁਆਰ, ਮਸੂਰੀ ਅਤੇ ਦੇਹਰਾਦੂਨ ਵੀ ਘੁੰਮਣ ਗਏ ਅਤੇ ਇੱਕ ਹੀ ਹੋਟਲ ਵਿੱਚ ਇੱਕੱਠੇ ਇੱਕ ਕਮਰੇ ਵਿੱਚ ਰੁਕੇ। ਫ਼ਿਰ ਉਦਯਨ ਦਾਸ ਅਮਰੀਕਾ ਯਾਨਿ ਭੋਪਾਲ ਵਾਪਸ ਗਿਆ, ਇਸ ਵਾਅਦੇ ਨਾਲ ਕਿ ਜਲਦੀ ਵਾਪਸ ਆਵੇਗਾ ਅਤੇ ਹੁਣ ਉਹ ਦੋਵੇਂ ਭੋਪਾਲ ਵਿੱਚ ਮਿਲਣਗੇ, ਜਿੱਥੇ ਉਸ ਦੇ 2 ਮਕਾਨ ਹਨ। ਉਦਯਨ ਦਾਸ ਨੇ ਅਕਾਂਕਸ਼ਾ ਨੂੰ ਦੱਸਿਆ ਕਿ ਉਸ ਦਾ ਭੋਪਾਲ ਵਾਲਾ ਮਕਾਨ ਕਾਫ਼ੀ ਵੱਡਾ ਹੈ ਅਤੇ ਉਸ ਦੇ ਹੇਠਾਂ ਵਾਲਾ ਹਿੱਸਾ ਕਿਰਾਏ ਤੇ ਬ੍ਰਹਮਕੁਮਾਰੀ ਆਸ਼ਰਮ ਨੂੰ ਦੇ ਰੱਖਿਆ ਹੈ। ਇਹਨਾਂ 2-3 ਮੁਲਾਕਾਤਾਂ ਵਿੱਚ ਅਕਾਂਕਸ਼ਾ ਸੋਚਣ ਲੱਗੀ ਕਿ ਉਦਯਨ ਦਾਸ ਅਜਿਹਾ ਹੀ ਲੱੜਕਾ ਹੈ, ਜਿਵੇਂ ਉਹ ਚਾਹੁੰਦੀ ਸੀ। ਉਹ ਤਾਂ ਵਿਆਹ ਤੋਂ ਬਾਅਦ ਅਮਰੀਕਾ ਵਿੱਚ ਨੌਕਰੀ ਕਰਨ ਦੇ ਸੁਪਨੇ ਦੇਖਣ ਲੱਗੀ। ਇਸ ਕਰਕੇ ਦੋਵਾਂ ਨੇ ਵਿਆਹ ਕਰਨ ਦਾ ਫ਼ੈਸਲਾ ਕੀਤਾ। ਇੱਕ ਦਿਨ ਉਦਯਨ ਦਾਸ ਨੇ ਅਕਾਂਕਸ਼ਾ ਨੂੰ ਦੱਸਿਆ ਕਿ ਉਸ ਦਾ ਮਨ ਹੁਣ ਅਮਰੀਕਾ ਵਿੱਚ ਨਹੀਂ ਲੱਗ ਰਿਹਾ ਹੈ ਅਤੇ ਉਹ ਉਸ ਨਾਲ ਵਿਆਹ ਕਰਕੇ ਭੋਪਾਲ ਰਹਿਣਾ ਚਾਹੁੰਦਾ ਹੈ। ਇਸ ਕਾਰਨ ਅਮਰੀਕਾ ਜਾ ਕੇ ਨੌਕਰੀ ਕਰਨ ਦੀ ਅਕਾਂਕਸ਼ਾ ਦੀ ਖ਼ੁਹਾਇਸ਼ ਮਿੱਟੀ ਵਿੱਚ ਮਿਲ ਗਈ। ਕਿਉਂਕਿ ਹੁਣ ਤੱਕ ਉਹ ਆਪਣੇ ਘਰ ਵਾਲਿਆਂ ਨੂੰ ਦੱਸ ਚੁੱਕੀ ਸੀ ਕਿ ਉਹ ਨੌਕਰੀ ਕਰਨ ਅਮਰੀਕਾ ਜਾ ਰਹੀ ਹੈ। ਅਕਾਂਕਸ਼ਾ ਉਦਯਨ ਨੂੰ ਚਾਹੁਣ ਲੱਗੀ, ਇਸ ਕਰਕੇ ਰਾਜ਼ੀ ਹੋ ਗਈ। ਉਹ ਉਦਯਨ ਦੀ ਦੱਸੀ ਤਾਰੀਖ ਤੇ ਬੀਤੇ ਸਾਲ ਜੂਨ ਮਹੀਨੇ ਵਿੱਚ ਭੋਪਾਲ ਆ ਗਈ, ਮਾਂ-ਬਾਪ ਤੋਂ ਅਸਲੀਅਤ ਲੁਕੋਣ ਦੇ ਲਈ ਉਸ ਨੇ ਇਹ ਝੂਠ ਬੋਲਿਆ ਕਿ ਉਹ ਨੌਕਰੀ ਕਰਨ ਨਿਊਯਾਰਕ ਜਾ ਰਹੀ ਹੈ। ਅਕਾਂਕਸ਼ਾ ਨੇ ਭੋਪਾਲ ਦੇ ਹੀ ਪਿਪਲਾਨੀ ਦੇ ਕਾਲੀ ਬਾੜੀ ਮੰਦਰ ਵਿੱਚ ਉਦਯਨ ਦਾਸ ਨਾਲ ਵਿਆਹ ਕੀਤਾ। ਇਸ ਦੌਰਾਨ ਉਹ ਫ਼ੋਨ ਤੇ ਘਰ ਵਾਲਿਆਂ ਨਾਲ ਗੱਲ ਕਰਦੀ ਰਹੀ ਪਰ ਖ਼ੁਦ ਨੂੰ ਅਮਰੀਕਾ ਵਿੱਚ ਹੋਣ ਦਾ ਝੂਠ ਬੋਲਦੀ ਰਹੀ। ਇਹ ਜੂਨ 2016 ਦੀ ਗੱਲ ਹੈ। ਕੁਝ ਦਿਨ ਉਦਯਨ ਦੇ ਨਾਲ ਪਤਨੀ ਵਜੋਂ ਬਤੀਤ ਕਰਨ ਤੋਂ ਬਾਅਦ ਅਕਾਂਕਸ਼ਾ ਨੂੰ ਪਤਾ ਲੱਗਿਆ ਕਿ ਉਸ ਦੇ ਪਤੀ ਨੇ ਝੂਠ ਬੋਲਿਆ ਹੈ ਕਿਉਂਕਿ ਨਾ ਤਾਂ ਉਹ ਕਦੀ ਆਪਦੇ ਮਾਂ-ਬਾਪ ਨਾਲ ਫ਼ੋਨ ਤੇ ਗੱਲ ਕਰਦਾ ਸੀ ਅਤੇ ਨਾ ਹੀ ਉਹਨਾਂ ਬਾਰੇ ਪੁੱਛਣ ਤੇ ਕੁਝ ਦੱਸਦਾ ਸੀ। ਹੱਦ ਤਾਂ ਉਸ ਵਕਤ ਹੋ ਗਈ, ਜਦੋਂ ਅਕਾਂਕਸ਼ਾ ਸ਼ਰਮਾ ਨੂੰ ਪਤਾ ਲੱਗਿਆ ਕਿ ਉਦਯਨ ਅੱਵਲ ਦਰਜੇ ਦਾ ਨਸ਼ੇੜੀ ਹੈ ਅਤੇ ਦੂਜੀਆਂ ਕਈ ਲੜਕੀਆਂ ਨਾਲ ਉਸ ਦੇ ਨਜਾਇਜ਼ ਸਬੰਧ ਹਨ। ਜੁਲਾਈ 2016 ਤੱਕ ਤਾਂ ਅਕਾਂਕਸ਼ਾ ਨੇ ਆਪਣੇ ਘਰ ਵਾਲਿਆਂ ਨਾਲ ਫ਼ੋਨ ਤੇ ਗੱਲ ਕੀਤੀ ਪਰ ਹੁਣ ਉਹ ਉਹਨਾਂ ਨਾਲ ਘੱਟ ਹੀ ਗੱਲ ਕਰਦੀ ਸੀ ਪਰ ਹੌਲੀ ਹੌਲੀ ਉਹ ਐਸ.ਐਮ.ਐਸ. ਦੇ ਜ਼ਰੀਏ ਉਹਨਾਂ ਨਾਲ ਗੱਲ ਕਰਨ ਲੱਗੀ। 14 ਜੁਲਾਈ 2016 ਦਾ ਦਿਨ ਅਕਾਂਕਸ਼ਾ ਤੇ ਕਹਿਰ ਬਣ ਕੇ ਟੁੱਟਿਆ। ਜੇਕਰ ਉਦਯਨ ਨੇ ਉਸ ਨੂੰ ਕਈ ਝੂਠ ਬੋਲੇ ਸਨ ਤਾਂ ਇੱਕ ਝੂਠ ਉਸ ਨੇ ਵੀ ਉਦਯਨ ਨੂੰ ਬੋਲਿਆ ਸੀ, ਦਰਅਸਲ ਅਕਾਂਕਸ਼ਾ ਦਾ ਇੱਕ ਬੁਆਏ ਫ਼੍ਰੈਂਡ ਹੋਰ ਸੀ, ਜਿਸ ਨੇ ਉਸ ਦੀਆਂ ਕੁਝ ਤਸਵੀਰਾਂ ਜੋ ਘੱਟ ਕੱਪੜਿਆਂ ਵਿੱਚ ਸਨ, ਵਟਸਅਪ ਤੇ ਪਾ ਦਿੱਤੀਆਂ ਸਨ। ਇਹ ਤਸਵੀਰਾਂ ਉਦਯਨ ਦੀ ਨਜ਼ਰ ਵਿੱਚ ਆਈਆਂ ਤਾਂ ਉਹ ਭੜਕ ਗਿਆ। ਪੁੱਛਣ ਤੇ ਅਕਾਂਕਸ਼ਾ ਨੇ ਕੁਝ ਸੱਚੀਆਂ ਅਤੇ ਕੁਝ ਝੂਠੀਆਂ ਗੱਲਾਂ ਦੱਸੀਆਂ ਤਾਂ ਉਦਯਨ ਨੂੰ ਲੱਗਿਆ ਕਿ ਅਕਾਂਕਸ਼ਾ ਨੇ ਉਸ ਨੂੰ ਝੂਠ ਬੋਲਿਆ ਹੀ ਹੈ, ਨਾਲ ਹੀ ਉਸ ਦੇ ਨਜਾਇਜ਼ ਸਬੰਧ ਪੁਰਾਣੇ ਬੁਆਏ ਫ਼੍ਰੈਂਡ ਨਾਲ ਹਨ ਅਤੇ ਉਹ ਉਸਨੂੰ ਪੈਸੇ ਵੀ ਦਿੰਦੀ ਰਹਿੰਦੀ ਹੈ। ਰਾਤ ਨੂੰ ਲੜ-ਝਗੜ ਕੇ ਅਕਾਂਕਸ਼ਾ ਤਾਂ ਸੌਂ ਗਈ, ਪਰ ਉਦਯਨ ਦੀਆਂ ਅੱਖਾਂ ਵਿੱਚ ਨੀਂਦ ਨਹੀਂ ਸੀ। ਨਾਲ ਹੀ ਸੌਂ ਰਹੀ ਪਤਨੀ ਨੂੰ ਧੋਖੇਬਾਜ਼ ਦੇਖਣ ਲੱਗਿਆ। ਰਾਤ ਜਾਗ ਕੇ ਉਦਯਨ ਅਕਾਂਕਸ਼ਾ ਦੇ ਕਤਲ ਦੀ ਯੋਜਨਾ ਬਣਾਉਂਦਾ ਰਿਹਾ ਅਤੇ ਸਵੇਰੇ 5 ਵਜਦੇ ਹੀ ਉਸਨੇ ਅਕਾਂਕਸ਼ਾ ਦੀ ਹੱਤਿਆ ਕਰ ਦਿੱਤੀ। ਉਦਯਨ ਨੇ ਗਾੜ੍ਹੀ ਨੀਂਦ ਵਿੱਚ ਸੁੱਤੀ ਅਕਾਂਕਸ਼ਾ ਦਾ ਚਿਹਰਾ ਸਿਰਹਾਣੇ ਨਾਲ ਦਬਾਇਆ। ਜਦੋਂ ਉਹ ਮਰ ਗਈ ਤਾਂ ਉਸਦਾ ਗਲਾ ਘੋਟਿਆ, ਜਿਸ ਕਾਰਨ ਅਕਾਂਕਸ਼ਾ ਦੇ ਗਲੇ ਦੀ ਹੱਡੀ ਟੁੱਟ ਗਈ। ਹੁਣ ਸਮੱਸਿਆ ਅਕਾਂਕਸ਼ਾ ਦੀ ਲਾਸ਼ ਨੂੰ ਠਿਕਾਣੇ ਲਗਾਉਣ ਦੀ ਸੀ। ਸਵੇਰੇ ਨਜ਼ਦੀਕ ਦੀ ਦੁਕਾਨ ਤੇ ਉਦਯਨ ਦਾਸ ਨੇ 14 ਬੋਰੀਆਂ ਸੀਮਿੰਟ ਖਰੀਦਿਆ ਅਤੇ ਅਕਾਂਕਸ਼ਾ ਦੀ ਲਾਸ਼ ਇੱਕ ਪੁਰਾਣੇ ਬਕਸੇ ਵਿੱਚ ਪਾ ਦਿੱਤੀ ਅਤੇ ਤਕਰਬਨ 10 ਬੋਰੀਆਂ ਸੀਮਿੰਟ ਘੋਲ ਕੇ ਉਸ ਵਿੱਚ ਭਰ ਦਿੱਤਾ, ਜਿਸ ਕਾਰਨ ਲਾਸ਼ ਜਮ ਗਈ ਪਰ ਬਕਸੇ ਤੋਂ ਬਦਬੂ ਆਉਣ ਲੱਗੀ। ਇਸ ਕਰਕੇ ਉਸ ਦੇ ਚਾਰੇ ਪਾਸੇ ਸੈਲੋ ਟੇਪ ਲਗਾ ਦਿੱਤੀ। ਦੁਪਹਿਰ ਨੂੰ ਉਸ ਨੇ ਆਪਣੀ ਪਛਾਣ ਵਾਲੇ ਮਿਸਤਰੀ ਰਵੀ ਨੂੰ ਬੁਲਾਇਆ ਅਤੇ ਕਮਰੇ ਵਿੱਚ ਚਬੂਤਰਾ ਬਣਾਉਣ ਦੀ ਗੱਲ ਕਹੀ। ਇਸ ਬਾਰੇ ਉਦਯਨ ਦਾ ਬਹਾਨਾ ਇਹ ਸੀ ਕਿ ਉਹ ਮੰਦਰ ਬਣਵਾਉਣਾ ਚਾਹੁੰਦਾ ਹੈ। ਰਵੀ ਨੇ ਚਬੂਤਰਾ ਬਣਾਉਣ ਲਈ ਕਮਰਾ ਪੁੱਟਿਆ ਪਰ ਕਿਉਂਕਿ ਉਸ ਦੇ ਸਾਹਮਣੇ ਲਾਸ਼ ਵਾਲਾ ਬਕਸਾ ਨਹੀਂ ਰੱਖਿਆ ਜਾ ਸਕਦਾ ਸੀ, ਇਸ ਕਰਕੇ ਉਦਯਨ ਨੇ ਚਲਾਕੀ ਨਾਲ ਉਸ ਨੂੰ ਗੱਲਾਂ ਵਿੱਚ ਉਲਝਾਇਆ ਅਤੇ ਮਿਹਨਤਾਨਾ ਦੇ ਕੇ ਤੋਰ ਦਿੱਤਾ। ਇਸ ਤੋਂ ਬਾਅਦ ਉਸ ਨੇ ਸਕਬੇ ਖੱਡੇ ਵਿੱਚ ਰੱਖਿਆ ਅਤੇ ਉਸ ਤੇ ਚਬੂਤਰਾ ਬਣਾ ਦਿੱਤਾ। ਖ਼ੂਬਸੂਰਤੀ ਵਧਾਉਣ ਲਈ ਉਸ ਤੇ ਮਾਰਬਲ ਵੀ ਜੜ ਦਿੱਤਾ। ਅਕਾਂਕਸ਼ਾ ਦੇ ਮਾਂ-ਬਾਪ ਬਾਂਕੁਰਾ ਵਿੱਚ ਪ੍ਰੇਸ਼ਾਨ ਸਨ ਕਿਉਂਕਿ ਹੁਣ ਉਸ ਦੇ ਐਸ.ਐਮ.ਐਸ. ਵੀ ਆਉਣੇ ਬੰਦ ਹੋ ਗਏ ਸਨ। ਕੁਝ ਦਿਨ ਉਹਨਾਂ ਨੇ ਸਬਰ ਕੀਤਾ ਅਤੇ ਫ਼ਿਰ ਅਕਾਂਕਸ਼ਾ ਦੀ ਗੁੰਮਸ਼ੁਦਗੀ ਦੀ ਰਿਪੋਰਟ ਪੁਲਿਸ ਵਿੱਚ ਕਰ ਦਿੱਤੀ। ਬਾਂਕੁਰਾ ਕ੍ਰਾਈਮ ਬਰਾਂਚ ਨੇ ਜਦੋਂ ਅਕਾਂਕਸ਼ਾ ਦੇ ਮੋਬਾਇਲ ਫ਼ੋਨ ਦੀ ਲੁਕੇਸ਼ਨ ਟ੍ਰੇਸ ਕੀਤੀ ਤਾਂ ਉਹ ਸਾਕੇਤ ਨਗਰ, ਭੋਪਾਲ ਦੀ ਨਿਕਲੀ। ਅਕਾਂਕਸ਼ਾ ਦੇ ਪਿਤਾ ਸ਼ਿਵੇਂਦਰ ਸ਼ਰਮਾ ਭੋਪਾਲ ਆਏ ਅਤੇ ਉਦਯਨ ਨੂੰ ਮਿਲੇ। ਉਦਯਨ ਉਹਨਾਂ ਨਾਲ ਗੋਲ-ਮੋਲ ਗੱਲਾਂ ਕਰਦੇ ਹੋਏ ਚਲਦਾ ਕਰ ਦਿੱਤਾ ਕਿ ਅਕਾਂਕਸ਼ਾ ਤਾਂ ਨਿਊਯਾਰਕ ਵਿੱਚ ਨੌਕਰੀ ਕਰ ਰਹੀ ਹੈ। ਉਹ ਸਮਝ ਗਏ ਕਿ ਦਾਲ ਵਿੱਚ ਕੁਝ ਕਾਲਾ ਹੈ। ਉਹਨਾਂ ਨੇ ਪੁਲਿਸ ਤੇ ਦਬਾਅ ਪਾਇਆ ਪੁਲਿਸ ਨੇ ਯੋਜਨਾ ਬਣਾ ਕੇ ਉਦਯਨ ਦੀ ਨਿਗਰਾਨੀ ਕੀਤੀ ਤਾਂ ਉਸਦੀਆਂ ਹਰਕਤਾਂ ਭੇਦਭਰੀਆਂ ਨਿਕਲੀਆਂ। 31 ਜਨਵਰੀ ਅਤੇ 1 ਫ਼ਰਵਰੀ 2017 ਨੂੰ ਪੁਲਿਸ ਉਦਯਨ ਦੀ ਨਿਗਰਾਨੀ ਕਰਦੀ ਰਹੀ। ਇਸ ਤੋਂ ਜ਼ਿਆਦਾ ਕੁਝ ਹੋਰ ਹਾਸਲ ਨਾ ਹੋਇਆ ਤਾਂ ਉਹਨਾਂ ਨੇ ਉਦਯਨ ਦੇ ਘਰੇ ਛਾਪਾ ਮਾਰਿਆ। ਉਸ ਵਕਤ ਦਰਵਾਜ਼ੇ ਤੇ ਜਿੰਦਰਾ ਲੱਗਿਆ ਸੀ ਅਤੇ ਉਹ ਅੰਦਰ ਸੀ। ਪੁਲਿਸ ਅੰਦਰ ਵੜੀ ਤਾਂ ਸਾਰਾ ਘਰ ਧੂੜ ਮਿੱਟੀ ਨਾਲ ਭਰਿਆ ਪਿਆ ਸੀ। ਤਿੰਨ ਕਮਰਿਆਂ ਵਿੱਚ ਤਕਰੀਬਨ 10 ਹਜ਼ਾਰ ਸਿਗਰਟਾਂ ਦੇ ਟੋਟੇ ਪਏ ਸਨ ਅਤੇ ਸ਼ਰਾਬ ਦੀਆ ਖਾਲੀ ਬੋਤਲਾਂ ਪਈਆਂ ਸਨ। ਖਾਣ ਦੀਆਂ ਬਾਸੀ ਪਲੇਟਾਂ ਵੀ ਪਾਈਆਂ ਗਈਆਂ, ਜਿਹਨਾਂ ਵਿੱਚੋਂ ਬਦਬੂ ਆ ਰਹੀ ਸੀ। ਸਭ ਤੋਂ ਜ਼ਿਆਦਾ ਹੈਰਾਨ ਕਰ ਦੇਣ ਵਾਲਾ ਸੀ ਦੂਜੇ ਕਮਰੇ ਵਿੱਚ ਬਣਿਆ ਚਬੂਤਰਾ, ਜਿਸ ਦੇ ਉਪਰ ਫ਼ਾਂਸੀ ਦਾ ਫ਼ੰਦਾ ਲਟਕ ਰਿਹਾ ਸੀ ਅਤੇ ਕਮਰੇ ਦੀਆਂ ਦੀਵਾਰਾਂ ਤੇ ਥਾਂ-ਥਾਂ ਪਿਆਰ ਭਰੀਆਂ ਗੱਲਾਂ ਲਿਖੀਆਂ ਸਨ। ਉਦਯਨ ਨੂੰ ਪਕੜ ਕੇ ਜਦੋਂ ਸਖਤੀ ਨਾਲ ਪੜਤਾਲ ਕੀਤੀ ਤਾਂ ਉਸ ਨੇ ਸਭ ਦੱਸ ਦਿੱਤਾ। ਚਬੂਤਰਾ ਇੰਨਾ ਪੱਕਾ ਸੀ ਕਿ ਮਜ਼ਦੂਰਾਂ ਤੋਂ ਪੁੱਟਿਆ ਨਾ ਗਿਆ, ਜਿਸ ਵਿੱਚ ਅਕਾਂਕਸ਼ਾ ਦੀ ਲਾਸ਼ ਦੋ ਮਹੀਨੇ ਤੋਂ ਪਈ ਸੀ। ਉਸ ਵਿੱਚੋਂ ਅਕਾਂਕਸ਼ਾ ਦੀਆਂ ਮੁੜੀਆਂ-ਤੁੜੀਆਂ ਹੱਡੀਆਂ ਨਿਕਲੀਆਂ, ਜਿਹਨਾਂ ਨੂੰ ਪਹਿਲਾਂ ਪੋਸਟ ਮਾਰਟਮ ਅਤੇ ਫ਼ਿਰ ਡੀ. ਐਨ. ਏ. ਟੈਸਟ ਲਈ ਭੇਜ ਦਿੱਤਾ। ਉਦਯਨ ਦੇ ਮਾਂ-ਬਾਪ ਦੀ ਹੱਤਿਆ ਹੁਣ ਤੋਂ ਤਕਰੀਬਨ 5 ਸਾਲ ਪਹਿਲਾਂ ਰਾਏਪੁਰ ਵਾਲੇ ਮਕਾਨ ਵਿੱਚ ਕੀਤੀ ਗਈ ਸੀ ਅਤੇ ਉਹਨਾਂ ਨੂੰ ਲਾਅਨ ਵਿੱਚ ਦਫ਼ਨਾ ਦਿੱਤਾ ਸੀ। ਉਦੋਂ ਉਦਯਨ ਪੜ੍ਹਦਾ ਸੀ ਤਾਂ ਉਸ ਨੇ ਕਈ ਲੋਕਾਂ ਨੂੰ ਕੁੱਟਿਆ ਸੀ। ਉਹ ਨਸ਼ਾ ਕਰਨ ਦਾ ਵੀ ਆਦੀ ਸੀ। ਮਾਂ-ਬਾਪ ਕਿਉਂਕਿ ਉਸਨੂੰ ਡਾਂਟਦੇ ਰਹਿੰਦੇ ਸਨ, ਇਸ ਕਰਕੇ ਉਹ ਉਹਨਾਂ ਨਾਲ ਨਫ਼ਰਤ ਕਰਨ ਲੱਗਿਆ। ਜਦੋਂ ਕਾਲਜ ਦੀ ਡਿਗਰੀ ਪੂਰੀ ਹੋਣ ਦਾ ਵਕਤ ਆਇਆ ਤਾਂ ਉਸ ਨੇ ਮਾਂ-ਬਾਪ ਨੂੰ ਝੂਠ ਬੋਲ ਦਿੰਤਾ ਕਿ ਉਹ ਪਾਸ ਹੋ ਗਿਆ ਹੈ। ਜਦੋਂ ਫ਼ੇਲ੍ਹ ਹੋਣ ਦਾ ਪਤਾ ਲੱਗ ਗਿਆ ਤਾਂ ਉਸ ਦੇ ਮਾਂ-ਬਾਪ ਨੂੰ ਹੀ ਠਿਕਾਣਾ ਲਗਾਉਣ ਦਾ ਫ਼ੈਸਲਾ ਕਰ ਲਿਆ। ਇੱਕ ਰਾਤ ਜਦੋਂ ਪਿਤਾ ਚਿਕਨ ਲੈਣ ਬਾਜ਼ਾਰ ਗਿਆ ਅਤੇ ਮਾਂ ਉਪਰਲੀ ਮੰਜ਼ਿਲ ਦੇ ਕਮਰੇ ਵਿੱਚ ਕੱਪੜੇ ਰੱਖ ਰਹੀ ਸੀ ਤਾਂ ਉਸ ਨੇ ਗਲਾ ਘੋਟ ਕੇ ਉਹਨਾਂ ਦਾ ਕਤਲ ਕਰ ਦਿੱਤਾ। ਪਿਤਾ ਜਦੋਂ ਬਾਜ਼ਾਰ ਤੋਂ ਆਇਆ ਤਾਂ ਉਹਨਾਂ ਦੀ ਚਾਹ ਵਿੱਚ ਨੀਂਦ ਦੀਆਂ ਗੋਲੀਆਂ ਪਾ ਦਿੱਤੀਆਂ ਅਤੇ ਫ਼ਿਰ ਉਸ ਦਾ ਗੋਲਾ ਘੋਟ ਦਿੱਤਾ। ਮਾਂ-ਬਾਪ ਦੀਆਂ ਲਾਸ਼ਾਂ ਨੂੰ ਠਿਕਾਣੇ ਲਗਾਉਣ ਲਈ ਉਸ ਨੇ ਲਾਅਨ ਵਿੱਚ 2 ਖੱਡੇ ਪੁਟਵਾਏ ਅਤੇ ਦੇਰ ਰਾਤ ਲਾਸ਼ਾਂ ਘੜੀਸ ਕੇ ਉਹਨਾਂ ਵਚ ਸੁੱਟ ਦਿੱਤਾ ਅਤੇ ਸੀਮਿੰਟ ਲਗਾ ਕੇ ਪੱਕੀਆਂ ਕਰ ਦਿੱਤੀਆਂ। ਮਾਂ-ਬਾਪ ਦੀ ਹੱਤਿਆ ਕਰਨ ਤੋਂ ਬਾਅਦ ਉਦਯਨ ਨੇ ਰਾਏਪੁਰ ਵਾਲਾ ਮਕਾਨ 30 ਲੱਖ ਵਿੱਚ ਵੇਚ ਦਿੱਤਾ ਅਤੇ ਭੋਪਾਲ ਆ ਕੇ ਸਾਕੇਤ ਨਗਰ ਵਾਲੇ ਘਰ ਵਿੱਚ ਐਸ਼ੋ-ਆਰਾਮ ਦੀ ਜ਼ਿੰਦਗੀ ਜਿਊਣ ਲੱਗਿਆ। ਨਿਕੰਮਾ ਅਤੇ ਅਯਾਸ਼ੀ ਉਦਯਨ ਚਲਾਕ ਵੀ ਘੱਟ ਨਹੀਂ ਸੀ। ਉਸ ਨੇ ਇੰਦੌਰ ਤੋਂ ਪਿਤਾ ਦਾ ਅਤੇ ਇਟਾਰਸੀ ਨਗਰ ਪਾਲਿਕਾ ਤੋਂ ਮਾਂ ਦੀ ਮੌਤ ਦਾ ਝੂਠਾ ਸਰਟੀਫ਼ਿਕੇਟ ਬਣਵਾਇਆ ਅਤੇ ਉਹਨਾਂ ਦੀ ਸਾਰੀ ਜਾਇਦਾਦ ਆਪਣੇ ਨਾਂ ਕਰਵਾ ਲਈ। ਮਾਂ ਦੀ ਪੈਨਸ਼ਨ ਲਈ ਜ਼ਰੂਰੀ ਸੀ ਕਿ ਉਹਨਾਂ ਦੇ ਜਿੰਦਾ ਹੋਣ ਦਾ ਸਰਟੀਫ਼ਿਕੇਟ ਬਣਵਾਇਆ ਜਾਵੇ, ਜੋ ਉਸ ਨੇ ਸਾਲ 2012 ਵਿੱਚ ਦਿੱਲੀ ਦੀ ਡਿਫ਼ੈਂਸ ਕਾਲੋਨੀ ਦੇ ਇੱਕ ਡਾਕਟਰ ਤੋਂ ਬਣਵਾਇਆ ਅਤੇ ਬੈਂਕ ਮੁਲਾਜ਼ਮਾਂ ਨੂੰ ਰਿਸ਼ਵਤ ਦੇ ਕੇ ਹਰ ਮਹੀਨੇ ਪੈਨਸ਼ਨ ਕਢਾਉਣ ਲੱਗਿਆ। ਅਕਾਂਕਸ਼ਾ ਸ਼ੋਸ਼ਲ ਮੀਡੀਆ ਦੇ ਚੱਕਰ ਵਿੱਚ ਫ਼ਸ ਗਈ ਅਤੇ ਬਦਮਾਸ਼ ਉਦਯਨ ਤੋਂ ਮਾਰੀ ਗਈ। ਗ੍ਰਿਫ਼ਤਾਰੀ ਤੋਂ ਬਾਅਦ ਭੋਪਾਲ ਤੋਂ ਰਾਏਪੁਰ ਅਤੇ ਰਾਏਪੁਰ ਤੋਂ ਬਾਂਕੁਰਾ ਲਿਜਾਏ ਗਏ ਉਦਯਨ ਦਾਸ ਨੂੰ ਜਦੋਂ 20 ਫ਼ਰਵਰੀ 2017 ਨੂੰ ਭੋਪਾਲ ਲਿਆਂਦਾ ਗਿਆ, ਤਾਂ ਪਤਾ ਲੱਗਿਆ ਕਿ ਵਿਆਹ ਤੋਂ ਬਾਅਦ ਆਪਣੀ ਪਤਨੀ ਅਕਾਂਕਸ਼ਾ ਸ਼ਰਮਾ ਦੇ ਨਾਲ ਉਹ ਖਾਣ-ਪੀਣ ਤੋਂ ਇਲਾਵਾ ਸਿਰਫ਼ ਸੈਕਸ ਹੀ ਕਰਦਾ ਰਿਹਾ ਸੀ। ਲੱਗਦਾ ਅਜਿਹਾ ਹੈ ਕਿ ਸੈਕਸ ਉਸ ਦੇ ਲਈ ਜ਼ਰੂਰਤ ਨਹੀਂ, ਬਲਕਿ ਇੱਕ ਖਾਸ ਕਿਸਮ ਦੀ ਬਿਮਾਰੀ ਬਣ ਗਈ ਸੀ। ਲਗਾਤਾਰ ਸੈਕਸ ਕਰਨ ਵਿੱਚ ਉਹ ਥੱਕਦਾ ਇਸ ਕਰਕੇ ਨਹੀਂ ਸੀ ਕਿ ਹਮੇਸ਼ਾ ਨਸ਼ੇ ਵਿੱਚ ਰਹਿੰਦਾ ਸੀ। ਸੰਭਵ ਹੈ ਕਿ ਅਕਾਂਕਸ਼ਾ ਸ਼ਰਮਾ ਨੂੰ ਉਸ ਦੀ ਇਸ ਆਦਤ ਤੇ ਵੀ ਸ਼ੱਕ ਹੋਇਆ ਹੋਵੇ ਅਤੇ ਉਸਨੇ ਇਤਰਾਜ਼ ਕੀਤਾ ਹੋਵੇ।

*ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪਹਿਲਾ ਕਿਸਾਨ ਮੇਲਾ 1967 'ਚ ਲਗਾਇਆ ਗਿਆ। ਦੂਰ-ਦੁਰਾਡੇ ਦੇ ਕਿਸਾਨਾਂ ਦੀ ਸਹੂਲਤ ਲਈ ਸਾਲ 'ਚ ਦੋ ਵਾਰ ਖੇਤਰੀ ਕਿਸਾਨ ਮੇਲੇ ਲਗਾਏ ਜਾਂਦੇ ਹਨ...*

# ਗਿਆਨ ਦੇ ਭਰ ਵਗਦੇ ਦਰਿਆ ਕਿਸਾਨ ਮੇਲੇ

• ਅਨਿਲ ਸ਼ਰਮਾ,
ਵਿਵੇਕ ਕੁਮਾਰ

ਕਿਸਾਨਾਂ ਨੂੰ ਨਵੀ ਤਕਨਾਲੋਜੀ ਤੋਂ ਜਾਣੂ ਕਰਵਾਉਣ ਲਈ ਕਿਸਾਨ ਮੇਲੇ ਲਗਾਉਣ ਦਾ ਸਿਹਰਾ ਪੰਜਾਬ ਐਗਰੀਕਲਚਲ ਯੂਨੀਵਰਸਿਟੀ ਨੂੰ ਜਾਂਦਾ ਹੈ। ਯੂਨੀਵਰਸਿਟੀ ਵੱਲੋਂ ਪਹਿਲਾ ਕਿਸਾਨ ਮੇਲਾ 1967 'ਚ ਲਗਾਇਆ ਗਿਆ। ਇਸ ਮੇਲੇ 'ਚ ਕਿਸਾਨਾਂ ਦੇ ਜੋਸ਼ ਨੂੰ ਵੇਖਦਿਆਂ ਯੂਨੀਵਰਸਿਟੀ ਦੇ ਮੁੱਖ ਕੈਂਪਸ 'ਚ ਇਹ ਮੇਲਾ ਲਗਾਤਾਰ ਲਗਾਇਆ ਜਾਣ ਲੱਗਾ। ਦੂਰ ਦੁਰਾਡੇ ਦੇ ਜਿਹੜੇ ਕਿਸਾਨ ਇਨ੍ਹਾਂ ਮੇਲਿਆਂ 'ਚ ਨਹੀਂ ਆ ਪਾਉਂਦੇ ਉਨ੍ਹਾਂ ਲਈ ਯੂਨੀਵਰਸਿਟੀ ਵੱਲੋਂ ਖੇਤਰੀ ਕਿਸਾਨ ਮੇਲੇ ਸ਼ੁਰੂ ਕੀਤੇ ਗਏ। ਪਹਿਲਾ ਖੇਤਰੀ ਕਿਸਾਨ ਮੇਲਾ 1975 'ਚ ਗੁਰਦਾਸਪੁਰ ਵਿਖੇ ਲਗਾਇਆ ਗਿਆ। ਇਸ ਦੀ ਸਫਲਤਾ ਨੂੰ ਵੇਖਦਿਆਂ ਯੂਨੀਵਰਸਿਟੀ ਵੱਲੋਂ ਹਰ ਖੇਤਰੀ ਖੋਜ ਕੇਂਦਰ ਵਿਖੇ ਇਹ ਕਿਸਾਨ ਮੇਲਾ ਲਗਾਇਆ ਜਾਣ ਲੱਗਾ। 1983 ਵਿਚ ਇਹ ਕਿਸਾਨ ਮੇਲੇ ਬੱਲੋਵਾਲ ਸੌਂਖੜੀ, 1985 ਵਿਚ ਬਠਿੰਡਾ, 1995 'ਚ ਪਟਿਆਲਾ ਤੇ 2011 ਵਿਚ ਫ਼ਰੀਦਕੋਟ ਵਿਖੇ ਅਰੰਭ ਕੀਤਾ ਗਿਆ। 2012 ਵਿ ਅੰਮ੍ਰਿਤਸਰ ਵਿਖੇ ਖੇਤਰੀ ਕਿਸਾਨ ਮੇਲਾ ਲਗਾਇਆ ਗਿਆ।

ਇਨ੍ਹਾਂ ਮੇਲਿਆਂ 'ਚ ਕਿਸਾਨਾਂ ਨੂੰ ਫ਼ਸਲਾਂ ਦੇ ਸੁਧਰੇ ਬੀਜ, ਫਲਾਂ ਤੇ ਸਬਜ਼ੀਆਂ ਦੀ ਪਨੀਰੀ, ਨਵੀਆਂ ਖੇਤੀ ਤਕਨੀਕਾਂ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਇਹ ਕਿਸਾਨ ਮੇਲੇ ਸਾਲ 'ਚ ਦੋ ਵਾਰ, ਮਾਰਚ ਤੇ ਸਤੰਬਰ ਵਿਚ ਸਾਉਣੀ ਤੇ ਹਾੜ੍ਹੀ ਦੇ ਸੀਜ਼ਨ ਤੋਂ ਪਹਿਲਾਂ ਲਗਾਏ ਜਾਂਦੇ ਹਨ। ਮੇਲਿਆਂ ਦੌਰਾਨ ਤਕਨੀਕੀ ਸੈਸ਼ਨਾਂ ਵੀ ਕਰਵਾਇਆ ਜਾਂਦਾ ਹੈ। ਪ੍ਰਸ਼ਨ-ਉੱਤਰ ਸੈਸ਼ਨ ਦੌਰਾਨ ਕਿਸਾਨਾਂ ਦੇ ਸ਼ੰਕਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਖੇਤ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਸੁਧਰੀਆਂ ਕਿਸਮਾਂ ਦੇ ਬੀਜ ਤੇ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਵਾਂ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ।



## ਮੇਲਿਆਂ ਦੀਆਂ ਤਰੀਕਾਂ ਤੇ ਸਥਾਨ

ਇਸ ਸਾਲ ਦੇ ਹਾੜ੍ਹੀ ਰੁੱਤ ਦੇ ਕਿਸਾਨ ਮੇਲੇ, ਜੋ ਸਤੰਬਰ ਮਹੀਨੇ ਵਿਚ ਲਗਦੇ ਹਨ, ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਮਹੀਨੇ ਦੌਰਾਨ 7 ਮੇਲੇ ਲਗਾਏ ਜਾਣਗੇ। ਪਹਿਲਾ ਮੇਲਾ ਬੱਲੋਵਾਲ ਸੌਂਖੜੀ ਅਤੇ ਗੁਰਦਾਸਪੁਰ ਵਿਖੇ 11 ਸਤੰਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਤੋਂ ਬਾਅਦ 14 ਸਤੰਬਰ ਨੂੰ ਰੌਣੀ (ਪਟਿਆਲਾ) ਅਤੇ 17 ਸਤੰਬਰ ਨੂੰ ਅੰਮ੍ਰਿਤਸਰ ਤੇ ਫ਼ਰੀਦਕੋਟ ਵਿਖੇ ਕਿਸਾਨ ਮੇਲੇ ਲਗਾਏ ਜਾਣਗੇ। ਯੂਨੀਵਰਸਿਟੀ ਕੈਂਪਸ ਵਿਚ ਇਹ ਮੇਲਾ 20 ਤੋਂ 22 ਸਤੰਬਰ ਨੂੰ ਜੁੜੇਗਾ। ਪਿਛਲੇ ਸਾਲਾਂ ਦੇ ਇਨ੍ਹਾਂ ਮੇਲਿਆਂ ਵਿਚ ਕਿਸਾਨਾਂ ਦੇ ਭਾਰੀ ਇਕੱਠ ਅਤੇ ਪੁਰਜ਼ੋਰ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਸ ਸਾਲ ਪਹਿਲੀ ਵਾਰ ਯੂਨੀਵਰਸਿਟੀ ਕੈਂਪਸ ਵਿੱਚ ਲੱਗਣ ਵਾਲਾ ਕਿਸਾਨ ਮੇਲਾ ਤਿਨ ਦਿਨਾਂ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਆਖਰੀ ਮੇਲਾ 26 ਸਤੰਬਰ ਨੂੰ ਬਠਿੰਡਾ ਵਿਖੇ ਲਗਾਇਆ ਜਾਵੇਗਾ।

## ਮੇਲੇ ਦਾ ਮੁੱਖ ਉਦੇਸ਼

ਇਸ ਵਾਰ ਕਿਸਾਨ ਮੇਲੇ ਦਾ ਉਦੇਸ਼ ਹੈ : **ਆਓ ਧਰਤੀ ਮਾਂ ਬਚਾਈਏ, ਪਰਾਲੀ ਨੂੰ ਅੱਗ ਨਾ ਲਾਈਏ।** ਇਸ ਦਾ ਮੁੱਖ ਮੰਤਵ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਬੁਰੇ ਪ੍ਰਭਾਵ ਤੇ ਪਰਾਲੀ ਦੀ ਸੁਚੱਜੀ ਵਰਤੋਂ ਬਾਰੇ ਜਾਗਰੂਕ ਕਰਨਾ ਹੈ। ਪੰਜਾਬ 'ਚ ਹਰ ਸਾਲ ਲਗਪਗ 220 ਲੱਖ ਟਨ ਪਰਾਲੀ ਪੈਦਾ ਹੁੰਦੀ ਹੈ, ਜਿਸ ਵਿੱਚੋਂ 90 ਫ਼ੀਸਦੀ ਪਰਾਲੀ ਨੂੰ ਖੇਤ 'ਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਨਾਲ ਬਹੁਤ ਸਾਰੇ ਅਹਿਮ ਤੱਤ, ਰੁੱਖ, ਪੌਦੇ ਤੇ ਜੀਵ-ਜੰਤੂ ਸੜ ਕੇ ਸਵਾਹ ਹੋ ਜਾਂਦੇ ਹਨ ਤੇ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ, ਜੋ ਵਾਤਾਵਰਨ ਨੂੰ ਦੂਸ਼ਿਤ ਕਰਦੀਆਂ ਹਨ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਪੀਏਯੂ ਨੇ ਬਹੁਤ ਸਾਰੀਆਂ ਤਕਨੀਕਾਂ ਪੈਦਾ ਕੀਤੀਆਂ ਹਨ ਜਿਨ੍ਹਾਂ ਨਾਲ ਅਸੀਂ ਨਾ ਸਿਰਫ਼ ਪਰਾਲੀ ਨੂੰ ਅੱਗ ਲਗਾਉਣ ਦੇ ਵਰਤਾਰੇ ਨੂੰ ਠੱਲ੍ਹ ਪਾ ਕੇ ਪਰਾਲੀ ਦੀ ਸੁਚੱਜੀ ਵਰਤੋਂ ਕਰ ਸਕਦੇ ਹਾਂ।

## ਨਵੀਆਂ ਤਕਨੀਕਾਂ

ਇਨ੍ਹਾਂ ਕਿਸਾਨ ਮੇਲਿਆਂ ਦਾ ਮੰਤਵ ਖੇਤੀਬਾੜੀ ਨੂੰ ਸੁਖਾਲਾ ਤੇ ਲਾਹੇਵੰਦ ਬਣਾਉਣ ਲਈ ਨਵੀਆਂ ਤਕਨੀਕਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣਾ ਹੈ। ਇਸ ਦੇ ਲਈ ਖੇਤ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਪ੍ਰਦਰਸ਼ਨੀਆਂ 'ਚ ਯੂਨੀਵਰਸਿਟੀ ਦੇ ਫ਼ਸਲ ਵਿਗਿਆਨ, ਭੂਮੀ ਵਿਗਿਆਨ, ਕੀਟ ਵਿਗਿਆਨ, ਪੌਦਾ ਰੋਗ ਵਿਗਿਆਨ, ਬਾਗ਼ਬਾਨੀ ਵਿਭਾਗ ਆਦਿ ਦੁਆਰਾ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੰਜੀਨੀਅਰਿੰਗ ਕਾਲਜ ਵੱਲੋਂ ਖੇਤੀ ਮਸ਼ੀਨਰੀ ਸਬੰਧੀ ਪ੍ਰਦਰਸ਼ਨੀਆਂ ਲਗਾ ਕੇ ਮਸ਼ੀਨਾਂਦੀ ਸੁਚੱਜੀ ਵਰਤੋਂ ਬਾਰੇ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ ਸਰਬਪੱਖੀ ਤੱਤ ਪ੍ਰਬੰਧ, ਸਰਬਪੱਖੀ ਕੀਟ ਪ੍ਰਬੰਧ, ਫ਼ਸਲਾਂ ਦੀ ਮਿਆਦ ਤੇ ਬਿਜਾਈ ਦੇ ਸਮੇਂ ਅਨੁਸਾਰ ਚੋਣ, ਸੇਂਜੂ ਤੇ ਬਰਾਨੀ ਹਾਲਤਾਂ 'ਚ ਫ਼ਸਲਾਂ ਦੇ ਸਿੰਚਾਈ ਪ੍ਰਬੰਧ ਆਦਿ ਦੀ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

## ਖੇਤੀ ਸਹਾਇਕ ਧੰਦੇ

ਇਨ੍ਹਾਂ ਮੇਲਿਆਂ ਵਿਚ ਸ਼ਹਿਦ ਮੱਖੀ ਪਾਲਣ, ਖੁੰਬ ਉਤਪਾਦਨ, ਦੋਗਲੇ ਬੀਜਾਂ ਦੇ ਉਤਪਾਦਨ, ਪਸ਼ੂ ਧਨ ਤੇ ਪੋਲਟਰੀ ਪ੍ਰਬੰਧਨ, ਸੁਰੱਖਿਅਤ ਖੇਤੀ ਸਬੰਧੀ ਸਿਖਲਾਈ ਬਾਰੇ ਵੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਗ੍ਰਹਿ ਵਿਗਿਆਨ ਵਿਭਾਗ ਵੱਲੋਂ ਕਿਸਾਨ ਬੀਬੀਆਂ ਲਈ ਕੱਪੜਿਆਂ ਦੀ ਰੰਗਾਈ, ਛਪਾਈ, ਸਿਲਾਈ ਕਢਾਈ, ਘਰੇਲੂ ਉਤਪਾਦ ਤਿਆਰ ਕਰਨ, ਸਬਜ਼ੀਆਂ ਤੇ ਫਲਾਂ ਤੋਂ ਖ਼ੁਰਾਕੀ ਪਦਾਰਥ ਤਿਆਰ ਕਰਨ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪੇਂਡੂ ਨੌਜਵਾਨਾਂ ਨੂੰ ਤਕਨੀਕੀ ਜਾਣਕਾਰੀ ਤੇ ਮੁਢਲੀਆਂ ਲਾਗਤਾਂ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

## ਬੀਜਾਂ ਦੀ ਖ਼ਰੀਦ

ਇਨ੍ਹਾਂ ਮੇਲਿਆਂ 'ਚ ਪੀਏਯੂ ਵੱਲੋਂ ਸਿਫ਼ਾਰਸ਼ ਕੀਤੀਆਂ ਕਿਸਮਾਂ ਦੇ ਸੁਧਰੇ ਬੀਜਾਂ ਦੀ ਵਿਕਰੀ ਵੀ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਚੰਗੀਆਂ ਜਿਣਸਾਂ ਪੈਦਾ ਕਰਨ ਤੇ ਮਿਆਰੀ ਝਾੜ ਪ੍ਰਾਪਤ ਕਰਨ ਲਈ ਇਨ੍ਹਾਂ ਮੇਲਿਆਂ ਵਿਚ ਉਨ੍ਹਾਂ ਦੀਆਂ ਜਿਣਸਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਵਧੀਆ ਜਿਣਸਾਂ ਦਾ ਉਤਪਾਦਨ ਕਰਨ ਵਾਲੇ ਕਿਸਾਨਾਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਮੇਲੇ ਵਿਚ ਪੌਦਿਆਂ ਦਾ ਹਸਪਤਾਲ ਵੀ ਲਗਾਇਆ ਜਾਂਦਾ ਹੈ, ਜਿਸ ਵਿਚ ਵੱਖ-ਵੱਖ ਵਿਸ਼ਿਆਂ ਦੇ ਮਾਹਰ ਸ਼ਾਮਲ ਹੁੰਦੇ ਹਨ ਜੋ ਕਿਸਾਨਾਂ ਵੱਲੋਂ ਲਿਆਂਦੇ ਰੋਗੀ ਬੂਟਿਆਂ ਨੂੰ ਪਰਖ ਕੇ ਸਮੱਸਿਆ ਦਾ ਹੱਲ ਦੱਸਦੇ ਹਨ। ਇਸੇ ਤਰ੍ਹਾਂ ਮਿੱਟੀ ਅਤੇ ਪਾਣੀ ਪਰਖ ਦੀ ਸਹੂਲਤ ਵੀ ਮੇਲੇ ਵਿਚ ਉਪਲਬਧ ਕਰਵਾਈ ਜਾਂਦੀ ਹੈ। ਇਨ੍ਹਾਂ ਕਿਸਾਨ ਮੇਲਿਆਂ ਦੀ ਇਕ ਹੋਰ ਖ਼ਾਸੀਅਤ ਇਹ ਹੈ ਕਿ ਇਨ੍ਹਾਂ ਵਿਚ ਸਵਾਲ-ਜਵਾਬ ਸਭਾ ਵੀ ਆਯੋਜਿਤ ਕੀਤੀ ਜਾਂਦੀ ਹੈ। ਮਾਹਿਰਾਂ ਵੱਲੋਂ ਖੇਤੀ ਸਮੱਸਿਆਵਾਂ ਸਬੰਧੀ ਕਿਸਾਨਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਅਗਾਂਹਵਧੂ ਕਿਸਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਂਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹੁਣ ਤਕ 331 ਕਿਸਾਨ ਮੇਲੇ ਲਗਾਏ ਜਾ ਚੁੱਕੇ ਹਨ। ਇਹ ਕਿਸਾਨ ਮੇਲੇ ਸੂਚਨਾ ਦੇ ਪਸਾਰ ਲਈ ਸਰਬੋਤਮ ਸਾਧਨ ਮੰਨੇ ਜਾਂਦੇ ਹਨ। ਕਿਸਾਨ ਇਨ੍ਹਾਂ ਮੇਲਿਆਂ ਵਿਚ ਸ਼ਾਮਲ ਹੋ ਕੇ ਮਾਹਿਰਾਂ ਤੋਂ ਅਗਵਾਈ ਪ੍ਰਾਪਤ ਕਰ ਕੇ ਖੇਤੀਬਾੜੀ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਢੁਕਵੀਂ ਰਣਨੀਤੀ ਤਿਆਰ ਕਰ ਸਕਦੇ ਹਨ। •




# ਅਜੋਕੀ ਕਿਰਸਾਨੀ ਸਮੱਸਿਆਵਾਂ ਤੇ ਸੰਭਾਵੀ ਹੱਲ



• ਜਸਬੀਰ ਸਿੰਘ ਬੈਂਸ
*ਡਾਇਰੈਕਟਰ ਖੇਤੀਬਾੜੀ, ਪੰਜਾਬ*

ਅਰਥ ਸਾਸਤਰ ਦਾ ਮੁਢਲਾ ਸਿਧਾਂਤ ਕਿਸੇ ਵੀ ਰੁਜ਼ਗਾਰ ਵਿਚ ਆਉਂਦੇ ਖ਼ਰਚਿਆਂ ਨੂੰ ਘਟਾਉਂਦਿਆਂ ਮੁਨਾਫ਼ੇ 'ਚ ਵਾਧਾ ਕਰਨਾ ਹੈ। ਕਿਰਸਾਨੀ ਦੀਆਂ ਸਮੱਸਿਆਵਾਂ ਤੇ ਹੱਲ ਵੀ ਇਸੇ ਸਿਧਾਂਤ ਦੁਆਲੇ ਘੁੰਮਦੇ ਹਨ। ਕਿਸਾਨ ਦਾ ਖੇਤੀਬਾੜੀ ਕਿੱਤੇ 'ਚ ਰਹਿਣ ਦਾ ਮੁੱਖ ਉਦੇਸ਼ ਪਰਿਵਾਰਕ ਤੇ ਸਮਾਜਿਕ ਸੁੱਖ-ਸ਼ਾਂਤੀ ਪ੍ਰਾਪਤ ਕਰਨਾ ਹੈ। 1970 ਦੇ ਦਹਾਕੇ 'ਚ ਪੰਜਾਬ ਦੇ ਕਿਸਾਨਾਂ ਦੀ ਮਿਹਨਤ ਕਾਰਨ ਆਈ ਹਰੀ ਕ੍ਰਾਂਤੀ ਨਾਲ ਦੇਸ਼ ਦੇ ਅੰਨ ਭੰਡਾਰਾਂ 'ਚ ਵਾਧਾ ਹੋਇਆ ਤੇ ਦੇਸ਼ ਅੰਨ ਸੁਰੱਖਿਆ 'ਚ ਸਵੈ ਨਿਰਭਰ ਬਣਿਆ ਪ੍ਰੰਤੂ 1985 ਤੋਂ ਸ਼ੁਰੂ ਹੋਈਆਂ ਖੇਤੀ ਸਮੱਸਿਆਵਾਂ, ਜਿਵੇਂ ਜ਼ਮੀਨਦੋਜ਼ ਪਾਣੀ ਦੇ ਪੱਧਰ ਦਾ ਡਿੱਗਣਾ, ਫ਼ਸਲਾਂ ਦੀ ਉਤਪਾਦਕਤਾ ਵਿਚ ਪਠਾਰ ਆਉਣਾ, ਮਿੱਟੀ 'ਚ ਪੌਸ਼ਟਿਕ ਤੱਤਾਂ ਦੀ ਕਮੀ ਆਦਿ ਉੱਭਰ ਕੇ ਸਾਹਮਣੇ ਆਈਆਂ, ਜੋ ਅੱਜ ਕਿਰਸਾਨੀ ਦੀ ਆਰਥਿਕਤਾ ਨੂੰ ਡਾਵਾਂਡੋਲ ਕਰ ਰਹੀਆਂ ਹਨ। ਕਿਸਾਨਾਂ ਦੇ ਰੋਸ ਧਰਨੇ ਪ੍ਰਤੀਕ ਹਨ ਕਿ ਕਿਸਾਨ ਨੂੰ ਬਣਦਾ ਹੱਕ ਨਹੀਂ ਮਿਲ ਰਿਹਾ।

## ਫ਼ਸਲਾਂ ਦੇ ਸਮਰਥਨ ਮੁੱਲ

ਇਸ ਸੰਪੂਰਨ ਸਥਿਤੀ 'ਤੇ ਅਰਥ ਸ਼ਾਸਤਰ ਦੇ ਬੱਝੇ-ਬਝਾਏ ਨਿਯਮ ਲਾਗੂ ਹਨ, ਹਾਲਾਂਕਿ ਪਾਲਿਸੀ ਇੰਟਰਵੈਂਸ਼ਨ ਤੇ ਵਿਸ਼ੇਸ਼ ਰਾਹਤ ਪ੍ਰੋਗਰਾਮਾਂ ਰਾਹੀ ਸਰਕਾਰ ਕਈ ਰਾਹਤਾਂ ਦਿੰਦੀ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਕਿਸਾਨ ਰੁਜ਼ਗਾਰ ਦੀ ਸਭ ਤੋਂ ਹੇਠਲੀ ਦਰ, ਯਾਨੀ ਪ੍ਰਾਇਮਰੀ ਸੈਕਟਰ 'ਚ ਸਥਿਤ ਹੈ, ਜਿਸ ਕਾਰਨ ਕਿਰਸਾਨੀ ਲਈ ਵਰਤਣਯੋਗ ਕੋਈ ਵੀ ਨੀਤੀ ਅਕਸਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਾਕੀ ਵਰਗ ਦੇ ਰੁਜ਼ਗਾਰਾਂ ਤੇ ਖਪਤਕਾਰਾਂ 'ਤੇ ਅਸਰ ਕਰਦੀ ਹੈ। ਉਦਾਹਰਣ ਵਜੋਂ ਜੇ ਸਰਕਾਰ ਗੰਨੇ ਦੀਆਂ ਕੀਮਤਾਂ 'ਚ ਵਾਧਾ ਕਰਦੀ ਹੈ ਤਾਂ ਸਿੱਧੇ ਤੌਰ 'ਤੇ ਖੰਡ ਦੇ ਮੁੱਲ ਵਿਚ ਵਾਧਾ ਹੋਣਾ ਸੁਭਾਵਿਕ ਹੈ।

ਫ਼ਸਲਾਂ ਦੇ ਲਾਗਤ ਮੁੱਲ ਤੇ ਘੱਟੋ ਘੱਟ ਸਮਰਥਨ ਮੁੱਲ ਦਾ ਹਿਸਾਬ ਲਗਾਉਣ ਲਈ ਭਾਰਤ ਸਰਕਾਰ ਅਧੀਨ 'ਕੈਬਨਿਟ ਕਮੇਟੀ ਆਫ ਇਕਨਾਮਿਕ ਅਫੇਅਰਜ਼' ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਹਰ ਸਾਲ ਹਾੜ੍ਹੀ ਤੇ ਸਾਉਣੀ ਸੀਜ਼ਨ ਤੋਂ ਪਹਿਲਾਂ 'ਕਮਿਸ਼ਨ ਫਾਰ ਐਗਰੀਕਲਚਰ ਐਂਡ ਕੌਸਟ ਐਂਡ ਪ੍ਰਾਈਸ' ਦੀ ਸਿਫ਼ਾਰਸ਼ ਅਨੁਸਾਰ 14 ਫ਼ਸਲਾਂ ਦੇ ਸਮਰਥਨ ਮੁੱਲ ਐਲਾਨ ਕਰਦੀ ਹੈ। ਸਮਰਥਨ ਮੁੱਲ ਪ੍ਰਣਾਲੀ ਦੇ ਦੋ ਉਦੇਸ਼ ਹਨ-ਪਹਿਲਾ ਇਹ ਕਿ ਫ਼ਸਲ ਦੀ ਮਾਰਕੀਟ ਮੰਗ ਜਾਂ ਕੀਮਤ ਘਟਣ 'ਤੇ ਕਿਸਾਨ ਨੂੰ ਮੰਡੀਕਰਨ 'ਚ ਸਹਾਇਤਾ ਦੇਣੀ ਤੇ ਦੂਜਾ-ਜਨਤਕ ਵੰਡ ਪ੍ਰਣਾਲੀ ਲਈ ਅਨਾਜ ਦੀ ਖ਼ਰੀਦ ਕਰਨੀ। ਘੱਟੋ ਘੱਟ ਸਮਰਥਨ ਮੁੱਲ ਨੂੰ ਸਹੀ ਮਾਪਣ ਲਈ ਕਮਿਸ਼ਨ ਆਰਥਿਕਤਾ ਦੇ ਵੱਖ-ਵੱਖ ਪਹਿਲੂਆਂ, ਜਿਵੇਂ ਉਤਪਾਦਨ ਦੀ ਲਾਗਤ, ਇਨਪੁੱਟ-ਆਊਟਪੁੱਟ ਕੀਮਤ 'ਚ ਫ਼ਰਕ, ਵਸਤੂਆਂ ਦੀ ਮੰਗ ਤੇ ਸਪਲਾਈ, ਸਨਅਤੀ ਢਾਂਚੇ 'ਤੇ ਪ੍ਰਭਾਵ, ਆਮ ਵਸਤੂਆਂ ਦੀ ਲਾਗਤ ਦੇ ਪ੍ਰਭਾਵ, ਅੰਤਰਰਾਸ਼ਟਰੀ ਕੀਮਤਾਂ ਦਾ ਰੁਝਾਨ ਆਦਿ ਨੂੰ ਧਿਆਨ 'ਚ ਰੱਖ ਕੇ ਕੰਮ ਕਰਦਾ ਹੈ। ਇਹ ਸਪਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਫ਼ਸਲਾਂ ਦੇ ਲਾਗਤ ਮੁੱਲ ਦਾ ਅਨੁਮਾਨ ਕਿਵੇਂ ਲਗਾਇਆ ਜਾਂਦਾ ਹੈ? ਇਸ ਲਈ ਤਿੰਨ ਤਰ੍ਹਾਂ ਦੇ ਮੁੱਖ ਖ਼ਰਚਿਆਂ 'ਤੇ ਵਿਚਾਰ ਕੀਤਾ ਜਾਂਦਾ ਹੈ, ਜੋ ਆਪਣੇ ਆਪ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਲਾਗਤ ਦੀ ਪਹਿਲੀ ਸ਼੍ਰੇਣੀ ਏ-2 ਹੈ, ਜਿਸ 'ਚ ਫ਼ਸਲੀਕਰਨ ਦੇ ਅਸਲ ਖ਼ਰਚੇ, ਜਿਵੇਂ ਬੀਜ, ਖਾਦਾਂ, ਦਵਾਈਆਂ ਆਦਿ ਸ਼ਾਮਲ ਹਨ। ਦੂਜੀ ਸ਼੍ਰੇਣੀ ਏ-2+ ਔਫਐੱਲ ਹੈ। ਇਸ 'ਚ ਅਸਲ ਭੁਗਤਾਨ ਖ਼ਰਚਿਆਂ ਤੋਂ ਇਲਾਵਾ ਪਰਿਵਾਰ ਦੀ ਮਿਹਨਤ ਵੀ ਸ਼ਾਮਲ ਹੈ। ਤੀਜੀ ਮੁੱਖ ਸ਼੍ਰੇਣੀ ਸੀ-2 ਹੈ, ਜੋ ਵਧੇਰੇ ਵਿਆਪਕ ਲਾਗਤਾਂ ਦੀ ਹੈ, ਜਿਸ 'ਚ ਕਿਸਾਨਾਂ ਦੀ ਜ਼ਮੀਨ ਤੇ ਸਥਾਈ ਪੂੰਜੀ ਦਾ ਵਿਆਜ ਵੀ ਸ਼ਾਮਲ ਹੈ।



## ਕਮਿਸ਼ਨ ਦੀਆਂ ਸਿਫ਼ਾਰਸ਼ਾਂ

ਸੰਸਾਰ ਪ੍ਰਸਿੱਧ ਅਰਥ-ਸ਼ਾਸਤਰੀ ਡਾ. ਐੱਮਐੱਸ ਸਵਾਮੀਨਾਥਨ ਦੀ ਅਗਵਾਈ ਹੇਠ 2004 'ਚ ਗਠਿਤ 'ਨੈਸ਼ਨਲ ਕਮਿਸ਼ਨ ਆਫ ਫਾਰਮਰ' ਵੱਲੋਂ ਖੇਤੀਬਾੜੀ ਦੀ ਵਿਆਪਕ ਨੀਤੀ ਬਣਾਉਣ ਲਈ ਸਰਕਾਰ ਨੂੰ 5 ਰਿਪੋਰਟਾਂ ਸੌਂਪੀਆਂ ਗਈਆਂ ਸਨ। ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਸਬੰਧੀ ਕਾਰਜ ਪ੍ਰਣਾਲੀ ਨੂੰ ਕੁਸ਼ਲ ਬਣਾਉਣ ਦੀ ਤਜਵੀਜ਼ 5ਵੀਂ ਰਿਪੋਰਟ 'ਚ ਸ਼ਾਮਲ ਸੀ, ਜਿਸ 'ਚ ਐੱਮਐੱਸਪੀ ਨੂੰ ਮੁਨਾਸਿਬ ਬਣਾਉਣ ਲਈ ਇਸ ਨੂੰ ਉਤਪਾਦਨ ਦੀ ਮੱਧਮਾਨ ਔਸਤਨ ਲਾਗਤ (Weighted average cost of production) ਤੋਂ ਘੱਟੋ ਘੱਟ 50 ਫ਼ੀਸਦੀ ਵੱਧ ਰੱਖਣ ਦੀ ਸਿਫ਼ਾਰਸ਼ ਕੀਤੀ ਸੀ। ਕਮਿਸ਼ਨ ਵੱਲੋਂ ਸੀ-2 ਲਾਗਤ ਮੁੱਲਾਂ ਨੂੰ ਐੱਮਐੱਸਪੀ ਦੇ ਮਾਪਣ ਲਈ ਸਿਫ਼ਾਰਸ਼ ਕੀਤੀ ਗਈ ਸੀ। ਇਸ ਸਾਲ ਸਾਉਣੀ 2018-19 ਦੌਰਾਨ ਬੀਜਣਯੋਗ ਵੱਖ-ਵੱਖ ਫ਼ਸਲਾਂ ਲਈ ਐੱਮਐੱਸਪੀ ਲਾਗਤ ਮੁੱਲ ਦੇ ਡੇਢ ਗੁਣਾ ਹੋਣ ਦਾ ਦਾਅਵਾ ਕੀਤਾ ਗਿਆ ਹੈ ਪ੍ਰੰਤੂ ਇਸ ਸਮਰਥਨ ਮੁੱਲ ਨੂੰ ਮਿੱਥਣ ਲਈ ਏ-2+ ਐੱਫਐੱਲ ਲਾਗਤ ਮੁੱਲ ਦਾ ਇਸਤੇਮਾਲ ਕੀਤਾ ਗਿਆ ਹੈ ਜਾਂ ਸੀ-2 ਲਾਗਤ ਮੁੱਲ ਦਾ, ਇਸ ਬਾਰੇ ਸਪਸ਼ਟ ਨਹੀ ਕੀਤਾ ਗਿਆ ਤੇ ਕਿਸਾਨ ਦੀ ਜ਼ਮੀਨ ਦੇ ਕਿਰਾਏ ਦਾ ਵੀ ਕੋਈ ਮੁੱਲ ਨਹੀਂ ਲਗਾਇਆ ਗਿਆ ਹੈ।

### ਮਹਿੰਗਾਈ ਕਾਰਨ ਆਮਦਨ 'ਚ ਗਿਰਾਵਟ

ਜੇ ਕਿਸਾਨ ਦੀ ਪਰੇਸ਼ਾਨੀ ਦੇ ਮੂਲ ਕਾਰਨ ਦਾ ਅੰਦਾਜ਼ਾ ਲਗਾਈਏ ਤਾਂ ਦਿਨੋਂ-ਦਿਨ ਵਧਦੀ ਮਹਿੰਗਾਈ ਅਤੇ ਇਸ ਕਾਰਨ ਖੇਤੀ ਨਿਵੇਸ਼ਾਂ ਦੇ ਨਾਲ ਖੇਤੀ ਉਪਜਾਂ ਦੀਆਂ ਕੀਮਤਾਂ ਦੀ ਤੁਲਨਾ ਕਰਨੀ ਪਵੇਗੀ। ਫਿਰ ਇਹ ਸਪਸ਼ਟ ਹੋਵੇਗਾ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਖੇਤੀ ਨਿਵਸ਼ ਦੀਆਂ ਕੀਮਤਾਂ ਖੇਤੀ ਉਪਜ ਕੀਮਤਾਂ ਦੇ ਮੁਕਾਬਲੇ ਵਧੇਰੇ ਦਰ ਨਾਲ ਵਧੀਆਂ ਹਨ। ਇਸ ਤੋਂ ਇਲਾਵਾ ਰੋਜ਼ਾਨਾ ਖਪਤਕਾਰੀ ਵਸਤੂਆਂ ਦੀਆਂ ਕੀਮਤਾਂ ਵਿਚ ਚੋਖਾ ਵਾਧਾ ਹੋਇਆ ਹੈ, ਜਿਸ ਕਾਰਨ ਕਿਸਾਨ ਦੀ ਅਸਲ ਆਮਦਨ ਵਿਚ ਗਿਰਾਵਟ ਆਈ ਹੈ। ਨੈਸ਼ਨਲ ਸੈਂਪਲ ਸਰਵੇ 2012-13 ਦੇ ਅੰਕੜਿਆਂ ਮੁਤਾਬਕ ਦੇਸ਼ ਦੇ ਕਿਸਾਨ ਦੀ ਔਸਤਨ ਮਹੀਨਾਵਾਰ ਆਮਦਨ 6426 ਰੁਪਏ ਹੈ। ਪੰਜਾਬ ਵਿਚ ਇਨ੍ਹਾਂ ਅੰਕੜਿਆਂ ਨੂੰ ਅਕਸਰ ਤਿੰਨ ਗੁਣਾ ਕਰ ਕੇ ਲਗਪਗ 18 ਹਜ਼ਾਰ ਰੁਪਏ ਔਸਤਨ ਆਮਦਨ ਮੰਨਿਆ ਜਾਂਦਾ ਹੈ। ਯਾਦ ਰਹੇ ਕਿ ਇਹ ਅੰਕੜੇ ਨਾਮੀਨਲ ਇਨਕਮ ਦੇ ਹਨ। ਕਿਰਸਾਨੀ ਦੇ ਅਸਲ ਹਾਲਾਤ ਦਾ ਜਾਇਜ਼ਾ ਕੇਵਲ ਕਿਸਾਨ ਦੀ ਅਸਲ ਜਾਂ ਰੀਅਲ ਇਨਕਮ ਹੈ, ਜਿਸ ਨੂੰ ਮਹਿੰਗਾਈ ਨਾਲ ਸਬੰਧਤ ਪੈਮਾਨਾ, ਜਿਵੇਂ 'ਕੰਜ਼ਿਊਮਰ ਪ੍ਰਾਈਜ਼ ਇੰਡੈਕਸ' ਦੀ ਮਦਦ ਨਾਲ ਮਾਪਿਆ ਜਾ ਸਕਦਾ ਹੈ। ਸੋ ਕਿਸਾਨਾਂ ਲਈ ਮੁੱਖ ਸਮੱਸਿਆ ਉਸ ਦੀ ਅਸਲ ਇਨਕਮ ਵਿਚ ਲਗਾਤਾਰ ਤੇ ਵਰ੍ਹੇਵਾਰ ਆਈ ਗਿਰਾਵਟ ਦਾ ਕਾਰਨ ਖੇਤੀ ਅਤੇ ਪਰਿਵਾਰਕ ਕੰਮ-ਕਾਜਾਂ ਵਿਚ ਜੋਖ਼ਮ ਨਾ ਲੈ ਸਕਣਾ ਹੈ।

## ਸੰਵਿਧਾਨ ਤੇ ਖੇਤੀ ਸੁਧਾਰ

ਸੰਵਿਧਾਨ ਦੇ 7ਵੇਂ ਸ਼ਡਿਊਲ ਮੁਤਾਬਕ ਖੇਤੀਬਾੜੀ ਨੂੰ ਰਾਜ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ ਪ੍ਰੰਤੂ ਕੇਂਦਰ ਸਰਕਾਰ ਅਕਸਰ ਖੇਤੀਬਾੜੀ ਦੇ ਸੰਚਾਲਨ 'ਚ ਨਿਰਣਾਇਕ ਭੂਮਿਕਾ ਨਿਭਾਉਂਦੀ ਹੈ। ਡਾ. ਸਵਾਮੀਨਾਥਨ ਵੱਲੋਂ ਪੇਸ਼ ਰਿਪੋਰਟ 'ਚ ਪ੍ਰਸਤਾਵ ਰੱਖਿਆ ਗਿਆ ਸੀ ਕਿ ਖੇਤੀਬਾੜੀ ਕਿਉਂਕਿ ਕੀਮਤਾਂ, ਕਰਜ਼ਿਆਂ, ਤਿਆਰ ਕੀਤੇ ਮੁੱਖ ਕਾਨੂੰਨ, ਜਿਵੇਂ ਪ੍ਰੋਟੈਕਸ਼ਨ ਆਫ ਪਲਾਂਟ ਵੇਰਾਇਟੀਜ਼ ਐਂਡ ਫਾਰਮਰਜ਼ ਰਾਈਟ, ਬਾਇਓ-ਡਾਇਵਰਸਿਟੀ ਐਕਟ ਆਦਿ ਤੇ ਖੇਤੀਬਾੜੀ ਵਪਾਰ ਨਾਲ ਸਬੰਧਤ ਮਹੱਤਵਪੂਰਨ ਫ਼ੈਸਲਿਆਂ ਤੋਂ ਇਲਾਵਾ ਦਿਹਾਤੀ ਵਿਕਾਸ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾਂਦੇ ਹਨ, ਇਸ ਲਈ ਖੇਤੀਬਾੜੀ ਕਿੱਤੇ ਨੂੰ ਸਟੇਟ ਲਿਸਟ 'ਚੋਂ ਕੱਢ ਕੇ ਕਨਕਰੰਟ (Concurrent) ਲਿਸਟ 'ਚ ਸ਼ਾਮਲ ਕਰਨਾ ਯੋਗ ਹੋਵੇਗਾ ਤਾਂ ਕਿ ਕਿਰਸਾਨੀ ਦਾ ਵਿਕਾਸ ਕੇਂਦਰ ਤੇ ਸੂਬਿਆਂ ਦੀ ਸਾਂਝੀ ਜ਼ਿੰਮੇਵਾਰੀ ਹੋਵੇ। ਖੇਤੀ ਦੇ ਭਵਿੱਖ ਨੂੰ ਕੇਵਲ ਸੂਬਿਆਂ 'ਤੇ ਛੱਡਣਾ ਭੁੱਖਮਰੀ ਨੂੰ ਸੱਦਾ ਦੇਣ ਦੇ ਬਰਾਬਰ ਹੋਵੇਗਾ।

ਵੇਖਿਆ ਜਾਵੇ ਤਾਂ ਖੇਤੀਬਾੜੀ ਵਾਂਗ ਇੰਡਸਟਰੀ ਵੀ ਸਟੇਟ ਲਿਸਟ 'ਚ ਸ਼ਾਮਲ ਹੈ ਪ੍ਰੰਤੂ ਜਦੋਂ ਸਵਾਲ ਇਨ੍ਹਾਂ ਦੋਵਾਂ ਕਿੱਤਿਆਂ ਵਿਚ ਨਾਨ-ਪ੍ਰਫਾਰਮਿੰਗ ਅਸੈਟਸ ਜਾਂ ਮਾੜੇ ਕਰਜ਼ਿਆਂ ਦਾ ਹੁੰਦਾ ਹੈ ਤਾਂ ਕਿਸਾਨੀ ਕਰਜ਼ਿਆਂ 'ਤੇ ਯੋਗ ਕਾਰਵਾਈ ਦੀ ਜ਼ਿੰਮੇਵਾਰੀ ਸਟੇਟ ਉੱਪਰ ਛੱਡ ਦਿੱਤੀ ਜਾਂਦੀ ਹੈ ਤੇ ਇੰਡਸਟਰੀ ਦੇ ਕਰਜ਼ਿਆਂ ਸਬੰਧੀ ਹੱਲ ਕੇਂਦਰ ਸਰਕਾਰ ਆਪਣੇ ਪੱਧਰ 'ਤੇ ਕਰਦੀ ਹੈ। ਉਦਾਹਰਣ ਵਜੋਂ ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ ਸਾਲ 2014-15 ਤੋਂ ਸਤੰਬਰ 2017 ਤਕ ਜਨਤਕ ਖੇਤਰ ਦੇ ਬੈਂਕਾਂ ਨੇ ਇਕ ਸਮਝੌਤੇ ਤਹਿਤ ਕੁੱਲ 2,41,911 ਕਰੋੜ ਰੁਪਏ ਦੇ ਕਰਜ਼ੇ ਮਾਫ਼ ਕੀਤੇ ਹਨ। ਸਰਕਾਰ ਵੱਲੋਂ ਆਰਬੀਆਈ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸੂਚਨਾ ਗੁਪਤ ਰੱਖਣ ਦਾ ਕਾਰਨ ਦਿੰਦਿਆਂ ਇਨ੍ਹਾਂ ਡਿਫਾਲਟਰਾਂ ਦੀ ਲਿਸਟ ਵੀ ਜਨਤਕ ਨਹੀਂ ਕੀਤੀ ਗਈ ਹੈ। •



*ਖੇਤੀਬਾੜੀ ਤੇ ਇੰਡਸਟਰੀ ਸਟੇਟ ਲਿਸਟ 'ਚ ਸ਼ਾਮਲ ਹਨ। ਖੇਤੀ 'ਚ ਮਾੜੇ ਕਰਜ਼ਿਆਂ ਦਾ ਮਾਮਲਾ ਕਾਰਵਾਈ ਲਈ ਸਟੇਟ ਉੱਪਰ ਛੱਡ ਦਿੱਤਾ ਜਾਂਦਾ ਹੈ ਤੇ ਇੰਡਸਟਰੀ ਦੇ ਕਰਜ਼ਿਆਂ ਦਾ ਹੱਲ ਕੇਂਦਰ ਸਰਕਾਰ ਕਰਦੀ ਹੈ...*





ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ ਸਾਲ 2014-15 ਤੋਂ ਸਤੰਬਰ 2017 ਤਕ ਜਨਤਕ ਖੇਤਰ ਦੇ ਬੈਂਕਾਂ ਨੇ ਇਕ ਸਮਝੌਤੇ ਤਹਿਤ ਕੁੱਲ **2,41,911** ਕਰੋੜ ਰੁਪਏ ਦੇ ਕਰਜ਼ੇ ਮਾਫ਼ ਕੀਤੇ ਹਨ...

# ਮੱਕੀ ਦੇ ਕੀੜੇ ਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

• ਰਾਕੇਸ਼ ਕੁਮਾਰ ਸ਼ਰਮਾ,
ਡੀਐੱਸ ਰਾਣਾ

ਪੰਜਾਬ ਵਿਚ ਸਾਲ 2017 ਵਿਚ 116 ਹਜ਼ਾਰ ਹੈਕਟੇਅਰ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਗਈ ਅਤੇ ਇਸ ਦੀ ਕੁੱਲ ਉਪਜ 445 ਹਜ਼ਾਰ ਟਨ ਸੀ। ਮੱਕੀ ਦਾ ਪ੍ਰਤੀ ਹੈਕਟਰ ਔਸਤ ਝਾੜ 38.35 ਕੁਇੰਟਲ ਰਿਹਾ। ਮੱਕੀ ਉੱਤੇ ਕਈ ਤਰ੍ਹਾਂ ਦੇ ਕੀੜੇ ਤੇ ਬਿਮਾਰੀਆਂ ਹਮਲਾ ਕਰਕੇ ਇਸ ਦੇ ਉਤਪਾਦਨ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਕੀੜਿਆਂ ਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਕਰ ਕੇ ਮੱਕੀ ਦੇ ਝਾੜ ਅਤੇ ਗੁਣਵੱਤਾ 'ਚ ਵਾਧਾ ਕੀਤਾ ਜਾ ਸਕਦਾ ਹੈ।

## ਮੱਕੀ ਦਾ ਗੜੂਆਂ

ਇਹ ਮੱਕੀ ਦਾ ਬਹੁਤ ਖ਼ਤਰਨਾਕ ਕੀੜਾ ਹੈ ਅਤੇ ਜੂਨ ਤੋਂ ਸਤੰਬਰ ਤਕ ਫ਼ਸਲ ਦਾ ਨੁਕਸਾਨ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਪਹਿਲਾਂ ਬੂਟੇ ਦੇ ਪੱਤਿਆਂ ਉੱਪਰ ਝਰੀਟਾਂ ਪਾ ਦਿੰਦੀਆਂ ਹਨ ਤੇ ਗੋਭ ਰਾਹੀਂ ਤਣੇ ਵਿਚ ਮੋਰੀਆਂ ਕਰ ਦਿੰਦੀਆਂ ਹਨ। ਗੋਭ ਦਾ ਵਿਚਕਾਰਲਾ ਪੱਤਾ ਛਾਣਨੀ ਹੋ ਜਾਂਦਾ ਹੈ। ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ।

**ਰੋਕਥਾਮ** : ਗੋਡੀ ਕਰਦੇ ਸਮੇਂ ਗੜੂਏਂ ਦੇ ਸਖ਼ਤ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ। ਟਰਾਈਕੋਗਰਾਮਾ (ਮਿੱਤਰ ਕੀੜੇ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40 ਹਜ਼ਾਰ ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ, ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਤੇ ਦੂਜੀ ਵਾਰ ਇਕ ਹਫ਼ਤੇ ਬਾਅਦ ਵਰਤੋ। ਇਹ ਆਂਡੇ ਗੂੰਦ ਨਾਲ ਟਰਾਈਕੋਕਾਰਡਾਂ ਉੱਪਰ ਚਿਪਕਾਏ ਹੋਏ ਹੁੰਦੇ ਹਨ। ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਇਕ ਹਜ਼ਾਰ ਆਂਡੇ ਹੋਣ। ਇਨ੍ਹਾਂ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਸਮੇਂ ਖੇਤ ਵਿਚ ਇਕਸਾਰ ਦੂਰੀ 'ਤੇ ਪਿੰਨ ਨਾਲ ਨੱਥੀ ਕਰੋ। ਇਹ ਕਾਰਡ ਮੀਂਹ ਵਾਲੇ ਦਿਨ ਨਹੀਂ ਵਰਤਣੇ ਚਾਹੀਦੇ।

ਬਿਜਾਈ ਤੋਂ ਦੋ-ਤਿੰਨ ਹਫ਼ਤੇ ਪਿੱਛੋਂ ਜਾਂ ਜਿਸ ਵੇਲੇ ਪੱਤਿਆਂ ਉੱਪਰ ਇਸ ਕੀੜੇ ਦਾ ਹਮਲਾ ਦਿਸੇ ਤਾਂ 30 ਮਿਲੀਲਿਟਰ ਕੋਰਾਜਨ 18.5 ਐੱਸਸੀ (ਕਲੋਰਨਟਰੇਨੀਲੀਪਰੋਲ) ਜਾਂ 80 ਮਿਲੀਲਿਟਰ ਡੈਸਿਸ 2.8 ਈਸੀ (ਡੈਲਟਾਮੈਥਰੀਨ) ਦਵਾਈ ਨੂੰ 60 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਿੱਠੂ ਪੰਪ ਨਾਲ ਛਿੜਕੋ।

## ਭੱਬੂ ਕੁੱਤਾ

ਜਦੋਂ ਇਹ ਕੀੜੇ ਗਿਣਤੀ ਵਿਚ ਬਹੁਤ ਵਧ ਜਾਣ ਤਾਂ ਬਹੁਤ ਨੁਕਸਾਨ ਕਰਦੇ ਹਨ। ਇਹ ਕੀੜੇ ਬੂਟਿਆਂ ਦੇ ਪੱਤੇ ਅਤੇ ਨਰਮ ਤਣੇ ਨੂੰ ਚਟਮ ਕਰ ਜਾਂਦੇ ਹਨ। ਇਸ ਕੀੜੇ ਦੀਆਂ ਛੋਟੀ ਉਮਰ ਦੀਆਂ ਸੁੰਡੀਆਂ ਝੁੰਡਾਂ ਵਿਚ ਫ਼ਸਲ ਨੂੰ ਖਾਂਦੀਆਂ ਹਨ। ਵੱਡੀਆਂ ਸੁੰਡੀਆਂ ਇਕ ਖੇਤ 'ਚੋਂ ਦੂਸਰੇ ਖੇਤ ਤਕ ਫ਼ੈਲ ਜਾਂਦੀਆਂ ਹਨ।

**ਰੋਕਥਾਮ** : ਕੀੜੇ ਦੇ ਪਤੰਗਿਆਂ ਨੂੰ ਮਾਰਨ ਲਈ ਰੋਸ਼ਨੀ ਯੰਤਰ ਦੀ ਵਰਤੋਂ ਕਰੋ। ਨਿੱਕੀਆਂ ਸੁੰਡੀਆਂ ਵੱਡੀ ਗਿਣਤੀ ਵਿਚ ਇਕੱਠੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਮਾਰਨ ਲਈ ਹਮਲੇ ਵਾਲੇ ਪੱਤੇ ਜਾਂ ਬੂਟੇ ਤੋੜ ਕੇ ਸਾੜ ਜਾ ਦਬਾਅ ਦਿਉ। ਵੱਡੀਆਂ ਸੁੰਡੀਆਂ ਨੂੰ ਪੈਰਾਂ ਹੇਠ ਮਸਲ ਕੇ ਜਾਂ ਇਕੱਠੇ ਕਰ ਕੇ ਮਿੱਟੀ ਦੇ ਤੇਲ ਵਾਲੇ ਪਾਣੀ 'ਚ ਪਾ ਕੇ ਮਾਰਿਆ ਜਾ ਸਕਦਾ ਹੈ। ਜੇ ਸੁੰਡੀਆਂ ਦੀ ਗਿਣਤੀ ਜ਼ਿਆਦਾ ਹੋਵੇ ਤਾਂ 500 ਮਿਲੀਲਿਟਰ ਐਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਹੱਥ ਵਾਲੇ ਪੰਪ ਨਾਲ ਛਿੜਕਾਅ ਕਰੋ। •

## ਤੇਲਾ, ਥਰਿਪ ਤੇ ਪੱਤੇ ਖਾਣ ਵਾਲੇ ਹੋਰ ਕੀੜੇ

ਇਹ ਕੀੜੇ ਸਾਉਣੀ ਦੀ ਮੁੱਖ ਫ਼ਸਲ ਦਾ ਨੁਕਸਾਨ ਕਰਨ ਲੱਗ ਪਏ ਹਨ। ਇਨ੍ਹਾਂ ਦੀ ਰੋਕਥਾਮ ਲਈ ਮੈਟਾਸਿਸਟਾਕਸ 25 ਈਸੀ (ਔਕਸੀਡੇਮੀਟਨ ਮਥਾਈਲ) ਜਾਂ ਰੋਗਰ 30 ਈਸੀ (ਡਾਈਮੈਥੋਏਟ) 200 ਮਿਲੀਲਿਟਰ ਨੂੰ 50 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕੋ।

## ਸੈਨਿਕ ਸੁੰਡੀ ਤੇ ਛੱਲੀਆਂ ਦਾ ਸੂਤ ਕੁਤਰੂ

ਸੈਨਿਕ ਸੁੰਡੀ ਗੋਭ ਵਾਲੇ ਪੱਤੇ ਖਾਂਦੀ ਹੈ ਅਤੇ ਛੱਲੀਆਂ ਦਾ ਸੂਤ ਕੁਤਰ ਛੱਲੀਆਂ ਦਾ ਸੂਤ ਖਾ ਜਾਂਦਾ ਹੈ।

## ਜੂੰ

ਇਸ ਦਾ ਹਮਲਾ ਛੋਟੀ ਫ਼ਸਲ 'ਤੇ ਫ਼ਸਲ ਪੱਕਣ ਸਮੇਂ ਸਤੰਬਰ-ਅਕਤੂਬਰ ਵਿਚ ਬਹੁਤ ਹੁੰਦਾ ਹੈ। ਹਮਲੇ ਵਾਲੇ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਇਹ ਛੇਤੀ ਪਛਾਣੇ ਜਾਂਦੇ ਹਨ ਕਿਉਂਕਿ ਇਨ੍ਹਾਂ ਉੱਪਰ ਮਿੱਟੀ ਰੰਗੇ ਜਾਲੇ ਲੱਗ ਜਾਂਦੇ ਹਨ।

## ਰੋਕਥਾਮ

ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਮੱਕੀ ਦੇ ਗੜੂਏਂ ਦੀ ਰੋਕਥਾਮ ਵਾਲੀਆਂ ਦਵਾਈਆਂ ਵਰਤਣੀਆਂ ਚਾਹੀਦੀਆਂ ਹਨ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ 30 ਮਲੀਲਿਟਰ ਕੋਰਾਜਨ 18.5 ਐੱਸਸੀ (ਕਲੋਰਨਟਰੇਨੀਲੀਪਰੋਲ) ਜਾਂ 80 ਮਿਲੀਲਿਟਰ ਡੇਸਿਸ 2.8 ਈਸੀ (ਡੇਲਟਾਮੇਥਰੀਨ) ਦਵਾਈ ਨੂੰ 60 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਪਿੱਠੂ ਪੰਪ ਨਾਲ ਛਿੜਕੋ।



*ਸਾਲ 2017 ਦੌਰਾਨ ਪੰਜਾਬ ਵਿਚ 116 ਹਜ਼ਾਰ ਹੈਕਟੇਅਰ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਗਈ ਤੇ ਪ੍ਰਤੀ ਹੈਕਟਰ ਔਸਤ ਝਾੜ 38.35 ਕੁਇੰਟਲ ਰਿਹਾ। ਮੱਕੀ ਉੱਪਰ ਕੀੜੇ ਤੇ ਬਿਮਾਰੀਆਂ ਦਾ ਹਮਲਾ ਉਤਪਾਦਨ 'ਚ ਗਿਰਾਵਟ ਦਾ ਕਾਰਨ ਬਣਦੇ ਹਨ...*

## ਬਿਮਾਰੀਆਂ

### ਬੀਜ ਸੜਨਾ ਤੇ ਪੌਦਾ ਝੁਲਸਣਾ

ਇਸ ਬਿਮਾਰੀ ਕਾਰਨ ਬੀਜ ਘੱਟ ਉੱਗਦਾ ਹੈ। ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਛੋਟੇ ਪੌਦੇ ਮਰਨੇ ਸ਼ੁਰੂ ਹੋ ਜਾਂਦੇ ਹਨ। ਇਸ ਦੀ ਰੋਕਥਾਮ ਲਈ ਬੀਜ ਨੂੰ ਬਾਵਿਸਟਨ ਜਾ ਡੇਰੋਸਲ ਜਾਂ ਐਗਰੋਜ਼ਿਮ 50 ਡਬਲਯੂ ਪੀ 3 ਗ੍ਰਾਮ ਪ੍ਰਤੀ ਕਿੱਲੋ (ਕਾਰਬੈਂਡਾਜ਼ਿਮ) ਨਾਲ ਸੋਧ ਕੇ ਬੀਜੋ।

### ਟਾਂਡੇ ਗਲਣਾ

ਤਣੇ ਤੇ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ ਤੇ ਹੌਲੀ-ਹੌਲੀ ਤਣੇ ਦਾ ਹੇਠਲਾ ਹਿੱਸਾ ਵੀ ਗਲਣਾ ਸ਼ੁਰੂ ਹੋ ਜਾਂਦਾ ਹੈ। ਤਣੇ ਦਾ ਗਲਣਾ ਤੇਜ਼ੀ ਨਾਲ ਵਧਦਾ ਹੋਇਆ ਕਾਫ਼ੀ ਹਿੱਸੇ ਤਕ ਫੈਲ ਜਾਂਦਾ ਹੈ। ਤਣੇ ਦੇ ਬਾਹਰੀ ਭਾਗ ਦਾ ਕੁਦਰਤੀ ਹਰਾਪਨ ਖ਼ਤਮ ਹੋ ਜਾਂਦਾ ਹੈ ਤੇ ਉਹ ਪਾਣੀ ਵਿਚ ਉਬਾਲਿਆ ਹੋਇਆ ਲਗਦਾ ਹੈ। ਗਲਿਆ ਹੋਇਆ ਤਣਾ ਬਦਬੂ ਮਾਰਦਾ ਹੈ ਤੇ ਮੁੱਢ ਤੋਂ ਦੂਜੀ ਜਾਂ ਤੀਜੀ ਗੰਢ ਦੇ ਵਿਚਕਾਰੋਂ ਟੁੱਟ ਵੀ ਸਕਦਾ ਹੈ। ਹਮਲੇ ਦੀ ਮਾਰ ਹੇਠ ਆਏ ਪੌਦੇ ਮੁਰਝਾ ਜਾਂਦੇ ਹਨ। ਪੌਦਿਆਂ ਦੇ ਮੁੱਢਾਂ ਨੂੰ ਨਸ਼ਟ ਕਰ ਦਿਉ। ਖੇਤ ਵਿਚ ਪਾਣੀ ਦਾ ਨਿਕਾਸ ਠੀਕ ਰੱਖੋ ਤੇ ਸੁਧਰੀਆਂ ਹੋਈਆਂ ਕਿਸਮਾਂ ਹੀ ਬੀਜੋ।

### ਪੱਤਾ ਝੁਲਸ ਰੋਗ

ਇਸ ਬਿਮਾਰੀ ਨਾਲ ਪੱਤਿਆਂ ਉੱਤੇ ਤੱਕਲਿਆਂ ਵਰਗੇ ਧੱਬੇ ਪੈ ਜਾਂਦੇ ਹਨ ਤੇ ਧੱਬਿਆਂ ਦੁਆਲੇ ਪੀਲੇ ਤੇ ਭੂਰੇ ਰੰਗ ਦੇ ਘੇਰੇ ਬਣ ਜਾਂਦੇ ਹਨ। ਇਹ ਘੇਰੇ ਵੱਡੇ ਹੋ ਕੇ ਇਕ-ਦੂਜੇ ਨਾਲ ਮਿਲ ਕੇ ਬੇਢੱਬੀ ਜਿਹੀ ਸ਼ਕਲ ਬਣਾ ਲੈਂਦੇ ਹਨ। ਇਹ ਨਿਸ਼ਾਨੀਆਂ ਪੱਤੇ ਅਤੇ ਛੱਲੀਆਂ ਦੇ ਪਰਦਿਆਂ 'ਤੇ ਵੀ ਪੈ ਜਾਂਦੀਆਂ ਹਨ। ਬਿਮਾਰੀ ਵਾਲੀ ਫ਼ਸਲ ਦੇ ਮੁੱਢਾਂ ਦਾ ਨਾਸ਼ ਕਰ ਦਿਉ। ਸੁਧਰੀਆਂ ਹੋਈਆਂ ਕਿਸਮਾਂ ਹੀ ਬੀਜੋ। ਭੂਰੀ ਜਾਲੇਦਾਰ ਉੱਲੀ ਦੇ ਛਿੜਕਾਅ ਵਾਲਾ ਢੰਗ ਅਪਣਾਉ।

### ਪਛੇਤਾ ਮੁਰਝਾਉਣਾ

ਇਸ ਦੇ ਹਮਲੇ ਵੇਲੇ ਫੁੱਲ ਆਉਣ ਤੋਂ ਬਾਅਦ ਬੂਟੇ ਮੁਰਝਾਅ ਜਾਂਦੇ ਹਨ। ਟਾਂਡੇ ਦੀਆਂ ਹੇਠਲੀਆਂ ਪੋਰੀਆਂ ਦਾ ਰੰਗ ਬਦਲ ਜਾਂਦਾ ਹੈ। ਟਾਂਡੇ ਨੂੰ ਪਾੜਨ 'ਤੇ ਵਿਚਲੇ ਹਿੱਸੇ ਦਾ ਰੰਗ ਹੇਠੋਂ ਉੱਪਰ ਵੱਲ ਨੂੰ ਖ਼ਰਾਬ ਹੁੰਦਾ ਲਗਦਾ ਹੈ। ਇਸ ਦੀ ਰੋਕਥਾਮ ਲਈ ਸੁਧਰੀਆਂ ਹੋਈਆਂ ਕਿਸਮਾਂ ਹੀ ਬੀਜੋ।

### ਤਣੇ ਦੁਆਲੇ ਪੱਤੇ ਦਾ ਝੁਲਸ ਰੋਗ

ਇਹ ਬਿਮਾਰੀ ਪੱਤੇ, ਤਣੇ ਦੁਆਲੇ ਪੱਤੇ ਅਤੇ ਟਾਂਡੇ ਤੇ ਸ਼ੁਰੂ ਹੋ ਜਾਂਦੀ ਹੈ। ਇਸ ਦੀ ਰੋਕਥਾਮ ਲਈ ਸੁਧਰੀਆਂ ਕਿਸਮਾਂ ਹੀ ਬੀਜੋ। ਇਸ ਰੋਗ ਨੂੰ ਰੋਕਣ ਲਈ ਐਮੀਸਟਾਰ ਟੋਪ 325 ਐੱਸਸੀ 100 ਮਿਲੀਲਿਟਰ ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।



## ਸੰਪਾਦਕੀ

# ਜੰਮੂ ਕਸ਼ਮੀਰ ਚੋਣਾਂ

ਇਤਿਹਾਸਕ ਧਾਰਾ 370 ਖ਼ਤਮ ਹੋਣ ਤੋਂ ਬਾਅਦ ਜੰਮੂ ਕਸ਼ਮੀਰ ਵਿੱਚ ਹੋਣ ਜਾ ਰਹੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਸਿਆਸੀ ਹੱਲੇ ਤਿੱਖੇ ਹੁੰਦੇ ਜਾ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਡੋਡਾ ਜ਼ਿਲ੍ਹੇ ਵਿੱਚ ਹੋਈ ਇੱਕ ਚੋਣ ਰੈਲੀ ਦੌਰਾਨ ਖੇਤਰ ਦੇ ਰਾਜਨੀਤਕ ਪਰਿਵਾਰਵਾਦ ਉੱਤੇ ਤਿੱਖਾ ਨਿਸ਼ਾਨਾ ਸੇਧਿਆ। ਉਨ੍ਹਾਂ ਸਿੱਧੇ ਤੌਰ 'ਤੇ ਕਾਂਗਰਸ, ਨੈਸ਼ਨਲ ਕਾਨਫਰੰਸ (ਐੱਨਸੀ) ਤੇ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ) ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਉੱਤੇ ਲੋਕਾਂ ਦੇ ਹਿੱਤਾਂ ਨਾਲੋਂ ਪਰਿਵਾਰ ਨੂੰ ਵੱਧ ਤਰਜੀਹ ਦੇਣ ਦੇ ਦੋਸ਼ ਲਾਏ। ਉਨ੍ਹਾਂ ਦਾਅਵਾ ਕੀਤਾ ਕਿ ਇਸ ਪਰਿਵਾਰਵਾਦ ਦੀ ਸਿਆਸਤ ਨੇ ਖੇਤਰ ਨੂੰ 'ਖੋਖ਼ਲਾ' ਕੀਤਾ ਹੈ ਤੇ ਤਰੱਕੀ ਵਿੱਚ ਵੀ ਅੜਿੱਕਾ ਪਾਇਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਜਪਾ ਹੀ ਇੱਕੋ-ਇੱਕ ਰਾਜਨੀਤਕ ਸ਼ਕਤੀ ਹੈ ਜੋ ਇਸ ਤਰ੍ਹਾਂ ਦੇ ਢਾਂਚੇ ਨੂੰ ਖ਼ਤਮ ਕਰ ਸਕਦੀ ਹੈ ਤੇ ਨੌਜਵਾਨਾਂ ਦੀ ਅਗਵਾਈ 'ਚ ਇੱਕ ਨਵੀਂ ਸ਼ੁਰੂਆਤ ਦੇ ਕੇ ਵਿਕਾਸ 'ਤੇ ਧਿਆਨ ਕੇਂਦਰਿਤ ਕਰ ਸਕਦੀ ਹੈ।

ਅਗਾਮੀ ਚੋਣਾਂ ਜੰਮੂ ਕਸ਼ਮੀਰ ਲਈ ਬੇਹੱਦ ਮਹੱਤਵਪੂਰਨ ਸਾਬਿਤ ਹੋਣਗੀਆਂ। ਧਾਰਾ 370 ਖ਼ਤਮ ਕਰ ਕੇ ਭਾਜਪਾ ਖ਼ੁਦ ਨੂੰ ਖੇਤਰ ਵਿੱਚ ਇੱਕ ਪ੍ਰਮੁੱਖ ਤਾਕਤ ਵਜੋਂ ਸਥਾਪਿਤ ਕਰਨ ਦੀ ਚਾਹਵਾਨ ਹੈ। ਇਸ ਮੰਤਵ ਦੀ ਪੂਰਤੀ ਲਈ ਪਾਰਟੀ ਨੇ ਵੋਟਰਾਂ ਨੂੰ ਸ਼ਾਂਤੀ, ਸਥਿਰਤਾ ਤੇ ਆਰਥਿਕ ਤਰੱਕੀ ਦਾ ਸੁਪਨਾ ਦਿਖਾਇਆ ਹੈ। ਮੋਦੀ ਨੇ ਜ਼ੋਰ ਦਿੱਤਾ ਹੈ ਕਿ ਸਿਰਫ਼ ਭਾਜਪਾ ਹੀ ਉੱਚੀ ਬੇਰੁਜ਼ਗਾਰੀ ਦਰ ਦਾ ਹੱਲ ਕਰ ਕੇ ਅਤੇ ਖੇਤਰ ਵਿੱਚ ਨਿਵੇਸ਼ ਲਿਆ ਕੇ ਅਰਥਪੂਰਨ ਬਦਲਾਅ ਲਿਆ ਸਕਦੀ ਹੈ, ਜੋ ਕਿ ਚਿਰਾਂ ਤੋਂ ਸਿਆਸੀ ਅਸਥਿਰਤਾ ਕਾਰਨ ਨਹੀਂ ਵਾਪਰ ਸਕਿਆ ਹੈ। ਪ੍ਰਧਾਨ ਮੰਤਰੀ ਦਾ ਬਿਆਨ ਕਿ 'ਅਤਿਵਾਦ ਆਖ਼ਰੀ ਸਾਹ ਲੈ ਰਿਹਾ ਹੈ'', ਸੁਰੱਖਿਆ 'ਤੇ ਭਾਜਪਾ ਵੱਲੋਂ ਲਾਏ ਜਾ ਰਹੇ ਜ਼ੋਰ ਨੂੰ ਦਰਸਾਉਂਦਾ ਹੈ ਜੋ ਕਿ ਖੇਤਰੀ ਲੋਕਾਂ ਦਾ ਸਭ ਤੋਂ ਵੱਡਾ ਭੈਅ ਹੈ ਤੇ ਦਹਾਕਿਆਂ ਤੋਂ ਇਲਾਕਾ ਦਹਿਸ਼ਤਗਰਦੀ ਨਾਲ ਗ੍ਰਸਤ ਹੈ।

ਹਾਲਾਂਕਿ, ਚੋਣ ਮੁਕਾਬਲਾ ਇੱਕਪਾਸੜ ਰਹਿਣ ਦੀ ਸੰਭਾਵਨਾ ਬਹੁਤ ਘੱਟ ਹੈ। ਨੈਸ਼ਨਲ ਕਾਨਫਰੰਸ ਤੇ ਪੀਡੀਪੀ ਵਰਗੀਆਂ ਖੇਤਰੀ ਪਾਰਟੀਆਂ ਨੇ ਕਾਂਗਰਸ ਨਾਲ ਏਕਾ ਕੀਤਾ ਹੈ ਤੇ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਬਹਾਲ ਕਰਾਉਣ ਦਾ ਅਹਿਦ ਲਿਆ ਹੈ। ਧਾਰਾ 370 ਦੇ ਖਾਤਮੇ ਨਾਲ ਹੀ ਇਹ ਵਿਸ਼ੇਸ਼ ਦਰਜਾ ਵੀ ਖ਼ਤਮ ਕਰ ਦਿੱਤਾ ਗਿਆ ਸੀ। ਕਾਂਗਰਸ ਨੇ ਅਹਿਦ ਕੀਤਾ ਹੈ ਕਿ ਇਹ ਸੰਪੂਰਨ ਰਾਜ ਦਾ ਦਰਜਾ ਬਹਾਲ ਕਰਾਏਗੀ, ਜਦੋਂਕਿ ਐੱਨਸੀ ਤੇ ਪੀਡੀਪੀ ਨੇ ਖੇਤਰ ਦੀ ਪਛਾਣ ਅਤੇ ਜਮਹੂਰੀ ਹੱਕਾਂ ਨੂੰ ਬਚਾਉਣ 'ਤੇ ਧਿਆਨ ਕੇਂਦਰਿਤ ਕੀਤਾ ਹੈ। ਇਨ੍ਹਾਂ ਦਾ ਗੱਠਜੋੜ ਭਾਜਪਾ ਦੇ ਵਿਕਾਸ ਦੇ ਬਿਰਤਾਂਤ ਨੂੰ ਟੱਕਰ ਦੇਵੇਗਾ ਤੇ ਨਾਲ ਹੀ ਭਾਜਪਾ ਵੱਲੋਂ ਖ਼ੁਦ ਨੂੰ ਖੇਤਰੀ ਖ਼ੁਦਮੁਖਤਿਆਰੀ ਦਾ ਰੱਖਿਅਕ ਦੱਸੇ ਜਾਣ ਦਾ ਵੀ ਮੁਕਾਬਲਾ ਕਰੇਗਾ। ਕਾਂਗਰਸ, ਐੱਨਸੀ ਤੇ ਪੀਡੀਪੀ ਦਾ ਗੱਠਜੋੜ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਮੁਕਾਮੀ ਵਿਰੋਧ ਦਾ ਲਾਹਾ ਲੈਣ ਦੀ ਵੀ ਕੋਸ਼ਿਸ਼ ਕਰੇਗਾ। ਇਹ ਚੋਣਾਂ ਆਖ਼ਰ ਵਿੱਚ ਤੈਅ ਕਰਨਗੀਆਂ ਕਿ ਕੀ ਵੋਟਰ 'ਅਤਿਵਾਦ ਮੁਕਤ, ਖੁਸ਼ਹਾਲ' ਜੰਮੂ ਕਸ਼ਮੀਰ ਦੇ ਮੋਦੀ ਦੇ ਸੁਪਨੇ ਨੂੰ ਅਪਣਾਉਂਦੇ ਹਨ ਜਾਂ ਫੇਰ ਰਵਾਇਤੀ ਖੇਤਰੀ ਤਾਕਤਾਂ ਪ੍ਰਤੀ ਹੀ ਵਫ਼ਾਦਾਰ ਬਣੇ ਰਹਿੰਦੇ ਹਨ।

# ਹਿਮਾਚਲ 'ਚ ਫ਼ਿਰਕੂ ਤਣਾਅ

ਉੱਤਰ ਭਾਰਤੀ ਰਾਜ ਹਿਮਾਚਲ ਪ੍ਰਦੇਸ਼, ਜਿਸ ਨੂੰ ਪ੍ਰੇਮ ਭਾਵ ਨਾਲ 'ਦੇਵ ਭੂਮੀ' ਵੀ ਆਖਿਆ ਜਾਂਦਾ ਹੈ, 'ਚ ਕਦੇ ਫ਼ਿਰਕੂ ਤਣਾਅ ਘੱਟ ਹੀ ਦੇਖਣ ਨੂੰ ਮਿਲਿਆ ਹੈ। ਆਖ਼ਰ ਵੱਖ-ਵੱਖ ਧਰਮਾਂ ਦੇ ਸਾਰੇ ਦੇਵਤੇ ਤੇ ਮਨੁੱਖ ਇੱਥੇ ਜੇ ਸਦੀਆਂ ਤੋਂ ਨਹੀਂ ਤਾਂ ਘੱਟੋ-ਘੱਟ ਕਈ ਦਹਾਕਿਆਂ ਤੋਂ ਤਾਂ ਇਕੱਠੇ ਹੀ ਰਹੇ ਹਨ। ਇਸੇ ਲਈ ਸੰਜੌਲੀ (ਸ਼ਿਮਲਾ) ਤੇ ਮੰਡੀ ਵਿੱਚ ਮਸਜਿਦਾਂ ਦੇ ਕੁਝ ਹਿੱਸਿਆਂ ਦੀ ਨਾਜਾਇਜ਼ ਉਸਾਰੀ ਖ਼ਿਲਾਫ਼ ਹੋ ਰਹੇ ਰੋਸ ਪ੍ਰਦਰਸ਼ਨ ਪ੍ਰੇਸ਼ਾਨ ਕਰਦੇ ਹਨ। ਇਹ ਨਿੰਦਣਯੋਗ ਹੈ ਕਿ ਪ੍ਰਸ਼ਾਸਨ ਮੁਜ਼ਾਹਰਾਕਾਰੀਆਂ ਨੂੰ ਇਕੱਠੇ ਹੋਣ ਤੋਂ ਰੋਕਣ ਵਿੱਚ ਨਾਕਾਮ ਹੋ ਗਿਆ ਹੈ, ਮਾਮਲੇ ਨੂੰ ਭਾਂਪ ਕੇ ਅਗਾਊਂ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਵੀਐੱਚਪੀ ਦੇ ਆਗੂਆਂ ਸਣੇ ਸਾਬਕਾ ਕੌਂਸਲਰਾਂ ਤੇ ਪੰਚਾਇਤ ਮੁਖੀ ਸੰਜੌਲੀ ਮਸਜਿਦ ਕੋਲ ਇਕੱਠੇ ਹੋ ਗਏ। ਉਨ੍ਹਾਂ ਨਾਜਾਇਜ਼ ਹਿੱਸਿਆਂ ਨੂੰ ਢਾਹੁਣ ਦੀ ਮੰਗ ਰੱਖੀ ਤੇ 11 ਸਤੰਬਰ ਨੂੰ ਸੁਰੱਖਿਆ ਕਰਮੀਆਂ ਨਾਲ ਭਿੜ ਗਏ। ਮੁਜ਼ਾਹਰਾਕਾਰੀਆਂ ਨੇ ਬੈਰੀਕੇਡ ਤੋੜ ਦਿੱਤੇ ਤੇ ਪੱਥਰਬਾਜ਼ੀ ਕੀਤੀ; ਪੁਲੀਸ ਨੂੰ ਇਨ੍ਹਾਂ ਨੂੰ ਖਿੰਡਾਉਣ ਲਈ ਜਲ ਤੋਪਾਂ ਵਰਤ ਕੇ ਲਾਠੀਚਾਰਜ ਕਰਨਾ ਪਿਆ। ਇੱਕ ਦਿਨ ਬਾਅਦ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੇ ਮੰਡੀ ਵਿੱਚ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਕੇ ਬਣਾਈ ਮਸਜਿਦ ਦੀ ਕੰਧ ਢਾਹ ਦਿੱਤੀ ਪਰ ਅਜਿਹਾ ਕਰਨਾ ਵੀ ਹਿੰਦੂ ਜਥੇਬੰਦੀਆਂ ਨੂੰ ਰੋਸ ਮਾਰਚ ਕੱਢਣ ਤੋਂ ਰੋਕ ਨਹੀਂ ਸਕਿਆ। ਉਨ੍ਹਾਂ ਰੋਸ ਮਾਰਚ ਕੀਤਾ।


ਨਾਜਾਇਜ਼ ਢਾਂਚੇ ਰਾਤੋ-ਰਾਤ ਨਹੀਂ ਉਸਰਦੇ, ਖ਼ਾਸ ਤੌਰ 'ਤੇ ਧਾਰਮਿਕ ਸਥਾਨਾਂ ਉੱਤੇ। ਪ੍ਰਸ਼ਾਸਕੀ ਅਧਿਕਾਰੀ ਆਪਣੇ ਨੱਕ ਹੇਠੋਂ ਉਲੰਘਣਾ ਹੋਣ ਦਿੰਦੇ ਹਨ; ਧਾਰਮਿਕ ਭਾਵਨਾਵਾਂ ਦਾ ਹਵਾਲਾ ਦੇ ਕੇ ਇਸ ਤਰ੍ਹਾਂ ਦੀਆਂ ਉਸਾਰੀਆਂ ਹੋਣ ਦਿੱਤੀਆਂ ਜਾਂਦੀਆਂ ਹਨ। ਉਹ ਕਾਰਵਾਈ ਕਰਨ ਤੋਂ ਝਿਜਕਦੇ ਹਨ। ਇਸੇ ਢਿੱਲ ਕਾਰਨ ਕਬਜ਼ਾ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਹੁੰਦੇ ਹਨ। ਸੰਜੌਲੀ ਦੇ ਮਾਮਲੇ 'ਚ ਜ਼ਿੰਮੇਵਾਰੀ ਨਿਭਾਉਣ 'ਚ ਲਾਪਰਵਾਹੀ ਨੇ ਦੰਗਾਕਾਰੀਆਂ ਨੂੰ ਕਾਫ਼ੀ ਮੌਕਾ ਦਿੱਤਾ ਕਿ ਉਹ ਲੋਕਾਂ ਨੂੰ ਭੜਕਾਉਣ।

ਨਾਜਾਇਜ਼ ਕਬਜ਼ੇ ਹਿਮਾਚਲ ਲਈ ਸਰਾਪ ਹਨ, ਜੋ ਕਿ ਮਾਲੀਏ ਲਈ ਮੁੱਢਲੇ ਤੌਰ 'ਤੇ ਸੈਰ-ਸਪਾਟੇ ਉੱਤੇ ਨਿਰਭਰ ਹੈ। ਹਾਲਾਂਕਿ ਜਦੋਂ ਨਾਜਾਇਜ਼ ਉਸਾਰੀਆਂ ਦੀ ਗੱਲ ਆਉਂਦੀ ਹੈ ਤਾਂ ਦੋਗਲੇ ਮਿਆਰ ਬਿਲਕੁਲ ਨਹੀਂ ਰੱਖਣੇ ਚਾਹੀਦੇ। ਕਈ ਰਾਜਾਂ ਵਿੱਚ ਇੱਕੋ ਫ਼ਿਰਕੇ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਤੋਂ ਸਰਕਾਰ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਹੁੰਦੇ ਹਨ।

ਹਿਮਾਚਲ ਵਿੱਚ ਰਹਿ ਰਹੇ 'ਬਾਹਰਲਿਆਂ' ਦੀ ਸ਼ਨਾਖਤ ਦੀ ਮੰਗ ਦੇ ਵੀ ਗੰਭੀਰ ਸਿੱਟੇ ਨਿਕਲ ਸਕਦੇ ਹਨ ਤੇ ਇਹ ਫ਼ਿਰਕੂ ਅੱਗ ਨੂੰ ਹੋਰ ਭੜਕਾਉਣ ਦਾ ਕੰਮ ਹੀ ਕਰੇਗੀ। ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ ਦੇਵ ਭੂਮੀ ਧਾਰਮਿਕ ਤਣਾਅ ਨੂੰ ਇੱਥੇ ਦਾ ਸ਼ਾਂਤੀਪੂਰਨ ਵਾਤਾਵਰਨ ਵਿਗਾੜਨ ਦੀ ਇਜਾਜ਼ਤ ਨਹੀਂ ਦੇ ਸਕਦੀ। ਇੱਥੋਂ ਦੇ ਖ਼ੂਬਸੂਰਤ ਸ਼ਾਂਤੀਪੂਰਨ ਵਾਤਾਵਰਨ ਨੂੰ ਦੇਖ ਕੇ ਹੀ ਘਰੇਲੂ ਤੇ ਵਿਦੇਸ਼ੀ ਸੈਲਾਨੀ ਹਿਮਾਚਲ ਪ੍ਰਦੇਸ਼ ਵੱਲ ਖਿੱਚੇ ਆਉਂਦੇ ਹਨ।

# ਨਿਮਰਤਾ ਤੇ ਨਿਰਮਲਤਾ ਦੇ ਪੁੰਜ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ

**ਦਿਲਜੀਤ ਸਿੰਘ ਬੇਦੀ**





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀਆਂ ਧਾਰਮਿਕ ਸੰਸਥਾਵਾਂ, ਜਥੇਬੰਦੀਆਂ, ਸੰਤ ਮਹਾਪੁਰਸ਼ਾਂ ਅਤੇ ਸੰਗਤ ਦੇ ਸਹਿਯੋਗ ਨਾਲ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਅਤੇ ਗੁਰੂ ਰਾਮਦਾਸ ਜੀ ਦੇ 450ਵੇਂ ਗੁਰਿਆਈ ਦਿਵਸ ਨੂੰ ਸਮਰਪਿਤ ਸਮਾਗਮ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਅਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਖੇ 15 ਤੋਂ 19 ਸਤੰਬਰ ਤੱਕ ਪੰਥਕ ਰਵਾਇਤ ਅਤੇ ਪੂਰੇ ਜਾਹੋ ਜਲਾਲ ਨਾਲ ਕਰਵਾਏ ਜਾ ਰਹੇ ਹਨ। ਇਨ੍ਹਾਂ ਦਿਹਾੜਿਆਂ ਨੂੰ ਸਮਰਪਿਤ ਸਮਾਗਮ 30 ਅਗਸਤ ਤੋਂ ਸ਼ੁਰੂ ਹੋ ਚੁੱਕੇ ਹਨ। ਵੱਖ ਇਤਿਹਾਸਕ ਗੁਰੂ ਘਰਾਂ ਤੋਂ ਨਗਰ ਕੀਰਤਨ, ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਸੈਮੀਨਾਰ, ਕੀਰਤਨ ਦਰਬਾਰ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾ ਰਹੇ ਹਨ।

ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦਾ ਗੁਰਬਾਣੀ ਦੇ ਰੂਪ ਵਿੱਚ ਦਿੱਤਾ ਉਪਦੇਸ਼ ਮਨੁੱਖਤਾ ਲਈ ਕਲਿਆਣਕਾਰੀ ਅਤੇ ਅਮੋਲਕ ਹੈ। ਉਨ੍ਹਾਂ ਜੀਵਨ ਦੇ ਹਰ ਪਹਿਲੂ ਨੂੰ ਬਾਖੂਬੀ ਸਮਝਦਿਆਂ ਗੁਰਬਾਣੀ ਉਪਦੇਸ਼ ਦੇ ਨਾਲ-ਨਾਲ ਸਮਾਜਿਕ ਪੱਖ ਤੋਂ ਲੋਕ ਭਲਾਈ ਲਈ ਸਾਰਥਕ ਉਪਰਾਲੇ ਕੀਤੇ। ਉਹ ਮਨੁੱਖੀ ਜੀਵਨ ਨੂੰ ਬਿਹਤਰ ਅਤੇ ਗੁਣੀ ਬਣਾਉਣ ਲਈ ਕਾਰਜਸ਼ੀਲ ਰਹੇ।

ਗੁਰੂ ਅਮਰਦਾਸ ਜੀ ਦਾ ਜਨਮ 1479 ਈ. ਨੂੰ ਤੇਜ ਭਾਨ ਅਤੇ ਮਾਤਾ ਸੁਲੱਖਣੀ (ਲਖਮੀ) ਦੇ ਘਰ ਪਿੰਡ ਬਾਸਰਕੇ ਵਿੱਚ ਹੋਇਆ। ਬਾਸਰਕੇ ਅੰਮ੍ਰਿਤਸਰ ਦੇ ਕਸਬਾ ਛੇਹਰਟਾ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਸਥਿਤ ਹੈ। ਮਾਤਾ-ਪਿਤਾ ਦੀ ਧਾਰਮਿਕ ਬਿਰਤੀ ਦਾ ਪ੍ਰਭਾਵ ਉਨ੍ਹਾਂ ਦੇ ਮਨ 'ਤੇ ਵੀ ਬਚਪਨ ਵਿੱਚ ਹੀ ਪੈ ਗਿਆ। ਤੇਜ ਭਾਨ ਜੀ ਖੇਤੀਬਾੜੀ ਅਤੇ ਦੁਕਾਨਦਾਰੀ ਕਰਦੇ ਸਨ। ਜਵਾਨ ਹੋਣ 'ਤੇ (ਗੁਰੂ) ਅਮਰਦਾਸ ਜੀ ਨੇ ਆਪਣੇ ਪਿਤਾ ਜੀ ਦਾ ਕੰਮ-ਕਾਜ ਸੰਭਾਲ ਲਿਆ। ਸੰਨ 1502 ਈ: ਵਿੱਚ ਉਨ੍ਹਾਂ ਦਾ ਵਿਆਹ ਹੋਇਆ ਅਤੇ ਉਨ੍ਹਾਂ ਘਰ ਦੋ ਪੁੱਤਰ ਬਾਬਾ ਮੋਹਨ ਤੇ ਬਾਬਾ ਮੋਹਰੀ ਜੀ ਜਦਕਿ ਦੋ ਪੁੱਤਰੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਨੇ ਜਨਮ ਲਿਆ।

ਇੱਕ ਦਿਨ ਅੰਮ੍ਰਿਤ ਵੇਲੇ ਉਨ੍ਹਾਂ ਬੀਬੀ ਅਮਰੋ ਜੀ ਕੋਲੋਂ 'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥' ਸ਼ਬਦ ਸੁਣਿਆ। ਇਸ ਸ਼ਬਦ ਨੇ ਉਨ੍ਹਾਂ ਦਾ ਮਨ ਟੁੰਬ ਲਿਆ। ਬੀਬੀ ਅਮਰੋ ਜੀ ਉਨ੍ਹਾਂ ਨੂੰ ਨਾਲ ਲੈ ਕੇ ਖਡੂਰ ਸਾਹਿਬ ਪੁੱਜ ਗਏ। ਜਦੋਂ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ 'ਤੇ ਸੀਸ ਰੱਖਿਆ ਤਾਂ ਉਨ੍ਹਾਂ ਦਾ ਮਨ ਸ਼ਾਂਤੀ ਦੀ ਅਵਸਥਾ 'ਚ ਆ ਗਿਆ। ਭਟਕਣਾ ਖਤਮ ਹੋ ਗਈ। ਉਨ੍ਹਾਂ ਨੇ ਪੂਰਨ ਗੁਰੂ ਨੂੰ ਪਾ ਲਿਆ ਸੀ। ਬਾਣੀ ਵਿੱਚ ਗੁਰੂ ਜੀ ਇਹ ਅਵਸਥਾ ਇਸ ਤਰ੍ਹਾਂ ਬਿਆਨ ਕਰਦੇ ਹਨ: ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ॥

ਗੁਰੂ ਜੀ ਉਥੇ ਹੀ ਟਿਕ ਗਏ। ਗੁਰ-ਸੰਗਤ ਦੀ ਸੇਵਾ ਨੂੰ ਆਪਣਾ ਕਰਮ ਬਣਾ ਲਿਆ। ਉਹ ਅੰਮ੍ਰਿਤ ਵੇਲੇ ਉੱਠਦੇ, ਹਰ ਰੋਜ਼ ਬਿਆਸ ਦਰਿਆ ਤੋਂ ਪਾਣੀ ਭਰ ਕੇ ਲਿਆਉਂਦੇ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ। ਬਿਰਧ ਅਵਸਥਾ ਵਿੱਚ ਹੁੰਦਿਆਂ ਵੀ ਸਾਰੀ ਸੇਵਾ ਤਨੋਂ-ਮਨੋਂ ਕਰਦੇ। ਉਨ੍ਹਾਂ ਦੀ ਨਿਰਸਵਾਰਥ ਸੇਵਾ ਦੇਖ ਕੇ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਤੀਸਰੇ ਵਾਰਸ ਥਾਪ ਦਿੱਤਾ।

ਗੁਰੂ ਅਮਰਦਾਸ ਜੀ ਨੇ ਇਸਤਰੀ ਦੇ ਮਾਣ-ਵਡਿਆਈ ਲਈ ਆਵਾਜ਼ ਬੁਲੰਦ ਕੀਤੀ। ਸਤੀ ਪ੍ਰਥਾ ਦਾ ਉੱਚੀ ਸੁਰ ਵਿੱਚ ਵਿਰੋਧ ਕੀਤਾ। ਇਸਤਰੀ ਨੂੰ ਪਰਦੇ ਅੰਦਰ ਰਹਿਣ ਦੇ ਰਿਵਾਜ ਨੂੰ ਵੀ ਨਕਾਰਿਆ। ਇਸੇ ਤਰ੍ਹਾਂ ਉਨ੍ਹਾਂ ਵੱਡੇ ਜੋੜ-ਮੇਲੇ ਆਰੰਭ ਕੀਤੇ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ 22 ਪ੍ਰਚਾਰਕ ਥਾਪੇ, ਜਿਨ੍ਹਾਂ ਨੂੰ ਮੰਜੀਦਾਰ ਦਾ ਨਾਂ ਦਿੱਤਾ। ਪਾਣੀ ਦੀ ਕਿਲਤ ਨੂੰ ਮੁੱਖ ਰੱਖਦਿਆਂ ਉਨ੍ਹਾਂ ਗੋਇੰਦਵਾਲ ਸਾਹਿਬ ਵਿੱਚ ਬਾਉਲੀ ਬਣਵਾਈ। ਹੋਰ ਕਾਰਜ ਵੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਉਭਾਰਦੇ ਹਨ। ਸੰਨ 1574 ਈਸਵੀ ਵਿੱਚ ਉਹ ਗੁਰੂ ਰਾਮਦਾਸ ਜੀ ਨੂੰ ਗੁਰਤਾਗੱਦੀ ਦੇ ਕੇ ਜੋਤੀ ਜੋਤਿ ਸਮਾ ਗਏ।ਚੌਥੇ ਗੁਰੂ ਰਾਮਦਾਸ ਜੀ ਨੇ ਲੋਕਾਈ ਨੂੰ ਜੀਵਨ-ਜੁਗਤਿ ਸਮਝਾ ਕੇ ਮਾਰਗ ਦਰਸ਼ਨ ਕੀਤਾ। ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ 'ਰਾਮਕਲੀ ਕੀ ਵਾਰ' ਵਿੱਚ ਉਨ੍ਹਾਂ ਦੀ ਸ਼ਖ਼ਸੀਅਤ ਇਸ ਤਰ੍ਹਾਂ ਉਭਾਰੀ: ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥

ਅਸਲ ਵਿੱਚ ਗੁਰੂ ਰਾਮਦਾਸ ਜੀ ਦੀ ਵਡਿਆਈ ਵੱਡੀ ਹੈ। ਉਹ ਨਿਮਰਤਾ ਤੇ ਨਿਰਮਲਤਾ ਦੇ ਪੁੰਜ ਸਨ। ਉਨ੍ਹਾਂ ਦਾ ਜਨਮ 1534 ਈ. ਨੂੰ ਹਰਦਾਸ ਜੀ ਤੇ ਮਾਤਾ ਦਇਆ ਕੌਰ ਦੇ ਘਰ ਚੂਨਾ ਮੰਡੀ ਲਾਹੌਰ ਵਿੱਚ ਹੋਇਆ। ਉਨ੍ਹਾਂ ਜੀ ਦਾ ਨਾਂ ਜੇਠਾ ਰੱਖਿਆ ਗਿਆ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉੱਠ ਗਿਆ। ਬਚਪਨ ਦਾ ਬਹੁਤਾ ਸਮਾਂ ਨਾਨਕੇ ਘਰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬੀਤਿਆ, ਜਿਥੇ ਗਰੀਬੀ ਦੀ ਹਾਲਤ ਵਿੱਚ ਉਹ ਘੁੰਗਣੀਆਂ ਵੇਚਦੇ ਰਹੇ। ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਉਹ ਗੋਇੰਦਵਾਲ ਸਾਹਿਬ ਆ ਗਏ। ਇਥੇ ਉਹ ਗੁਰੂ-ਦਰਬਾਰ ਵਿੱਚ ਸਵੇਰੇ-ਸ਼ਾਮ ਕਥਾ-ਕੀਰਤਨ ਸਰਵਣ ਕਰਦੇ ਅਤੇ ਗੁਰੂ-ਘਰ ਦੀ ਨਿਸ਼ਕਾਮ ਸੇਵਾ ਵੀ ਡਟ ਕੇ ਕਰਦੇ। ਉਨ੍ਹਾਂ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਉਨ੍ਹਾਂ ਨਾਲ ਕਰ ਦਿੱਤਾ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਪਰਵਾਨ ਹੋਏ।

ਉਨ੍ਹਾਂ ਗੁਰਿਆਈ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਗੁਰੂ-ਘਰ ਦੀ ਹਰ ਪੱਖ ਤੋਂ ਮਜ਼ਬੂਤੀ ਲਈ ਮਸੰਦ ਪ੍ਰਥਾ ਦੀ ਨੀਂਹ ਰੱਖੀ। ਸਿੱਖੀ ਦੇ ਨਵੇਂ ਕੇਂਦਰ ਸਥਾਪਤ ਕੀਤੇ। ਉਨ੍ਹਾਂ ਚੱਕ ਰਾਮਦਾਸ ਦੀ ਨੀਂਹ ਰੱਖੀ ਜੋ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਅੱਜ ਦੁਨੀਆਂ ਦੇ ਗੌਰਵਮਈ ਇਤਿਹਾਸ ਦਾ ਅਧਿਆਤਮਕ ਕੇਂਦਰ ਹੈ। ਗੁਰੂ ਰਾਮਦਾਸ ਜੀ ਵੱਲੋਂ ਦਿੱਤੇ ਉਪਦੇਸ਼ ਨੂੰ ਮਨਾਂ ਵਿੱਚ ਵਸਾ ਕੇ ਅਕਾਲ ਪੁਰਖ ਦੀ ਸਿਫਤ ਸਲਾਹ ਕਰਦਿਆਂ ਸਰਬੱਤ ਦਾ ਭਲਾ ਲੋਚਣਾ ਚਾਹੀਦਾ ਹੈ। ਗੁਰੂ ਸਾਹਿਬਾਨਾਂ ਦੀ ਸ਼ਤਾਬਦੀ ਸਮੇਂ ਸਮੂਹ ਸੰਗਤ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਨਿਮਰਤਾ ਭਰਪੂਰ ਜੀਵਨ ਦੇ ਧਾਰਨੀ ਬਣਨਾ ਚਾਹੀਦਾ ਹੈ। ਚੌਥੇ ਪਾਤਸ਼ਾਹ ਸਾਡਾ ਮਾਰਗ ਰੌਸ਼ਨ ਕਰਦੇ ਹੋਏ ਫੁਰਮਾਉਂਦੇ ਹਨ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਸ਼ਤਾਬਦੀ ਸਮਾਗਮ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਤੇ ਹੋਰ ਸਬੰਧਤ ਅਸਥਾਨਾਂ 'ਤੇ ਵੀ ਹੋਣਗੇ। ਸ਼ਤਾਬਦੀ ਨੂੰ ਸਮਰਪਿਤ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਵਿਸ਼ੇਸ਼ ਸੈਮੀਨਾਰ ਹੋਣਗੇ ਜਿਸ ਵਿੱਚ ਸਿੱਖ ਪੰਥ ਦੇ ਮਹਾਨ ਵਿਦਵਾਨ, ਸਿੱਖ ਚਿੰਤਕ ਸ਼ਮੂਲੀਅਤ ਕਰਨਗੇ। 13 ਸਤੰਬਰ ਨੂੰ ਗੁਰਦੁਆਰਾ ਮੰਜੀ ਸਾਹਿਬ, ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਰਾਗ ਦਰਬਾਰ ਹੋਵੇਗਾ ਅਤੇ ਨਾਲ ਹੀ 14 ਸਤੰਬਰ ਨੂੰ ਦਿਨ ਵੇਲੇ ਮੁੱਖ ਸਮਾਗਮ ਹੋਵੇਗਾ। ਸ਼ਤਾਬਦੀ ਨੂੰ ਸਮਰਪਿਤ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਪਾਵਨ ਚਰਨ ਛੋਹ ਅਸਥਾਨਾਂ ਤੋਂ ਵਿਸ਼ੇਸ਼ ਨਗਰ ਕੀਰਤਨ ਸਜਾਏ ਜਾ ਰਹੇ ਹਨ। 13 ਸਤੰਬਰ ਨੂੰ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਤੋਂ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਤੱਕ ਵੱਡੇ ਪੱਧਰ 'ਤੇ ਨਗਰ ਕੀਰਤਨ ਸਜਾਇਆ ਜਾਵੇਗਾ। ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਵਿਖੇ ਮੁੱਖ ਸਮਾਗਮ ਵਿੱਚ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ। ਪੁਸਤਕ ਪ੍ਰਦਰਸ਼ਨੀ ਅਤੇ ਚਿੱਤਰ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗੀ। 16 ਸਤੰਬਰ ਨੂੰ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਦੇ ਧਾਰਮਿਕ ਮੁਕਾਬਲੇ ਹੋਣਗੇ। ਨੈਸ਼ਨਲ ਗੱਤਕਾ ਮੁਕਾਬਲੇ ਵੀ ਕਰਵਾਏ ਜਾਣਗੇ। 17 ਸਤੰਬਰ ਨੂੰ ਰਾਤ 8 ਵਜੇ ਤੋਂ ਅਗਲੇ ਦਿਨ 'ਆਸਾ ਦੀ ਵਾਰ' ਸ਼ੁਰੂ ਹੋਣ ਤੱਕ ਪੰਥ ਦੇ ਨਾਮਵਰ ਢਾਡੀ ਅਤੇ ਕਵੀਸ਼ਰੀ ਜਥੇ ਸੇਵਾ ਨਿਭਾਉਣਗੇ।

# ਹਰਿਆਣਾ ਚੋਣਾਂ 'ਚ ਪੰਜਾਬ ਦੇ ਵਜ਼ੀਰ ਤੇ ਵਿਧਾਇਕ ਲਾਉਣਗੇ ਗੁਆਂਢੀ ਸੂਬੇ 'ਚ ਡੇਰੇ

## ਸੰਦੀਪ ਪਾਠਕ ਨੇ ਜੀਂਦ ਵਿੱਚ ਬੈਠਕ ਕਰਕੇ ਲਾਈਆਂ ਡਿਊਟੀਆਂ





**ਚੰਡੀਗੜ੍ਹ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਂਦੇ ਦਿਨਾਂ 'ਚ ਹਰਿਆਣਾ ਚੋਣਾਂ ਕਰਕੇ ਪੰਜਾਬ ਸਿਆਸੀ ਤੌਰ 'ਤੇ 'ਖ਼ਾਲੀ' ਰਹੇਗਾ। ਸੂਬੇ ਵਿਚ ਇਨ੍ਹਾਂ ਦਿਨਾਂ ਵਿਚ ਨਾ ਕਿਧਰੇ ਹੂਟਰਾਂ ਦੀ ਗੂੰਜ ਪਏਗੀ ਅਤੇ ਨਾ ਹੀ ਪੁਲੀਸ ਦੇ ਰੂਟ ਲੱਗਣਗੇ। ਪੰਜਾਬ ਦੀ 'ਆਪ' ਸਰਕਾਰ ਦੇ ਵਜ਼ੀਰ ਤੇ ਵਿਧਾਇਕ ਕਰੀਬ ਦੋ ਹਫ਼ਤੇ ਹਰਿਆਣਾ ਚੋਣਾਂ 'ਚ ਰੁੱਝੇ ਰਹਿਣਗੇ, ਜਦੋਂ ਕਿ ਕਾਂਗਰਸ ਦੇ ਆਗੂ ਵੀ ਹਰਿਆਣਾ ਵੱਲ ਚਾਲੇ ਪਾ ਚੁੱਕੇ ਹਨ। ਹਰਿਆਣਾ ਵਿਚ ਚੋਣਾਂ 5 ਅਕਤੂਬਰ ਨੂੰ ਹੋਣਗੀਆਂ ਅਤੇ ਆਉਂਦੇ ਦੋ ਦਿਨਾਂ 'ਚ 'ਆਪ' ਸਰਕਾਰ ਦੇ ਕੈਬਨਿਟ ਮੰਤਰੀ ਤੇ ਵਿਧਾਇਕ ਹਰਿਆਣਾ 'ਚ ਡੇਰੇ ਲਾ ਲੈਣਗੇ।

ਉੱਧਰ ਕਾਂਗਰਸ ਨੇ ਪੰਜਾਬ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਹਰਿਆਣਾ ਵਿਚ ਸੀਨੀਅਰ ਨਿਗਰਾਨ ਵਜੋਂ ਤਾਇਨਾਤ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਹਰਿਆਣਾ ਚੋਣਾਂ ਦੇ ਪ੍ਰਚਾਰ ਵਿਚ ਜੁਟੇ ਹੋਏ ਹਨ। ਸਾਬਕਾ ਕਾਂਗਰਸੀ ਵਜ਼ੀਰਾਂ ਦੀ ਤਾਇਨਾਤੀ ਵੀ ਹਰਿਆਣਾ ਦੀ ਪੰਜਾਬੀ ਪੱਟੀ ਵਿਚ ਕੀਤੀ ਜਾ ਰਹੀ ਹੈ। ਪੰਜਾਬ ਭਾਜਪਾ ਦੇ ਆਗੂਆਂ ਦੀਆਂ ਡਿਊਟੀਆਂ ਵੀ ਹਰਿਆਣਾ ਵਿਚ ਲੱਗੀਆਂ ਹਨ। ਆਉਂਦੇ ਦਿਨਾਂ ਵਿਚ ਪੰਜਾਬ ਵਿਚ ਸਿਆਸੀ ਸਰਗਰਮੀ ਕਾਫ਼ੀ ਘੱਟ ਜਾਵੇਗੀ। ਆਮ ਆਦਮੀ ਪਾਰਟੀ ਦੇ ਸੰਗਠਨ ਸਕੱਤਰ ਸੰਦੀਪ ਪਾਠਕ ਨੇ ਅੱਜ ਜੀਂਦ 'ਚ ਪੰਜਾਬ ਸਰਕਾਰ ਦੇ 8 ਵਜ਼ੀਰਾਂ ਅਤੇ 35 ਦੇ ਕਰੀਬ ਵਿਧਾਇਕਾਂ ਨਾਲ ਮੀਟਿੰਗ ਕੀਤੀ। ਸੰਦੀਪ ਪਾਠਕ ਨੇ ਸੰਖੇਪ ਮੀਟਿੰਗ ਵਿਚ ਵਜ਼ੀਰਾਂ ਤੇ ਵਿਧਾਇਕਾਂ ਨੂੰ 15 ਦਿਨ ਹਰਿਆਣਾ ਚੋਣਾਂ ਵਿਚ ਲਾਉਣ ਲਈ ਕਿਹਾ ਹੈ। ਪਤਾ ਲੱਗਾ ਹੈ ਕਿ ਜਿਨ੍ਹਾਂ ਹਲਕਿਆਂ ਵਿਚ 'ਆਪ' ਮੁਕਾਬਲੇ ਦੀ ਸਥਿਤੀ ਵਿਚ ਹੈ, ਉੱਥੇ ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਤਾਇਨਾਤ ਕੀਤਾ ਗਿਆ ਹੈ। ਅੱਜ ਦੀ ਮੀਟਿੰਗ ਵਿਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਰਭਜਨ ਸਿੰਘ ਈਟੀਓ ਡਾ. ਬਲਜੀਤ ਕੌਰ, ਕੁਲਦੀਪ ਸਿੰਘ ਧਾਲੀਵਾਲ, ਹਰਜੋਤ ਸਿੰਘ ਬੈਂਸ, ਡਾ. ਬਲਬੀਰ ਸਿੰਘ, ਲਾਲਜੀਤ ਸਿੰਘ ਭੁੱਲਰ ਅਤੇ ਬ੍ਰਹਮ ਸ਼ੰਕਰ ਜਿੰਪਾ ਮੌਜੂਦ ਸਨ। ਆਮ ਆਦਮੀ ਪਾਰਟੀ ਨੇ ਚੋਣਾਂ ਨੂੰ ਲੈ ਕੇ ਹਰਿਆਣਾ ਨੂੰ ਤਿੰਨ ਜ਼ੋਨਾਂ ਵਿਚ ਵੰਡਿਆ ਹੈ। ਆਖ਼ਰੀ ਸੀ-ਜ਼ੋਨ ਦੇ ਹਲਕਿਆਂ ਵਿਚ ਪਾਰਟੀ ਦੇ ਅਹੁਦੇਦਾਰਾਂ ਦੀ ਤਾਇਨਾਤੀ ਕੀਤੀ ਗਈ ਹੈ। ਪੰਜਾਬ ਸਰਕਾਰ ਦੇ ਬੋਰਡਾਂ ਵਿਚ ਨਵੇਂ ਬਣੇ ਚੇਅਰਮੈਨ ਵੀ ਹਰਿਆਣਾ ਵਿਚ ਡਟੇ ਹੋਏ ਹਨ। ਜਾਣਕਾਰੀ ਅਨੁਸਾਰ ਪੰਜਾਬ ਦੇ ਵਜ਼ੀਰ ਤੇ ਵਿਧਾਇਕ ਦਿਨ ਰਾਤ ਹਰਿਆਣਾ ਵਿਚ ਠਹਿਰਨਗੇ। ਉਧਰ ਅੱਜ ਪੰਜਾਬ ਸਕੱਤਰੇਤ ਵਿਚ ਕੋਈ ਵਜ਼ੀਰ ਅਤੇ ਵਿਧਾਇਕ ਨਜ਼ਰ ਨਹੀਂ ਆਇਆ। ਹਾਲਾਂਕਿ ਆਉਂਦੇ ਹਫ਼ਤਿਆਂ ਵਿਚ ਪੰਜਾਬ ਵਿਚ ਪੰਚਾਇਤ ਚੋਣਾਂ ਵੀ ਹਨ ਅਤੇ ਸੂਬੇ ਦੇ ਚਾਰ ਹਲਕਿਆਂ ਵਿਚ ਜ਼ਿਮਨੀ ਚੋਣਾਂ ਵੀ ਕਿਸੇ ਵੇਲੇ ਵੀ ਸੰਭਵ ਹਨ। ਸੂਬੇ ਦੇ ਵਜ਼ੀਰਾਂ ਦੀ ਤਾਇਨਾਤੀ ਹਰਿਆਣਾ ਵਿਚ ਹੋਣ ਕਰਕੇ ਪੰਜਾਬ ਵਿਚ ਕੰਮ ਕਾਰ ਵੀ ਪ੍ਰਭਾਵਿਤ ਹੋਣਗੇ। ਪੰਜਾਬ ਸਰਕਾਰ ਦੇ ਵੱਡੇ ਹਿੱਸੇ ਦੀ ਗ਼ੈਰਮੌਜੂਦਗੀ ਕਰਕੇ ਅਫ਼ਸਰਸ਼ਾਹੀ ਵੀ ਦੋ ਹਫ਼ਤਿਆਂ ਲਈ ਵਿਹਲੀ ਹੋ ਜਾਵੇਗੀ। ਹਰਿਆਣਾ ਚੋਣਾਂ ਲਈ ਪ੍ਰਚਾਰ 3 ਅਕਤੂਬਰ ਨੂੰ ਖ਼ਤਮ ਹੋਣਾ ਹੈ, ਜਿਸ ਕਰਕੇ ਉਦੋਂ ਤੱਕ ਵਜ਼ੀਰ ਤੇ ਵਿਧਾਇਕ ਹਰਿਆਣਾ ਵਿਚ ਹੀ ਡੇਰਾ ਲਾਉਣਗੇ। ਪਤਾ ਲੱਗਾ ਹੈ ਕਿ ਵਜ਼ੀਰਾਂ ਨੇ ਆਉਂਦੇ ਦਿਨਾਂ ਦੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਹਨ। ਕਾਂਗਰਸ ਪਾਰਟੀ ਨੇ ਵਜ਼ੀਰਾਂ ਤੇ ਵਿਧਾਇਕਾਂ ਦੀ ਡਿਊਟੀ ਹਰਿਆਣਾ ਵਿਚ ਲਾਏ ਜਾਣ 'ਤੇ 'ਆਪ' ਦੀ ਨੁਕਤਾਚੀਨੀ ਕੀਤੀ ਹੈ।

**ਪੰਜਾਬ ਭਾਜਪਾ ਦੇ ਆਗੂਆਂ ਦੀ ਵੀ ਲੱਗੀਆਂ ਡਿਊਟੀਆਂ**

ਪੰਜਾਬ ਭਾਜਪਾ ਦੇ ਸੀਨੀਅਰ ਆਗੂਆਂ ਦੀ ਵੀ ਹਰਿਆਣਾ 'ਚ ਡਿਊਟੀ ਲਗਾਈ ਗਈ ਹੈ, ਜਿਨ੍ਹਾਂ ਵਿਚ ਸਾਬਕਾ ਮੰਤਰੀ ਸੁਰਜੀਤ ਜਿਆਣੀ, ਸੁਭਾਸ਼ ਸ਼ਰਮਾ, ਜੀਵਨ ਗੁਪਤਾ ਅਤੇ ਜੈ ਇੰਦਰ ਕੌਰ ਆਦਿ ਸ਼ਾਮਲ ਹਨ। ਪਤਾ ਲੱਗਾ ਹੈ ਕਿ ਭਾਜਪਾ ਦੇ ਬਹੁਤੇ ਪੰਜਾਬ ਆਗੂਆਂ ਦੀ ਜੰਮੂ ਵਿਚ ਚੋਣ ਡਿਊਟੀ ਲਗਾਈ ਗਈ ਹੈ। ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਹਰਿਆਣਾ ਚੋਣਾਂ ਤੋਂ ਦੂਰ ਰਹਿ ਸਕਦਾ ਹੈ। ਅਕਾਲੀ ਦਲ ਇਸ ਵੇਲੇ ਆਪਣੇ ਅੰਦਰੂਨੀ ਕਲੇਸ਼ ਵਿਚ ਉਲਝਿਆ ਹੋਇਆ ਹੈ।

# ਖੇਡਾਂ ਵਤਨ ਪੰਜਾਬ ਦੀਆਂ ਸੀਜਨ-3 ਤਹਿਤ ਜ਼ਿਲ੍ਹਾ ਪੱਧਰੀ ਮੁਕਾਬਲੇ 22 ਸਤੰਬਰ ਤੋਂ 30 ਸਤੰਬਰ ਤੱਕ : ਡਿਪਟੀ ਕਮਿਸ਼ਨਰ




**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਭਰ ਵਿਚ ਨੌਜਨਾਵਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਰੂਪਨਗਰ ਜ਼ਿਲ੍ਹੇ ਵਿੱਚ 22 ਸਤੰਬਰ ਤੋਂ 30 ਸਤੰਬਰ 2024 ਤੱਕ ਜ਼ਿਲ੍ਹਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਸ਼ੀਜਨ 3 ਕਰਵਾਈਆਂ ਜਾਣਗੀਆਂ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕਰਵਾਈਆਂ ਜਾਣ ਵਾਲੀਆਂ ਖੇਡਾਂ ਦੀਆਂ ਅਗਾਊਂ ਤਿਆਰੀਆਂ ਨੂੰ ਲੈ ਕੇ ਵਿਸ਼ੇਸ਼ ਮੀਟਿੰਗ ਦੌਰਾਨ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਕਾਬਲਿਆਂ ਤੋਂ ਪਹਿਲਾਂ ਉਹ ਖੁਦ ਖੇਡ ਮੈਦਾਨਾਂ ਦਾ ਨਿਰੀਖਣ ਕਰਨਗੇ ਅਤੇ ਪ੍ਰਬੰਧਾਂ ਦੀ ਸਮੀਖਿਆ ਵੀ ਕਰਨਗੇ ਤਾਂ ਜੋ ਖਿਡਾਰੀਆਂ ਨੂੰ ਹਰ ਪੱਧਰ ਉੱਤੇ ਮਿਆਰੀ ਸਹੂਲਤਾਂ ਮਿਲ ਸਕਣ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਉੱਤੇ ਹੋਣ ਵਾਲੀਆਂ ਖੇਡਾਂ ਦੇ ਮੱਦੇਨਜ਼ਰ ਸਾਫ਼-ਸਫ਼ਾਈ ਕਰਵਾਉਣੀ ਲਾਜ਼ਮੀ ਬਣਾਈ ਜਾਵੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਖੇਡਾਂ ਵਾਲੇ ਸਥਾਨਾਂ ਉੱਤੇ ਐਂਬੂਲੈਂਸਾਂ ਤੇ ਮੈਡੀਕਲ ਟੀਮਾਂ ਦਾ ਪੁਖਤਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਉਨ੍ਹਾਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਖੇਡਾਂ ਵਾਲੇ ਸਥਾਨਾਂ ਉੱਤੇ ਖ਼ਿਡਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੇ ਕਿਸੇ ਵੀ ਤਰ੍ਹਾਂ ਦੇ ਲੜਾਈ ਝਗੜੇ ਤੋਂ ਬਚਾਓ ਲਈ 2-2 ਪੁਲਿਸ ਮੁਲਾਜ਼ਮ (ਮੈਨ ਅਤੇ ਵੂਮੈਨ) ਦੀਆਂ ਡਿਊਟੀਆਂ ਲਗਾਈਆਂ ਜਾਣ ਤੇ ਨਾਲ ਹੀ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਯਕੀਨੀ ਬਣਾਉਣ ਤਾਂ ਜੋ ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ।

ਇਸ ਤੋਂ ਇਲਾਵਾ ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਸਕੂਲਾਂ ਵਿਚ ਕਰਵਾਈਆਂ ਜਾਣ ਵਾਲੀਆਂ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਨ। ਜ਼ਿਲ੍ਹਾ ਖੇਡ ਅਫ਼ਸਰ ਨੂੰ ਹਦਾਇਤ ਕਰਦਿਆਂ ਉਨ੍ਹਾਂ ਖ਼ਿਡਾਰੀਆਂ ਦੀ ਚੰਗੀ ਰਿਫਰੈਸ਼ਮੈਂਟ ਤੇ ਪੀਣ ਵਾਲਾ ਸਾਫ ਪਾਣੀ ਸੈਂਪਲਿੰਗ ਕਰਵਾ ਕੇ ਮੁਹੱਈਆਂ ਕਰਵਾਉਣ ਦੀ ਹਦਾਇਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਹਰੇਕ ਖੇਡ ਮੈਦਾਨ ਵਿੱਚ ਚੇਜਿੰਗ ਰੂਮ ਜਰੂਰੀ ਤੌਰ ਉੱਤੇ ਹੋਣ ਦੀ ਹਦਾਇਤ ਵੀ ਕੀਤੀ ਤਾਂ ਜੋ ਖ਼ਿਡਾਰੀਆਂ ਨੂੰ ਕੱਪੜੇ ਬਦਲਣ ਸਮੇਂ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੀਟਿੰਗ ਵਿੱਚ ਸਹਾਇਕ ਕਮਿਸ਼ਨਰ ਅਰਵਿੰਦਰਪਾਲ ਸਿੰਘ ਸੋਮਲ, ਜ਼ਿਲ੍ਹਾ ਖੇਡ ਅਫ਼ਸਰ ਜਗਜੀਵਨ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫਸਰ ਕਰਨ ਮਹਿਤਾ, ਸਹਾਇਕ ਸਿਵਲ ਸਰਜਨ ਡਾ. ਅੰਜੂ ਭਾਟੀਆ, ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਕੁਮਾਰ, ਕਾਰਜ ਸਾਧਕ ਅਫਸਰ ਅਸ਼ੋਕ ਕੁਮਾਰ ਅਤੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਮੈਗੀ ਨੇ ਪਿਆਰ ਨਾਲ ਨਵਾਂ 'ਹੈਪੀ ਬਾਊਲ' ਬਣਾਇਆ: ਨੌਜਵਾਨਾਂ ਲਈ ਮਨਮੋਹਕ ਨੂਡਲਜ਼

**ਚੰਡੀਗੜ੍ਹ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਸੋਈ ਨਵੀਨਤਾ ਦੀ ਆਪਣੀ ਭਾਵਨਾ ਨੂੰ ਜਾਰੀ ਰੱਖਦੇ ਹੋਏ, ਮੈਗੀ ਨੇ ਹੈਪੀ ਬਾਊਲ ਦਾ ਉਦਘਾਟਨ ਕੀਤਾ ਹੈ। ਇਹ ਨਵਾਂ ਉਤਪਾਦ ਆਟੇ ਦੇ ਸ਼ਾਨਦਾਰ ਸੁਆਦ ਅਤੇ ਚੰਗਿਆਈ ਦਾ ਮਿਸ਼ਰਣ ਹੈ, ਅਤੇ ਪ੍ਰੋਟੀਨ, ਕੈਲਸ਼ੀਅਮ, ਵਿਟਾਮਿਨ ਏ ਅਤੇ ਫਾਈਬਰ ਦਾ ਸਰੋਤ ਹੈ। ਦੋ ਸ਼ਾਨਦਾਰ ਸੁਆਦਾਂ 'ਯੰਮੀ ਮਸਾਲਾ' ਅਤੇ 'ਟਵਿਸਟੀ ਟਮਾਟਰ' ਵਿੱਚ ਉਪਲਬਧ, ਇਹ ਨਵੀਂ ਪੇਸ਼ਕਸ਼ ਨੌਜਵਾਨਾਂ ਦੇ ਤਾਲੂਆਂ ਨੂੰ ਖੁਸ਼ ਕਰਨ ਲਈ ਤਿਆਰ ਕੀਤੀ ਗਈ ਹੈ, ਜਦੋਂ ਕਿ ਨਵੀਨਤਾ ਰਾਹੀਂ ਸ਼ਾਨਦਾਰ ਸਵਾਦ ਪ੍ਰਦਾਨ ਕਰਨ ਲਈ ਮੈਗੀ ਦੀ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ। ਨਵੇਂ ਉਤਪਾਦ ਬਾਰੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ, ਸ਼੍ਰੀ ਰਜਤ ਜੈਨ, ਡਾਇਰੈਕਟਰ, ਫੂਡਜ਼ ਬਿਜ਼ਨਸ, ਨੇਸਲੇ ਇੰਡੀਆ, ਨੇ ਕਿਹਾ, ਮੈਗੀ ਵਿੱਚ, ਅਸੀਂ ਜੋ ਭੋਜਨ ਬਣਾਉਂਦੇ ਹਾਂ ਉਸ ਬਾਰੇ ਅਸੀਂ ਬਹੁਤ ਭਾਵੁਕ ਹਾਂ ਅਤੇ ਮੈਗੀ ਹੈਪੀ ਬਾਊਲ ਅਸਲ ਵਿੱਚ ਸਾਡੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹ ਪਰਿਵਾਰ ਵਿੱਚ ਹਰ ਕਿਸੇ ਲਈ ਇੱਕ ਪਸੰਦੀਦਾ ਉਤਪਾਦ ਬਣਾਉਣ ਅਤੇ ਉਹਨਾਂ ਨੂੰ ਹੋਰ ਵਿਕਲਪ ਪ੍ਰਦਾਨ ਕਰਨ ਦੀ ਮੈਗੀ ਦੀ ਵਿਰਾਸਤ ਨੂੰ ਜਾਰੀ ਰੱਖਣ ਦਾ ਵਾਅਦਾ ਕਰਦਾ ਹੈ ਅਤੇ ਮਾਵਾਂ ਲਈ ਇੱਕ ਤੋਹਫ਼ਾ ਹੈ, ਜੋ ਹਰ ਇੱਕ ਬੁਰਕੀ ਵਿੱਚ ਸਾਦਗੀ ਪ੍ਰਦਾਨ ਕਰਦਾ ਹੈ।÷ ਲਾਂਚ ਦਾ ਸਮਰਥਨ ਕਰਦੇ ਹੋਏ, $1779 ਨੇ ਇੱਕ ਵਿਆਪਕ ਮਾਰਕੀਟਿੰਗ ਮੁਹਿੰਮ ਸ਼ੁਰੂ ਕੀਤੀ ਹੈ ਜੋ ਵੱਡੇ ਸ਼ਹਿਰਾਂ ਵਿੱਚ ਟੀਵੀ, ਡਿਜੀਟਲ ਮੀਡੀਆ, ਪ੍ਰਿੰਟ ਅਤੇ ਬਾਹਰੀ ਇਸ਼ਤਿਹਾਰਾਂ ਨੂੰ ਫੈਲਾਉਂਦੀ ਹੈ। ਇਹ ਮੁਹਿੰਮ ਸ਼ਾਨਦਾਰ ਸੁਆਦ ਅਤੇ ਚੰਗਿਆਈ ਦੀ ਦੋਹਰੀ ਅਪੀਲ ਨੂੰ ਉਜਾਗਰ ਕਰਦੀ ਹੈ, ਜਿਸ ਦਾ ਉਦੇਸ਼ ਹੈਪੀ ਬਾਊਲ ਨੂੰ ਪਰਿਵਾਰਕ ਮੇਜ਼ਾਂ 'ਤੇ ਇੱਕ ਨਵਾਂ ਪਸੰਦੀਦਾ ਬਣਾਉਣਾ ਹੈ।

# 'ਖੇਡਾਂ ਵਤਨ ਪੰਜਾਬ ਦੀਆਂ' ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਦਿਖਾਈ ਤਾਕਤ



**ਹੁਸ਼ਿਆਰਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' 2024 ਦੇ ਤਹਿਤ ਜ਼ਿਲ੍ਹਾ ਪੱਧਰੀ ਖੇਡਾਂ ਦਾ ਪਹਿਲਾ ਦਿਨ ਹੁਸ਼ਿਆਰਪੁਰ ਦੇ ਆਊਟਡੋਰ ਸਟੇਡੀਅਮ ਵਿੱਚ ਸ਼ੁਰੂ ਕੀਤਾ ਗਿਆ। ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਹਨਾਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੱਖ-ਵੱਖ ਉਮਰ ਵਰਗ ਦੇ ਖਿਡਾਰੀਆਂ ਨੇ ਭਾਗ ਲਿਆ। ਇਹ ਮੁਕਾਬਲੇ 16 ਸਤੰਬਰ 2024 ਤੋਂ 22 ਸਤੰਬਰ 2024 ਤੱਕ ਵੱਖ-ਵੱਖ ਖੇਡ ਸਥਾਨਾਂ 'ਤੇ ਹੋਣਗੇ।

ਇਹਨਾਂ ਖੇਡਾਂ ਵਿੱਚ ਵੱਖ-ਵੱਖ ਉਮਰ ਵਰਗ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਐਥਲੈਟਿਕਸ ਅੰਡਰ-17 ਸ਼ਾਟਪੁੱਟ ਮੁਕਾਬਲੇ ਵਿੱਚ ਜਸਜੀਵ ਸਿੰਘ ਸਹੋਤਾ ਨੇ ਪਹਿਲਾ ਸਥਾਨ, ਯੁਵਰਾਜ ਸਿੰਘ ਨੇ ਦੂਜਾ ਅਤੇ ਸੋਮਪ੍ਰਕਾਸ਼ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਅੰਡਰ-17 ਲੜਕੀਆਂ ਦੇ ਸ਼ਾਟਪੁੱਟ ਮੁਕਾਬਲੇ ਵਿੱਚ ਦੀਕਸ਼ਿਤਾ ਨੇ ਪਹਿਲਾ ਸਥਾਨ, ਪਲਕ ਚੌਹਾਨ ਨੇ ਦੂਜਾ ਅਤੇ ਤਨਿਸ਼ਕਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।


ਅੰਡਰ-17 ਲੜਕਿਆਂ ਦੀ 100 ਮੀਟਰ ਦੌੜ ਵਿੱਚ ਸੁਧਾਂਸ਼ੁ ਯਾਦਵ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਰਿਕਾਰਡ ਬਣਾ ਦਿੱਤਾ। ਗਗਨਦੀਪ ਸਿੰਘ ਨੇ ਦੂਜਾ ਅਤੇ ਸੁਸ਼ਾਂਤ ਸਰੰਗਲ ਨੇ ਤੀਜਾ ਸਥਾਨ ਹਾਸਿਲ ਕੀਤਾ। ਅੰਡਰ-14 ਵਿੱਚ ਉੱਚੀ ਛਾਲ ਮੁਕਾਬਲੇ ਵਿੱਚ ਸੰਨਤ ਗਜਲਾ ਪਹਿਲੇ, ਪੂਰਨੀਆ ਦੂਜੇ ਅਤੇ ਕ੍ਰਾਂਤੀ ਕੁਮਾਰੀ ਤੀਜੇ ਸਥਾਨ 'ਤੇ ਰਹੀ।

ਅੰਡਰ-14 ਖੇਡ ਬਾਕਸਿੰਗ ਵਿੱਚ, 30-32 ਕਿਲੋਗ੍ਰਾਮ ਭਾਰ ਵਰਗ ਦੀ ਕ੍ਰਿਤਿਕਾ ਨੇ ਜਸ਼ਨਦੀਪ ਕੌਰ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਅੰਡਰ-17 ਬਾਕਸਿੰਗ ਵਿੱਚ ਪਲਕ ਚੌਧਰੀ ਨੇ ਰੌਸ਼ਨੀ ਚੌਧਰੀ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ। ਅੰਡਰ-14 ਲੜਕੀਆਂ ਦੀ ਹੈਂਡਬਾਲ ਵਿੱਚ ਮੇਘੋਵਾਲ ਗੰਜਿਆਂ ਦੀ ਟੀਮ ਨੇ ਸੋਨੇ ਦਾ ਤਗਮਾ ਜਿੱਤਿਆ, ਰੇਲਵੇ ਮੰਡੀ ਦੀ ਸਰਕਾਰੀ ਕਨਿਆ ਸੀਨੀਅਰ ਸਕੂਲ ਨੇ ਚਾਂਦੀ ਅਤੇ ਮਾਹਿਲਪੁਰ ਦੀ ਟੀਮ ਨੇ ਤਾਂਬੇ ਦਾ ਤਗਮਾ ਹਾਸਿਲ ਕੀਤਾ। ਅੰਡਰ-17 ਵਿੱਚ, ਰੇਲਵੇ ਮੰਡੀ ਦੀ ਸਰਕਾਰੀ ਕਨਿਆ ਸੀਨੀਅਰ ਸਕੂਲ ਦੀ ਟੀਮ ਨੇ ਸੋਨਾ, ਮੇਘੋਵਾਲ ਗੰਜਿਆਂ ਨੇ ਚਾਂਦੀ ਅਤੇ ਮਾਹਿਲਪੁਰ ਦੀ ਟੀਮ ਨੇ ਤਾਂਬੇ ਦਾ ਤਗਮਾ ਜਿੱਤਿਆ।

ਅੰਡਰ-21 ਲੜਕੀਆਂ ਦੀ ਖੇਡ ਵਿੱਚ, ਰੇਲਵੇ ਮੰਡੀ ਦੀ ਟੀਮ ਨੇ ਮਾਹਿਲਪੁਰ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਿਲ ਕੀਤਾ। ਮਾਹਿਲਪੁਰ ਦੀ ਟੀਮ ਨੇ ਸੀਕਰੀ ਦੇ ਸਰਕਾਰੀ ਸੀਨੀਅਰ ਸਕੂਲ ਨੂੰ ਹਰਾ ਕੇ ਚਾਂਦੀ ਦਾ ਤਗਮਾ ਜਿੱਤਿਆ।

ਬਾਸਕਟਬਾਲ ਅੰਡਰ-21 ਦੀਆਂ ਲੜਕੀਆਂ ਦੀ ਖੇਡ ਵਿੱਚ, ਗੜ੍ਹਦੀਵਾਲਾ ਗਰੀਫਨ ਟੀਮ ਨੇ ਗੜ੍ਹਦੀਵਾਲਾ ਗਰੇਟਰ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਿਲ ਕੀਤਾ।

# ਵਿਧਾਇਕ ਬੱਗਾ ਵਲੋਂ ਵਾਰਡ ਨੰਬਰ 1 'ਚ ਸੀਵਰੇਜ਼ ਤੇ ਵਾਟਰ ਸਪਲਾਈ ਪ੍ਰੋਜੈਕਟ ਦੀ ਸ਼ੁਰੂਆਤ




**ਲੁਧਿਆਣਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ ਇੱਕ ਵਿੱਚ ਸੀਵਰੇਜ਼ ਅਤੇ ਪਾਣੀ ਦੀ ਸਪਲਾਈ ਕਾਰਜ਼ਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਪ੍ਰੋਜੈਕਟ ਤਹਿਤ ਕਰੀਬ 64 ਲੱਖ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਬੱਗਾ ਨੇ ਕਿਹਾ ਕਿ ਧਰਮ ਹੌਜਰੀ ਕੰਪਲੈਕਸ, ਪਿੱਛੇ ਨਗੇਸ਼ ਹੌਜਰੀ ਵਿਖੇ ਕਰੀਬ 100 ਤੋਂ ਵੱਧ ਹੋਜਰੀ ਦੇ ਕਾਰਖਾਨੇ ਹਨ ਅਤੇ ਹਰੇਕ ਕਾਰਖਾਨੇ ਵਿੱਚ 200 ਤੋਂ ਵੱਧ ਕਾਰੀਗਰ ਕੰਮ ਕਰਦੇ ਹਨ। ਉਨ੍ਹਾਂ ਦੱਸਿਆ ਕਿ ਹੋਜ਼ਰੀ ਉਦਯੋਗ ਦੇ ਨੁਮਾਇੰਦਿਆਂ ਵੱਲੋਂ ਆਪਣੀਆਂ ਸੀਵਰੇਜ਼ ਤੇ ਪਾਣੀ ਨਾਲ ਸਬੰਧੀ ਮੁਸ਼ਕਿਲਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਂਦੀਆਂ ਸਨ।

ਵਿਧਾਇਕ ਬੱਗਾ ਨੇ ਸਪੱਸ਼ਟ ਕੀਤਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਉਦਯੋਗ ਨੂੰ ਹੁਲਾਰਾ ਦੇਣ ਲਈ ਪਹਿਲਾਂ ਹੀ ਵੱਡੇ ਪੱਤਰ 'ਤੇ ਕਾਰਜ਼ ਆਰੰਭ ਕੀਤੇ ਗਏ ਹਨ ਜਿਸਦੇ ਤਹਿਤ ਵਾਰਡ ਨੰਬਰ 1 ਦੇ ਹੋਜ਼ਰੀ ਨਿਰਮਾਤਾਵਾਂ ਦੀ ਚਿਰੌਕਣੀ ਮੰਗ ਨੂੰ ਬੂਰ ਪਿਆ ਹੈ। ਉਨ੍ਹਾਂ ਦੱਸਿਆ ਕਿ ਸੀਵਰੇਂ ਅਤੇ ਵਾਟਰ ਸਪਲਾਈ ਵਾਲੇ ਇਸ ਪ੍ਰੋਜੈਕਟ 'ਤੇ ਕਰੀਬ 64 ਲੱਖ ਰੁਪਏ ਦੀ ਲਾਗਤ ਆਵੇਗੀ।

# ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫੂਡ ਸੇਫ਼ਟੀ ਟੀਮ ਵੱਲੋਂ ਖਾਣ ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਕੀਤੇ ਗਏ ਸੀਲ-ਜ਼ਿਲ੍ਹਾ ਸਿਹਤ ਅਫ਼ਸਰ

**ਤਰਨ ਤਾਰਨ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਦੀ ਸਿਹਤ ਨਾਲ ਹੋਣ ਵਾਲੇ ਖਿਲਵਾੜ ਨੂੰ ਰੋਕਣ ਦੇ ਮਕਸਦ ਨਾਲ ਸਿਹਤ ਵਿਭਾਗ ਦੀਆਂ ਟੀਮ ਵੱਲੋਂ ਅੱਜ ਵੱਖ-ਵੱਖ ਫੂਡ ਬਿਜ਼ਨਸ ਉਪਰੇਟਰਾਂ ਪਾਸੋਂ ਖਾਣ ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਕਰਦੇ ਹੋਏ ਲੈਬੋਰਟਰੀ ਜਾਂਚ ਲਈ ਭੇਜ ਦਿੱਤੇ ਗਏ ਹਨ।



ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਔਲਖ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫੂਡ ਸੇਫ਼ਟੀ ਟੀਮ ਵੱਲੋਂ ਲੋਕਾਂ ਦੀ ਸਿਹਤ ਨਾਲ ਹੋਣ ਵਾਲੇ ਖਿਲਵਾੜ ਨੂੰ ਰੋਕਣ ਦੇ ਮਕਸਦ ਨਾਲ ਰੁਟੀਨ ਚੈਕਿੰਗ ਕਰਦੇ ਹੋਏ ਬਾਜ਼ਾਰ ਅਤੇ ਗੱਗੂਬੋਆ ਵਿਖੇ ਫੂਡ ਬਿਜ਼ਨੈਸ ਉਪਰੇਟਰਾਂ ਤੋਂ 11 ਖਾਣ ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਸੀਲ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਵੱਖ-ਵੱਖ ਡੇਅਰੀਆ ਅਤੇ ਦੁਕਾਨਾਂ ਚੈੱਕ ਕੀਤੀਆ ਗਈਆਂ ਅਤੇ ਦੁਕਾਨਦਾਰਾਂ ਨੂੰ ਸਾਫ-ਸੁਥਰੀਆਂ ਅਤੇ ਚੰਗੇ ਮਟੀਰੀਅਲ ਨਾਲ ਤਿਆਰ ਕੀਤੀਆਂ ਗਈਆਂ ਵਸਤੂਆਂ ਵੇਚਣ ਸੰਬੰਧੀ ਅਪੀਲ ਕੀਤੀ ਗਈ ਹੈ ਅਤੇ ਸਾਰੇ ਫੂਡ ਬਿਜ਼ਨਸ ਉਪਰੇਟਰਾਂ ਨੂੰ ਲਾਈਸੰਸ/ ਰਜਿਸਟ੍ਰੇਸ਼ਨ ਲੈਣ ਸੰਬੰਧੀ ਕਿਹਾ ਗਿਆ।

ਇਸ ਦੇ ਨਾਲ ਹੀ ਉਨ੍ਹਾਂ ਨੇ ਸਭ ਨੂੰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਗਰਭਵਤੀ ਮਾਤਾਵਾਂ ਨੂੰ ਐਨਰਜੀ ਡ੍ਰਿੰਕ ਨਾ ਵੇਚਣ ਦੀ ਸਖ਼ਤ ਹਦਾਇਤ ਕੀਤੀ ਨਾਲ ਹੀ ਸਥਾਨਕ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਅਪੀਲ ਕੀਤੀ ਕਿ ਕੋਈ ਵੀ ਸਾਮਾਨ ਖ਼ਰੀਦਣ ਤੋਂ ਪਹਿਲਾਂ ਉਸ ਦੀ ਐਕਸਪਾਇਰੀ ਤੇ ਵਾਰਨਿੰਗ ਚੰਗੀ ਤਰ੍ਹਾਂ ਪੜ੍ਹ ਲਈ ਜਾਵੇ ਤਾਂ ਜੋ ਕਿਸੇ ਖਾਸ ਉਮਰ ਵਿੱਚ ਖਾਣ ਪੀਣ ਵਾਲੀਆਂ ਵਸਤੂਆਂ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।

ਉਨ੍ਹਾਂ ਦੱਸਿਆਂ ਕਿ 18 ਸਾਲ ਤੋਂ ਘੱਟ ਉਮਰ ਅਤੇ ਗਰਭਵਤੀ ਔਰਤਾਂ ‘ਤੇ ਐਨਰਜੀ ਡ੍ਰਿੰਕਸ ਪੀਣ ਕਾਰਨ ਹੋਣ ਵਾਲੇ ਨੁਕਸਾਨ ਸਬੰਧੀ ਡਿਪਟੀ ਕਮਿਸ਼ਨਰ ਤਰਨ ਤਾਰਨ ਵੱਲੋਂ ਸਮੇਂ-ਸਮੇਂ ਤੇ ਹੋਣ ਵਾਲੀ ਸੇਫ਼ ਫੂਡ ਐਂਡ ਹੈਲਥੀ ਡਾਇਟ ਸੰਬੰਧੀ ਜ਼ਿਲ੍ਹਾ ਪੱਧਰੀ ਮੀਟਿੰਗ ਵਿੱਚ ਵੀ ਇਸ ਮੁੱਦੇ ਤੇ ਸਭ ਨੂੰ ਜਾਗਰੂਕ ਕੀਤਾ ਜਾ ਚੁੱਕਾ ਹੈ ਅਤੇ ਸਕੂਲਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਗਈ ਹੈ

ਉਹ ਸਕੂਲਾਂ ਵਿੱਚ ਵੀ ਇਨ੍ਹਾਂ ਐਨਰਜੀ ਡ੍ਰਿੰਕਸ ਤੋਂ ਹੋਣ ਵਾਲੇ ਨੁਕਸਾਨ ਬਾਰੇ ਬੱਚਿਆਂ ਨੂੰ ਵਾਰ-ਵਾਰ ਜਾਗਰੂਕ ਕਰਵਾਉਂਦੇ ਰਹਿਣ।

ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਪਹਿਲਾਂ ਵੀ ਫੂਡ ਬਿਜ਼ਨੇਸ ਉਪਰੇਟਰਾਂ ਦੇ ਜਾਗਰੂਕ ਕੈਂਪ ਲਗਾਏ ਜਾ ਚੁੱਕੇ ਹਨ। ਚੈਕਿੰਗ ਦੌਰਾਨ ਅਫ਼ਸਰ ਮਿਸ ਸਾਕਸ਼ੀ ਖੋਸਲਾ ਫੂਡ ਸੇਫ਼ਟੀ ਅਫ਼ਸਰ ਉਨ੍ਹਾਂ ਦੇ ਨਾਲ ਮੌਜੂਦ ਸਨ।

# ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਦਿੱਤੀ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ

**ਗੁਰਦਾਸਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੈਮੀਨਾਰ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਲਗਾਇਆ ਗਿਆ ਜਿਸ ਵਿੱਚ ਵਿਦਿਆਰਥਣਾਂ ਤੇ ਸਟਾਫ ਨੂੰ ਸ਼ਾਮਲ ਕਰਕੇ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਨਾ ਕਰਨ ਬਾਰੇ ਜਾਗਰੂਕ ਕੀਤਾ ਗਿਆ ।

ਇਸ ਤੋਂ ਇਲਾਵਾ 16 ਤੋਂ18ਸਾਲ ਤੱਕ ਦੇ ਬਣਨ ਬਾਰੇ ਡਰਾਈਵਿੰਗ ਲਾਇਸੰਸ ਬਾਰੇ ਜਾਗਰੂਕ ਕੀਤਾ।

ਉਨ੍ਹਾਂ ਵੱਲੋਂ ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਅਤੇ ਐਕਸੀਡੈਂਟ ਪੀੜਤ ਦੀ ਮਦਦ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ । ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਗਿਆ ਸਾਊਂਡ ਪਲਿਊਸ਼ਨ ਬਾਰੇ ਦੱਸਿਆ ਗਿਆ ਟੈਫ੍ਰਿਕ ਚਲਾਨਾ ਤੇ ਜੁਰਮਾਨਾ ਬਾਰੇ ਜਾਣਕਾਰੀ ਦਿੱਤੀ ਗਈ ਐਕਸੀਡੈਂਟ ਤੇ ਬਚਣ ਲਈ ਹਮੇਸ਼ਾ ਟੈਫ੍ਰਿਕ ਨਿਯਮਾਂ ਦੀ ਪਾਲਣਾ ਕਰੋ ਐਂਬੂਲੈਂਸ ਨੂੰ ਪਹਿਲ ਦੇ ਅਧਾਰ ਉੱਪਰ ਰਸਤਾ ਦੇਣ ਲਈ ਪ੍ਰੇਰਿਤ ਕੀਤਾ ਅਤੇ ਹੈਲਪ ਲਾਈਨ ਨੰਬਰ 112, 1033, 1930 ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਇੰਚਾਰਜ ਟੈਫ੍ਰਿਕ ਐਜੂਕੇਸ਼ਨ ਸੈਲ ਏ ਐਸ ਆਈ ਜਸਵਿੰਦਰ ਸਿੰਘ ਏ ਐਸ ਆਈ ਅਮਨਦੀਪ ਸਿੰਘ ਪ੍ਰਿੰਸੀਪਲ ਬਲਜਿੰਦਰ ਕੌਰ ਲੈਕਚਰਾਰ ਸਤਬੀਰ ਸਿੰਘ ਮੈਡਮ ਅਰਚਨ ਠਾਕੁਰ ਸੰਸਾਰ ਸਿੰਘ ਆਦਿ ਨੇ ਹਿੱਸਾ ਲਿਆ ਪ੍ਰਿੰਸੀਪਲ ਮੈਡਮ ਵੱਲੋਂ ਸੈਮੀਨਾਰ ਲਗਾਉਣ ਤੇ ਟੈਫ੍ਰਿਕ ਕਰਮਚਾਰੀਆਂ ਦਾ ਧੰਨਵਾਦ ਕੀਤਾ ਗਿਆ

# ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਕੀਤਾ ਜਾਂਦਾ ਹੈ ਐਚ.ਆਈ.ਵੀ. ਦਾ ਮੁਫ਼ਤ ਟੈਸਟ ਅਤੇ ਇਲਾਜ

**ਫਾਜ਼ਿਲਕਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਜਕਾਰੀ ਸਿਵਲ ਸਰਜਨ ਡਾ ਏਰਿਕ ਦੀ ਯੋਗ ਅਗਵਾਈ ਵਿਚ ਸੱਚਖੰਡ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੂੰ ਸਿਵਿਲ ਹਸਪਤਾਲ ਫਾਜ਼ਿਲਕਾ ਵਿਖੇ ਏਡਜ਼ ਬੀਮਾਰੀ ਬਾਰੇ ਜਾਗਰੂਕਤਾ ਲਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿਚ ਡਾ ਏਰਿਕ ਮੁੱਖ ਮਹਿਮਾਨ ਸੀ ਅਤੇ ਪ੍ਰੋਗਰਾਮ ਦੀ ਪ੍ਰਧਾਨਗੀ ਐੱਸ ਐੱਮ ਓ ਡਾਕਟਰ ਰੋਹਿਤ ਗੋਇਲ ਨੇ ਕੀਤੀ।

ਇਸ ਮੌਕੇ ਡਾ ਏਰਿਕ ਨੇ ਕਿਹਾ ਕਿ ਵਿਸ਼ਵ ਏਡਜ਼ ਦਿਵਸ ਮਨਾਉਣ ਦਾ ਮਕਸਦ ਲੋਕਾਂ ਨੂੰ ਏਡਜ਼ ਬਿਮਾਰੀ ਪ੍ਰਤੀ ਅਤੇ ਬਚਾਅ ਸਬੰਧੀ ਜਾਗਰੂਕ ਕਰਨਾ ਹੈ। ਉਹਨਾਂ ਦੱਸਿਆ ਕਿ ਏਡਜ਼ ਦੀ ਬੀਮਾਰੀ ਐਚ ਆਈ ਵੀ.



ਵਾਇਰਸ ਨਾਲ ਹੁੰਦੀ ਹੈ, ਜੋ ਸਾਡੇ ਸਰੀਰ ਤੇ ਹਮਲਾ ਕਰਕੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਨੂੰ ਖ਼ਤਮ ਕਰ ਦਿੰਦਾ ਹੈ। ਕਿਸੇ ਵੀ ਵਿਅਕਤੀ ਨੂੰ ਖਾਂਸੀ, ਜ਼ੁਕਾਮ, ਬੁਖਾਰ, ਦਸਤ, ਉਲਟੀਆਂ, ਭਾਰ ਦਾ ਘਟਣਾ, ਕੰਮਜ਼ੋਰੀ ਆਦਿ ਲੱਛਣ ਲੰਬੇ ਸਮੇਂ ਤੋਂ ਹੋਣ ਅਤੇ ਇਲਾਜ ਦੌਰਾਨ ਫਰਕ ਨਾ ਪੈ ਰਿਹਾ ਹੋਵੇ ਤਾਂ ਉਸ ਵਿਅਕਤੀ ਨੂੰ ਐਚ.ਆਈ.ਵੀ. ਏਡਜ਼ ਹੋ ਸਕਦਾ ਹੈ ਇਸ ਲਈ ਉਸ ਨੂੰ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਖੇ ਜਾ ਕੇ ਐਚ.ਆਈ.ਵੀ. ਦਾ ਟੈਸਟ ਕਰਵਾਉਣਾ ਚਾਹੀਦਾ ਹੈ। ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਆਈਸੀਟੀਸੀ ਸੈਂਟਰਾਂ ਵਿੱਚ ਐਚ.ਆਈ.ਵੀ. ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਉਨ੍ਹਾ ਕਿਹਾ ਕਿ ਨਸ਼ਾ ਵਰਤਣ ਵਾਲੇ ਲੋਕ ਨਸ਼ੇ ਦੇ ਟੀਕੇ ਇੱਕੋ ਹੀ ਸਰਿੰਜ ਸੂਈ ਨਾਲ ਲਗਾਉਂਦੇ ਹਨ, ਜਿਸ ਨਾਲ ਏਡਜ਼ ਫੈਲਣ ਦਾ ਬਹੁਤ ਜ਼ਿਆਦਾ ਖਤਰਾ ਹੈ। ਉਹਨਾਂ ਨਸ਼ਾ ਵਰਤਣ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਛੁਡਾਓ ਕੇਂਦਰਾਂ ਜਾ ਕੇ ਨਸ਼ਾ ਛੱਡ ਸਕਦੇ ਹਨ, ਸਿਹਤ ਵਿਭਾਗ ਵੱਲੋਂ ਇਹ ਸਹੂਲਤ ਮੁਫ਼ਤ ਦਿੱਤੀ ਜਾ ਰਹੀ ਹੈ ਅਤੇ ਓਟ ਸੈਂਟਰਾਂ ਤੋਂ ਡਾਕਟਰ ਦੀ ਸਲਾਹ ਨਾਲ ਮੁਫ਼ਤ ਦਵਾਈਆਂ ਪ੍ਰਾਪਤ ਕਰਕੇ ਘਰ ਬੈਠੇ ਨਸ਼ਾ ਛੱਡ ਸਕਦੇ ਹਨ।ਇਸ ਮੌਕੇ ਡਾ ਰੋਹਿਤ ਗੋਇਲ ਨੇ ਕਿਹਾ ਕਿ ਐਚ.ਆਈ.ਵੀ. ਪੌਜ਼ਿਟਿਵ ਮਰੀਜ਼ਾਂ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਉਨ੍ਹਾਂ ਨੂੰ ਸਿਹਤ ਸੇਵਾਵਾਂ, ਰੋਜ਼ਗਾਰ ਅਤੇ ਸਿਖਿਆ ਸੇਵਾਵਾਂ ਬਿਨਾਂ ਵਿਤਕਰੇ ਤੋਂ ਮੁਹੱਈਆ ਕਰਵਾਉਣੀਆ ਕਾਨੂੰਨ ਅਨੁਸਾਰ ਜ਼ਰੂਰੀ ਹਨ। ਉਨ੍ਹਾਂ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਕੌਂਸਲਰ ਕੰਵਲਜੀਤ ਸਿੰਘ ਅਤੇ ਐਲ ਟੀ ਸੁਖਵਿੰਦਰ ਕੌਰ ਨੇ ਏਡਜ਼ ਦੀ ਬੀਮਾਰੀ ਦੇ ਫੈਲਣ ਦੇ ਕਾਰਣ, ਬਚਾਓ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ।ਉਹਨਾਂ ਦੱਸਿਆ ਕਿ ਇਹ ਬਿਮਾਰੀ ਇੱਕ ਦੂਜੇ ਦੀਆਂ ਸੂਈਆਂ ਸਰਿੰਜਾਂ ਵਰਤਣ ਨਾਲ, ਅਸੁਰੱਖਿਅਤ ਖੂਨ ਚੜਾਉਣ ਨਾਲ, ਅਸੁਰੱਖਿਅਤ ਸੈਕਸ ਸਬੰਧ ਬਨਾਉਣ ਨਾਲ, ਟੈਟੂ ਬਨਵਾਉਣ ਨਾਲ ਇੱਕ ਮਨੁੱਖ ਤੋਂ ਦੂਸਰੇ ਮਨੁੱਖ ਨੂੰ ਫੈਲਦੀ ਹੈ। ਇਹ ਬਿਮਾਰੀ ਹੱਥ ਮਿਲਾਉਣ, ਇਕੱਠੇ ਬੈਠਣ ਨਾਲ, ਇਕੱਠੇ ਸੌਣ ਨਾਲ, ਚੁੰਮਣ ਨਾਲ, ਇਕੱਠੇ ਖਾਣਾ ਖਾਣ ਆਦਿ ਕਾਰਣਾਂ ਨਾਲ ਨਹੀਂ ਫੈਲਦੀ। ਉਹਨਾਂ ਦੱਸਿਆ ਕਿ ਏਡਜ਼ ਦੇ ਮਰੀਜ਼ਾਂ ਨੂੰ ਹੋਰ ਬੀਮਾਰੀਆਂ ਦੇ ਨਾਲ ਨਾਲ ਟੀ.ਬੀ. ਹੋਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ । ਅਤੇ ਏਡਜ਼ ਦੇ ਬਚਾਅ ਸਬੰਧੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਰਿਚਾ ਨਿਸ਼ੂ ਵਲੋਂ ਏਡਜ਼ ਦੀ ਬੀਮਾਰੀ ਸਬੰਧੀ ਜਾਣਕਾਰੀ ਦਿੱਤੀ ਗਈ ਇਸ ਮੌਕੇ ਮਾਸ ਮੀਡੀਆ ਬ੍ਰਾਂਚ ਤੋਂ ਦਿਵੇਸ਼ ਕੁਮਾਰ ਅਤੇ ਹਰਮੀਤ ਸਿੰਘ ਅਤੇ ਹੋਰ ਸਟਾਫ ਅਤੇ ਸਿਖਆਰਥੀ ਹਾਜ਼ਰ ਸਨ।

# ਆਲ ਇੰਡੀਆ ਥਲ ਸੈਨਿਕ ਕੈਂਪ 2024 ਦੀ ਟਰਾਫੀ ਜਿੱਤਣ ਵਾਲੇ ਐਨਸੀਸੀ ਕੈਡਿਟਾਂ ਦਾ ਸਨਮਾਨ



**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਜਰ ਜਨਰਲ ਐਮ.ਐਸ ਮੋਖ, ਐਸ.ਐਮ.,ਵਧੀਕ ਡਾਇਰੈਕਟਰ ਜਨਰਲ, ਪੀ.ਐਚ.ਐਚ.ਪੀ ਅਤੇ ਸੀ ਡਾਇਰੈਕਟੋਰੇਟ ਨੇ ਲੰਬੇ ਸਮੇਂ ਬਾਅਦ ਲੜਕਿਆਂ ਦੀ ਸ਼੍ਰੇਣੀ ਵਿੱਚ ਵਕਾਰੀ ਆਲ ਇੰਡੀਆ ਥਲ ਸੈਨਿਕ ਕੈਂਪ 2024 ਦੀ ਟਰਾਫੀ ਜਿੱਤਣ ਵਾਲੇ ਐਨਸੀਸੀ ਕੈਡਿਟਾਂ ਦਾ ਸਨਮਾਨ ਕੀਤਾ।ਇਹ ਕੈਂਪ 02 ਤੋਂ 13 ਸਤੰਬਰ ਤੱਕ ਨਵੀਂ ਦਿੱਲੀ ਵਿਖੇ ਲਗਾਇਆ ਗਿਆ ਜਿਸ ਵਿਚ ਲੜਕਿਆਂ ਅਤੇ ਲੜਕੀਆਂ ਦੇ ਵਰਗਾਂ ਦੇ ਸਾਰੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।

ਰੋਪੜ ਐਨ.ਸੀ.ਸੀ ਅਕੈਡਮੀ ਦੇ ਸਨਮਾਨ ਸਮਾਰੋਹ ਵਿੱਚ, ਮੇਜਰ ਜਨਰਲ ਐਮ.ਐਸ ਮਕੋਹਾ, ਐਸ.ਐਮ ਨੇ ਸ਼ਾਨਦਾਰ ਸਫਲਤਾ ਪ੍ਰਾਪਤ ਕਰਨ ਵਿੱਚ ਕੈਡਿਟਾਂ ਦੁਆਰਾ ਕੀਤੇ ਗਏ ਜਜ਼ਬੇ, ਦ੍ਰਿੜ ਇਰਾਦੇ ਅਤੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ। ਉੱਤਮਤਾ ਦੇ ਸ਼ਾਨਦਾਰ ਪ੍ਰਦਰਸ਼ਨ ਵਿੱਚ, ਡਾਇਰੈਕਟੋਰੇਟ ਦਲ ਨੇ ਪੰਜ ਵਿਸ਼ਿਆਂ ਵਿੱਚ 15 ਸੋਨੇ, 22 ਚਾਂਦੀ ਅਤੇ 6 ਕਾਂਸੀ ਤਗਮੇ ਜਿੱਤੇ। ਉਨ੍ਹਾਂ ਨੇ ਏ.ਆਈ.ਟੀ.ਐਸ.ਸੀ. ਸਿਖਲਾਈ ਟੀਮ ਦੇ ਅਧਿਕਾਰੀਆਂ ਅਤੇ ਇੰਸਟ੍ਰਕਟਰ ਸਟਾਫ਼ ਦੀ ਉਹਨਾਂ ਦੇ ਅਣਥੱਕ ਯਤਨਾਂ ਅਤੇ ਕੈਡਿਟਾਂ ਦੀ ਸਹੀ ਮਾਰਗਦਰਸ਼ਨ ਲਈ ਵੀ ਸ਼ਲਾਘਾ ਕੀਤੀ ਅਤੇ ਕੈਡਿਟਾਂ ਨੂੰ ਨਕਦ ਇਨਾਮ ਵੀ ਦਿੱਤੇ ਗਏ।

# ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਪੰਜਾਬੀ ਸਟੈਨੋਗ੍ਰਾਫੀ ਦੇ ਕੋਰਸ ਦਾ ਨਵਾਂ ਸੈਸ਼ਨ ਅਕਤੂਬਰ 2024 ਤੋਂ ਸ਼ੁਰੂ

**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਰੂਪਨਗਰ ਦੇ ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਰਿਟਾ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਰੂਪਨਗਰ ਵੱਲੋਂ ਇਲਾਕੇ ਦੇ ਬੱਚਿਆਂ ਲਈ ਚਲਾਏ ਜਾ ਰਹੇ ਇੱਕ ਸਾਲ ਦੇ ਪੰਜਾਬੀ ਸਟੈਨੋਗ੍ਰਾਫੀ ਦੇ ਕੋਰਸ ਦਾ ਨਵਾਂ ਸੈਸ਼ਨ ਅਕਤੂਬਰ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।

ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਰਿਟਾ.) ਨੇ ਦੱਸਿਆ ਕਿ ਇਸ ਕੋਰਸ ਵਿੱਚ ਬੱਚਿਆਂ ਨੂੰ ਪੰਜਾਬੀ ਸਟੈਨੋਗ੍ਰਾਫੀ ਅਤੇ ਪੰਜਾਬੀ ਟਾਈਪਿੰਗ ਆਦਿ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਕੋਰਸ ਲਈ ਘੱਟੋ-ਘੱਟ ਯੋਗਤਾ ਗ੍ਰੈਜੂਏਸ਼ਨ ਪਾਸ ਹੈ। ਇਸ ਕੋਰਸ ਵਿੱਚ ਦਾਖਲੇ ਲਈ ਸੇਵਾ ਕਰ ਰਹੇ ਸੈਨਿਕਾਂ/ ਸਾਬਕਾ ਸੈਨਿਕਾਂ/ਵਿਧਵਾਵਾਂ ਦੇ ਬੱਚਿਆਂ ਨੂੰ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ। ਜੇਕਰ ਸੀਟਾਂ ਖਾਲੀ ਰਹਿ ਜਾਂਦੀਆਂ ਹਨ ਤਾਂ ਹਰ ਵਰਗ ਦੇ ਬੱਚਿਆਂ ਨੂੰ ਵਿਚਾਰਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਕੋਰਸ ਵਿੱਚ ਦਾਖਲਾ ਲੈਣ ਲਈ ਯੋਗ ਉਮੀਦਵਾਰ ਮਿਤੀ 24 ਸਤੰਬਰ 2024 ਤੱਕ ਆਪਣੇ ਬਿਨੈਫਾਰਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਰੂਪਨਗਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਵਿੱਚ ਦਾਖਲੇ ਸਬੰਧੀ ਅਤੇ ਹੋਰ ਜਾਣਕਾਰੀ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫਤਰ ਵਿਖੇ ਨਿੱਜੀ ਹਾਜ਼ਰ ਹੋ ਕੇ ਜਾਂ ਟੈਲੀਫੋਨ ਨੰਬਰਾਂ 01881-295141 ਅਤੇ 6284733461 ਉੱਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਚੇਅਰਮੈਨ ਪਨੂੰ ਨੇ ਪਿੰਡ ਜਾਂਗਲਾ ਵਿੱਚ ਕਬੱਡੀ ਦੇ ਸ਼ੋਅ ਮੈਚ ਵਿੱਚ ਕੀਤੀ ਸ਼ਿਰਕਤ



**ਬਟਾਲਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਖੇਡਾਂ ਨੂੰ ਪਰਫੁੱਲਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਨੌਜਵਾਨ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਹਿੱਸਾ ਲੈ ਰਹੇ ਹਨ। ਇਹ ਪ੍ਰਗਟਾਵਾ ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਵਲੋਂ ਪਿੰਡ ਜਾਂਗਲਾ ਵਿੱਚ ਕਰਵਾਏ ਕਬੱਡੀ ਦੇ ਸ਼ੋਅ ਮੈਚ ਸੰਬੋਧਨ ਕਰਦਿਆਂ ਕੀਤਾ।

ਚੇਅਰਮੈਨ ਪਨੂੰ ਨੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸ਼ੋਅ ਮੈਚ ਖੀਰਾਂਵਾਲੀ ਅਤੇ ਫਰੰਦੀਪੁਰੀਆ ਦੀ ਟੀਮ ਵਿੱਚ ਹੋਇਆ। ਇਸ ਵਿੱਚ ਫਰੰਦੀਪੁਰੀਆ ਦੀ ਟੀਮ ਜੇਤੂ ਰਹੀ ਅਤੇ ਪਹਿਲੇ ਨੰਬਰ ਤੇ ਰਹਿਣ ਵਾਲੀ ਟੀਮ ਨੂੰ 71000 ਨਾਲ ਸਨਮਾਨਿਤ ਕੀਤਾ ਗਿਆ ਅਤੇ ਦੂਜੇ ਨੰਬਰ ਤੇ ਖੀਰਾਂਵਾਲੀ ਟੀਮ ਨੂੰ 61000 ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਬਾਬਾ ਨਾਨਕ ਚੱਕ ਵਾਲੇ ਤਿਲਕ ਦਾਸ, ਰਜਿੰਦਰ ਸਿੰਘ, ਜਗਦੀਪ ਸਿੰਘ ਗਿੱਲ, ਸਵਿੰਦਰ ਸਿੰਘ ਫੌਜੀ, ਬੀਰ ਸਿੰਘ ਚੋਪੜਾ , ਅਮਰਜੀਤ ਸਿੰਘ ਲਾਈਨ ਮੈਨ, ਹਰਪ੍ਰੀਤ ਸਿੰਘ, ਸਰਵਣ ਸਿੰਘ, ਸਾਹਿਬ ਸਿੰਘ, ਸਤਨਾਮ ਸਿੰਘ ਗਿੱਲ, ਬਲਵਿੰਦਰ ਸਿੰਘ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਪਰਮਵੀਰ ਸਿੰਘਮ ਵਿੱਕੀ ਪੰਡਿਤ ,ਬਲਦੇਵ ਸਿੰਘ ,ਜਥੇਦਾਰ ਅਰਸ਼ਦੀਪ ਸਿੰਘ, ਕਰਮਜੀਤ ਪੀਏ ,ਰਘਬੀਰ ਅਠਵਾਲ, ਗਗਨਦੀਪ ਸਿੰਘ, ਕਰਨ ਬਾਠ ਪ੍ਰਤਾਪ , ਅੰਮ੍ਰਿਤ ਉਜਲਾ, ਗੁਰਦੇਵ ਔਜਲਾ, ਕੁਲਬੀਰ ਸਿੰਘ, ਰਵਿੰਦਰ ਗਿੱਲ , ਜਗਜੀਤ ਸਿੰਘ, ਅਵਤਾਰ ਸਿੰਘ ਏ.ਐਸ.ਆਈ, ਕਲਵੰਤ ਸਿੰਘ ਕੰਟੂ ਮੌਜੂਦ ਸਨ।

# ਡਾ. ਕੁਲਦੀਪ ਵਾਲੀਆ ਨੇ ਸਾਂਝੀ ਰਸੋਈ ਨੂੰ 5100 ਰੁਪਏ ਦਾਨ ਵਜੋਂ ਦਿੱਤੇ




**ਹੁਸ਼ਿਆਰਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ ‘ਸਾਂਝੀ ਰਸੋਈ’ ਪ੍ਰੋਜੈਕਟ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਰਹਿਨੁਮਈ ਅਤੇ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ। ਜਿਸਦਾ ਰੋਜਾਨਾ 450 ਤੋਂ 500 ਗਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਡਾ. ਕੁਲਦੀਪ ਵਾਲੀਆ ਵਾਸੀ ਹੁਸ਼ਿਆਰਪੁਰ ਵੱਲੋਂ ਆਪਣੇ ਪਿਤਾ ਪ੍ਰੋ. ਜਗਜੀਤ ਸਿੰਘ ਵਾਲੀਆ ਦੀ ਯਾਦ ਵਿੱਚ ਸਾਂਝੀ ਰਸੋਈ ਨੂੰ 5100 ਰੁਪਏ ਦੀ ਰਾਸ਼ੀਦਾਨ ਦਾਨ ਵਜੋਂ ਦਿੱਤੀ ਗਈ। ਇਸ ਮੌਕੇ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਸ੍ਰੀਮਤੀ ਕਮਲਾ ਵਾਲੀਆ, ਸ੍ਰੀਮਤੀ ਓਰਨਾ ਵਾਲੀਆ, ਸ੍ਰੀਮਤੀ ਕਰੁਨਾ ਵਾਲੀਆ, ਸ੍ਰੀਮਤੀ ਕਰਮਜੀਤ ਵਾਲੀਆ, ਸ੍ਰੀਮਤੀ ਸੁਨੰਦਨ ਵਾਲੀਆ, ਐਮ.ਪੀ ਵਾਲੀਆ, ਗਿਰੀਸ਼ ਵਾਲੀਆ, ਨੀਰਜ ਵਾਲੀਆ, ਹਰਿੰਦਰ ਸਿੰਘ ਤੋਂ ਇਲਾਵਾ ਸਮੂਹ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਮੈਂਬਰ ਮੌਜੂਦ ਸਨ।

# ਆਮ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਪ੍ਰਭਾਵੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਜ਼ਿਲ੍ਹਾ ਪ੍ਰਸ਼ਾਸਨ ਦਾ ਫਰਜ਼ - ਡਿਪਟੀ ਕਮਿਸ਼ਨਰ

**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਪ੍ਰਭਾਵੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਜ਼ਿਲ੍ਹਾ ਪ੍ਰਸ਼ਾਸਨ ਦਾ ਫਰਜ਼ ਹੁੰਦਾ ਹੈ, ਇਸ ਲਈ ਜ਼ਰੂਰੀ ਹੈ ਕਿ ਅਸੀਂ ਹਰ ਆਮ-ਖ਼ਾਸ ਲੋਕਾਂ ਦਾ ਕੰਮ ਪਹਿਲ ਦੇ ਆਧਾਰ ’ਤੇ ਇਮਾਨਦਾਰੀ ਅਤੇ ਮਿਹਨਤ ਨਾਲ ਕਰੀਏ।



ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਈਏਐੱਸ ਅਧਿਕਾਰੀ ਸ਼੍ਰੀ ਹਿਮਾਂਸ਼ੂ ਜੈਨ ਨੇ ਅੱਜ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲਣ ਮਗਰੋਂ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਮੂਹ ਸਟਾਫ਼ ਨਾਲ ਪਹਿਲੀ ਮੀਟਿੰਗ ਕਰਦਿਆਂ ਕੀਤਾ।

ਉਨ੍ਹਾਂ ਸਮੂਹ ਸਟਾਫ ਨਾਲ ਜਾਣ ਪਹਿਚਾਣ ਕਰਦਿਆਂ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਦਫਤਰਾਂ ਵਿਖੇ ਕੰਮ ਕਰਵਾਉਣ ਆ ਰਹੇ ਲੋਕਾਂ ਦੇ ਕੰਮ ਪਹਿਲ ਦੇ ਆਧਾਰ ’ਤੇ ਕੀਤੇ ਜਾਣ ਅਤੇ ਇਸ ਦੌਰਾਨ ਕਿਸੇ ਨੂੰ ਵੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਏ। ਉਨ੍ਹਾਂ ਕਿਹਾ ਕਿ ਮੈਨੂੰ ਇਸ ਸਬੰਧੀ ਆਮ ਲੋਕਾਂ ਤੋਂ ਕੋਈ ਸ਼ਿਕਾਇਤ ਨਹੀਂ ਆਉਣੀ ਚਾਹੀਦੀ।

ਸ਼੍ਰੀ ਹਿਮਾਂਸ਼ੂ ਜੈਨ ਨੇ ਸਟਾਫ਼ ਨੂੰ ਹਦਾਇਤ ਕੀਤੀ ਕਿ ਦਫ਼ਤਰ ਵਿੱਚ ਸਮੇਂ ਸਿਰ ਆਉਣਾ ਯਕੀਨੀ ਬਣਾਇਆ ਜਾਵੇ ਅਤੇ ਸਮੇਂ ਉੱਤੇ ਨਾ ਆਉਣ ਵਾਲੇ ਸਟਾਫ਼ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦਫ਼ਤਰ ਦਾ ਕੋਈ ਵੀ ਕੰਮ ਪੈਂਡਿੰਗ ਨਾ ਰੱਖਿਆ ਜਾਵੇ ਅਤੇ ਹਰ ਕੰਮ ਨੂੰ ਸਮਾਂਬੱਧ ਸਮੇਂ ਵਿੱਚ ਪੂਰਾ ਕੀਤਾ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ, ਸਹਾਇਕ ਕਮਿਸ਼ਨਰ (ਜ) ਅਰਵਿੰਦਰਪਾਲ ਸਿੰਘ ਸੋਮਲ, ਮੁੱਖ ਮੰਤਰੀ ਫ਼ੀਲਡ ਅਫ਼ਸਰ ਕਮ ਐਸ.ਡੀ.ਐਮ. ਮੋਰਿੰਡਾ ਸੁਖਪਾਲ ਸਿੰਘ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਦਾ ਸਮੂਹ ਸਟਾਫ ਹਾਜ਼ਰ ਸੀ।

# ‘ਕੁਦਰਤੀ ਸੋਮੇ ਬਚਾਓ ਅਤੇ ਸਭ ਨੂੰ ਖੁਸ਼ਹਾਲ ਬਣਾਉਣ ’ਦੇ ਉਦੇਸ਼ ਨਾਲ ‘ਰਿਜ਼ਨਲ ਕਿਸਾਨ ਮੇਲਾ’ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਜ਼ਨਲ ਸਟੇਸ਼ਨ ਗੁਰਦਾਸਪੁਰ ਵਿਖੇ 19 ਸਤੰਬਰ ਨੂੰ ਲੱਗੇਗਾ

**ਬਟਾਲਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

‘ਕੁਦਰਤੀ ਸੋਮੇ ਬਚਾਓ ਅਤੇ ਸਭ ਨੂੰ ਖੁਸ਼ਹਾਲ ਬਣਾਉਣ ’ਦੇ ਉਦੇਸ਼ ਨਾਲ ‘ਰਿਜ਼ਨਲ ਕਿਸਾਨ ਮੇਲਾ’ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਜ਼ਨਲ ਸਟੇਸ਼ਨ ਗੁਰਦਾਸਪੁਰ ਵਿਖੇ 19 ਸਤੰਬਰ ਦਿਨ ਬੁੱਧਵਾਰ ਲਗਾਇਆ ਜਾ ਰਿਹਾ ਹੈ।



ਇਸ ਮੇਲੇ ਦੇ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ, ਫੂਡ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਪੰਜਾਬ ਹੋਣਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ ਦੇ ਨਿਰਦੇਸ਼ਕ ਡਾ ਹਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਹਾੜੀ ਦੀਆਂ ਫ਼ਸਲਾਂ ਦੇ ਸੁਧਰੇ ਬੀਜ, ਫਲ਼ਦਾਰ ਬੂਟੇ ਅਤੇ ਸ਼ਬਜੀਆਂ ਦੀ ਪਨੀਰੀ ਮੁਹੱਈਆ ਕਰਵਾਈ ਜਾਵੇਗੀ। ਵੱਖ ਵੱਖ ਵਿਸ਼ਾ ਮਾਹਿਰਾ ਵੱਲੋ ਹਾੜੀ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀਆਂ ਖੇਤੀ ਮੁਸ਼ਕਿਲਾਂ ਬਾਰੇ ਸੁਆਲ-ਜੁਆਬ ਵੀ ਹੋਣਗੇ। ਇਸ ਤੋ ਇਲਾਵਾ ਪੀ ਏ ਯੂ ਅਤੇ ਪ੍ਰਾਈਵੇਟ ਕੰਪਨੀਆਂ ਵੱਲੋ ਸਟਾਲ/ਪ੍ਰਦਰਸ਼ਨੀਆਂ ਵੀ ਲਗਾਏ ਜਾਣਗੇ, ਜਿਸ ਵਿੱਚ ਕਿਸਾਨ ਵੀਰਾਂ ਅਤੇ ਬੀਬੀਆਂ ਲਏ ਬਹੁਤ ਕੀਮਤੀ ਜਾਣਕਾਰੀ ਹੋਵੇਗੀ।ਉਨਾਂ ਨੇ ਅੱਗੇ ਦੱਸਿਆ ਕਿ ਕਿਸਾਨ ਮੇਲੇ ਦੇ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਪੰਜਾਬ, ਡਾ. ਸਤਬੀਰ ਸਿੰਘ ਗੋਸਲ ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਡਿਪਟੀ ਕਮਿਸ਼ਨਰ, ਗੁਰਦਾਸਪੁਰ ਅਤੇ ਹਰਦਿਆਲ ਸਿੰਘ ਗਜਨੀਪੁਰ, ਬੋਰਡ ਆਫ ਮੈਨੇਜਮੈਂਟ, ਪੀ.ਏ.ਯੂ. ਵਿਸ਼ੇਸ਼ ਮਹਿਮਾਨ ਹੋਣਗੇ।ਉਨਾਂ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ, ਗੁਰਦਾਸਪੁਰ ਦੇ ਵਿਹੜੇ ਵਿਚ 19 ਸਤੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੁੰਮ ਹੁੰਮਾਂ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ, ਗੁਰਦਾਸਪੁਰ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

# ਖੇਤੀਬਾੜੀ ਵਿਭਾਗ ਧਾਰੀਵਾਲ ਵਿਖੇ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨਾ ਸਾੜਨ ਲਈ ਕੀਤਾ ਜਾਗਰੂਕ



**ਗੁਰਦਾਸਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ, ਸ੍ਰੀ ਉਮਾ ਸੰਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਿਲ੍ਹੇ ਅੰਦਰ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਪਰਾਲੀ ਦੀ ਸਾਂਭ ਸੰਭਾਲ ਲਈ ਲੋੜੀਦੀ ਮਸ਼ੀਨਰੀ ਉਪਲੱਬਧ ਕਰਵਾਉਣ ਹਿੱਤ ਜਿਲ੍ਹੇ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਨਾਇਬ ਤਹਿਸੀਲਦਾਰ ਧਾਰੀਵਾਲ ਲਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੇ ਖੇਤੀਬਾੜੀ ਵਿਭਾਗ ਵਲੋਂ ਪਿੰਡ ਪੱਧਰ ਤੱਕ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸਦੇ ਚੱਲਦਿਆਂ ਬਲਾਕ ਧਾਰੀਵਾਲ ਵਿਖੇ ਸੀ. ਆਰ.ਐਮ ਆਈਈਸੀ ਸਕੀਮ ਅਧੀਨ ਝੋਨੇ ਦੀ ਪਰਾਲੀ ਦੀ ਰਹਿੰਦ ਖੂੰਹਦ ਨੂੰ ਬਿਨਾਂ ਅੱਗ ਲੱਗਾਏ ਖੇਤ ਵਿਚ ਵਾਹੁਣ ਅਤੇ ਈਕੀਵਾਈਸੀ ਸਬੰਧੀ ਜਾਗਰੂਤਾ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨਾਂ ਅਤੇ ਅੱਗ ਲਗਾਏ ਬਗੈਰ ਫਸਲ ਬੀਜਣ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅਗਾਂਹਵਧੂ ਕਿਸਾਨ ਜਿਨ੍ਹਾਂ ਵਲੋਂ ਨਾੜ ਨੂੰ ਸਾੜੇ ਬਿਨਾਂ ਫਸਲ ਬੀਜੀ ਜਾ ਰਹੀ ਹੈ, ਉਨ੍ਹਾਂ ਵੀ ਆਪਣੇ ਸਫਲ ਤਜਰਬੇ ਸਾਰਿਆਂ ਨਾਲ ਸਾਂਝੇ ਕੀਤੇ ਗਏ।

# ਜਮ੍ਹਾਂਬੰਦੀਆਂ ਨੂੰ ਕੰਨਜ਼ਾਇਨ, ਲਾਈਵ ਕਰਨ ਅਤੇ ਪੈਂਡਿੰਗ ਪਏ ਇੰਤਕਾਲਾਂ ਦੇ ਨਿਪਟਾਰੇ ਲਈ ਸਬੰਧਿਤ ਅਧਿਕਾਰੀਆਂ ਨੂੰ ਦਿੱਤੇ ਆਦੇਸ਼



**ਤਰਨ ਤਾਰਨ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਹੋਈ ਮੀਟਿੰਗ ਦੌਰਾਨ ਸਬ-ਤਹਿਸੀਲ ਨੌਸ਼ਹਿਰਾ ਪੰਨੂਆਂ, ਸਬ-ਤਹਿਸੀਲ ਚੋਹਲਾ ਸਾਹਿਬ ਅਤੇ ਤਹਿਸੀਲ ਤਰਨ ਤਾਰਨ ਦੇ ਤਹਿਸੀਲਦਾਰ, ਨਾਇਬ ਤਹਿਸੀਲਦਾਰ, ਕਾਨੂੰਨਗੋ ਤੇ ਪਟਵਾਰੀਆਂ ਨਾਲ ਸਬੰਧਿਤ ਮਾਲ ਵਿਭਾਗ ਦੇ ਲੰਬਿਤ ਪਏ ਕੰਮਾਂ ਦਾ ਜਾਇਜ਼ਾ ਲਿਆ ਗਿਆ।

ਮੀਟਿੰਗ ਦੌਰਾਨ ਨਾਇਬ ਤਹਿਸੀਲਦਾਰ ਤਰਨ ਤਾਰਨ ਸ਼੍ਰੀਮਤੀ ਇੰਦਰਜੀਤ ਕੌਰ, ਜ਼ਿਲ੍ਹਾ ਸਿਸਟਮ ਮੈਨੇਜਰ ਰਮਨ ਮਲਹੋਤਰਾ ਅਤੇ ਸਦਰ ਕਾਨੂੰਨਗੋ ਸ੍ਰੀ ਰਮਨ ਕੁਮਾਰ ਵੀ ਹਾਜ਼ਰ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮੂਹ ਅਧਿਕਾਰੀ ਮਿੱਥੇ ਗਏ ਟੀਚੇ ਅਨੁਸਾਰ ਕੇਸਾਂ ਦਾ ਨਿਪਟਾਰਾ ਕਰਨਾ ਯਕੀਨੀ ਬਣਾਉਣ। ਉਨਾਂ ਕਿਹਾ ਕਿ ਲੋਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਕਿਸੇ ਵੀ ਤਰਾਂ ਦੇ ਕੰਮ ਲਈ ਪਰੇਸ਼ਾਨੀ ਪੇਸ਼ ਨਹੀਂ ਆਉਣੀ ਚਾਹੀਦੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਲੰਮੇ ਸਮੇਂ ਤੋਂ ਲੰਬਿਤ ਪਈਆ ਜਮ੍ਹਾਂਬੰਦੀਆਂ ਨੂੰ ਕੰਨਜ਼ਾਇਨ, ਲਾਈਵ ਕਰਨ ਦੇ ਨਿਰਦੇਸ਼ ਵੀ ਦਿੱਤੇ ਅਤੇ ਪੈਂਡਿੰਗ ਪਏ ਇੰਤਕਾਲਾਂ ਦੇ ਨਿਪਟਾਰੇ ਲਈ ਸਬੰਧਿਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ।ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਮੁਸਾਵੀਆ ਦੀ ਡਿਜ਼ੀਟਲ ਕੰਮਾਂ ਵਿੱਚ ਤੇਜ਼ੀ ਲਿਆਦੀ ਜਾਵੇ ਅਤੇ ਰੈਵੀਨਿਊ ਰਿਕਾਰਡ ਵਿੱਚੋਂ ਟੈਕਸ ਐਂਟਰੀ ਨੂੰ ਖਤਮ ਕੀਤਾ ਜਾਵੇ ਤਾਂ ਜੋ ਪਬਲਿਕ ਨੂੰ ਵਧੀਆ ਸੇਵਾਵਾਂ ਦਿੱਤੀਆ ਜਾ ਸਕਣ ।

ਇਸ ਮੌਕੇ ਉਨਾਂ ਤਕਸੀਮ ਦੇ ਅਦਾਲਤੀ ਕੇਸਾਂ, ਜ਼ਮੀਨ ਦੇ ਖਾਨਗੀ ਵੰਡ ਦੇ ਕੇਸਾਂ, ਝਗੜੇ ਤੋਂ ਰਹਿਤ ਅਤੇ ਝਗੜੇ ਵਾਲੇ ਇੰਤਕਾਲਾਂ, ਜਮਾਂਬੰਦੀ ਅਤੇ ਵਸੀਕਾ ਦੇ ਨਿਪਟਾਰੇ ਸਬੰਧੀ ਅਫ਼ਸਰ ਵਾਰ ਜਾਣਕਾਰੀ ਲਈ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸੇ ਤਰਾਂ ਉਨਾਂ ਤਹਿਸੀਲ ਵਾਰ ਵਸੂਲੀ ਦੇ ਕੰਮ ਦਾ ਜਾਇਜ਼ਾ ਵੀ ਲਿਆ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਮੇਰਾ ਘਰ, ਮੇਰੇ ਨਾਮ ਸਕੀਮ ਅਧੀਨ ਗਰਾਊਂਡ ਟਰੁਥਿੰਗ ਸਰਵੈ ਦੀ ਪ੍ਰਗਤੀ ਨੂੰ ਵਾਚਿਆ ਗਿਆ।ਉਹਨਾਂ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨੋਟੀਫਾਈ ਪਿੰਡਾਂ ਵਿੱਚ ਕੰਮ ਨੂੰ ਸੁਚੱਜੇ ਢੰਗ ਨਾਲ ਜਲਦ ਮੁਕੰਮਲ ਕਰਨ ਵਿੱਚ ਤੇਜ਼ੀ ਲਿਆਂਦੀ ਜਾਵੇ।

ਉਹਨਾਂ ਕਿਹਾ ਕਿ ਮੇਰਾ ਘਰ, ਮੇਰੇ ਨਾਮ ਸਕੀਮ ਤਹਿਤ ਲਾਲ ਲਕੀਰ ਅੰਦਰ ਆਉਂਦੀ ਜਾਇਦਾਦ ਦੇ ਮਾਲਕ ਕਾਨੂੰਨੀ ਤੌਰ ‘ਤੇ ਆਪਣੀ ਜਾਇਦਾਦ ਦੇ ਦਸਤਾਵੇਜ਼ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ, ਜਿਸ ਨਾਲ ਉਨ੍ਹਾਂ ਨੂੰ ਆਪਣੀ ਜਾਇਦਾਦ ਦੀ ਖਰੀਦ-ਵੇਚ ਅਤੇ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਵਿਚ ਕੋਈ ਔਕੜ ਨਹੀਂ ਆਵੇਗੀ।

# ਨਵੋਦਿਆ ਵਿਦਿਆਲਿਆ ਫਲਾਹੀ ‘ਚ ਛੇਵੀਂ ਜਮਾਤ ਲਈ ਰਜਿਸਟਰੇਸ਼ਨ 23 ਸਤੰਬਰ ਤੱਕ

**ਹੁਸ਼ਿਆਰਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਧੁਨਿਕ ਅਤੇ ਮਿਆਰੀ ਸਿੱਖਿਆ ਦੇਣ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਫਲਾਹੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਚ ਅਗਲੇ ਵਿੱਦਿਅਕ ਵਰ੍ਹੇ 2025- 26 ਦੀ ਛੇਵੀਂ ਜਮਾਤ ਲਈ ਇਸ ਵਿਦਿਅਕ ਵਰ੍ਹੇ 2024-25 ਵਿਚ ਪੰਜਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਆਨਲਾਈਨ ਰਜਿਸਟਰੇਸ਼ਨ ਦੀ ਤਰੀਕ 23 ਸਤੰਬਰ 2024 ਤੱਕ ਵਧਾਈ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਨੇ 2022-23 ਵਿਚ ਤੀਜੀ ਜਮਾਤ, 2023-24 ਵਿਚ ਚੌਥੀ ਜਮਾਤ ਮਾਨਤਾ ਪ੍ਰਾਪਤ ਸਕੂਲ ਤੋਂ ਪਾਸ ਕੀਤੀ ਹੋਵੇ ਅਤੇ ਮੌਜੂਦਾ 2024-25 ਵਿਦਿਅਕ ਵਰ੍ਹੇ ਵਿਚ ਪੰਜਵੀਂ ਜਮਾਤ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਨਤਾ ਪ੍ਰਾਪਤ ਸਕੂਲ ਵਿਚ ਪੜ੍ਹ ਰਿਹਾ ਹੋਵੇ। ਉਸ ਦਾ ਜਨਮ 1 ਮਈ 2013 ਤੋਂ 31 ਜੁਲਾਈ 2015 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ, 31 ਜੁਲਾਈ 2024 ਤੋਂ ਪਹਿਲਾਂ ਪੰਜਵੀਂ ਜਮਾਤ ਵਿਚ ਵਿਦਿਆਰਥੀ ਦਾਖਲ ਹੋਇਆ ਹੋਵੇ। ਉਨ੍ਹਾਂ ਦੱਸਿਆ ਕਿ ਓ.ਬੀ.ਸੀ ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ ਵਿਚ ਆਉਂਦੇ ਹਨ ਜਾਂ ਨਹੀਂ।

# ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਦੀ ਪ੍ਰਧਾਨਗੀ ਹੇਠ ਜਿਲਾ ਪੱਧਰੀ ਕਵਾਲਿਟੀ ਐਸ਼ੋਰੈਂਸ ਕਮੇਟੀ (ਪਰਿਵਾਰ ਨਿਯੋਜਨ ) ਦੀ ਮੀਟਿੰਗ



**ਗੁਰਦਾਸਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਪੱਧਰੀ ਕਵਾਲਿਟੀ ਐਸ਼ੋਰੈਂਸ ਕਮੇਟੀ (ਪਰਿਵਾਰ ਨਿਯੋਜਨ ) ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜਨਸੰਖਿਆ ਕੰਟਰੋਲ ਵਿਸ਼ੇ ਤੇ ਚਰਚਾ ਕੀਤੀ ਗਈ।

ਮੀਟਿੰਗ ਦੌਰਾਨ ਏਡੀਸੀ ਸੁਰਿੰਦਰ ਸਿੰਘ ਨੇ ਕਿਹਾ ਕਿ ਪਰਿਵਾਰ ਨਿਯੋਜਨ ਸਮੇਂ ਦੀ ਜਰੂਰਤ ਹੈ। ਕੁਦਰਤੀ ਸੋਮੇ ਲਗਾਤਾਰ ਵੱਧਦੀ ਆਬਾਦੀ ਦੀਆਂ ਜਰੂਰਤਾਂ ਪੂਰੀਆਂ ਨਹੀਂ ਕਰ ਪਾਉਣਗੇ। ਫੀਲਡ ਸਟਾਫ ਵੱਲੋਂ ਲੋਕਾਂ ਨੂੰ ਸਮੇਂ ਸਮੇਂ ਤੇ ਪਰਿਵਾਰ ਨਿਯੋਜਨ ਬਾਰੇ ਦਸਿਆ ਜਾਵੇ ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਰਿਵਾਰ ਨਿਯੋਜਨ ਸੇਵਾਵਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਗਰਭਵਤੀ ਔਰਤਾਂ ਦੀ ਜਲਦ ਤੋਂ ਜਲਦ ਰਜਿਸਟਰੇਸ਼ਨ ਕੀਤੀ ਜਾਵੇ । ਦੂਜੇ ਸਿਜ਼ੇਰੀਅਨ ਏਐਨਸੀ ਕੇਸਾਂ ਨੂੰ ਲਾਜਮੀ ਤੌਰ ਤੇ ਨਲਬੰਦੀ ਲਈ ਪ੍ਰੇਰਿਤ ਕੀਤਾ ਜਾਵੇ।

ਜਿਲਾ ਪਰਿਵਾਰ ਭਲਾਈ ਅਫਸਰ ਡਾਕਟਰ ਤੇਜਿੰਦਰ ਕੌਰ ਨੇ ਕਿਹਾ ਕਿ ਲੋਕਾਂ ਨੂੰ ਮੁਫ਼ਤ ਵਿੱਚ ਪਰਿਵਾਰ ਨਿਯੋਜਨ ਦੇ ਕੱਚੇ ਅਤੇ ਪੱਕੇ ਸਾਧਨਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ । ਪਰਿਵਾਰ ਨਿਯੋਜਨ ਨਾਲ ਸਬੰਧਤ ਤਰੀਕੇ ਜਿਵੇਂ ਅੰਤਰਾ, ਛਾਇਆ, ਮਾਲਾ ਔਨ, ਪੀ.ਪੀ.ਆਈ.ਯੂ.ਸੀ.ਡੀ. , ਨਲਬੰਦੀ, ਨਸਬੰਦੀ ਆਦਿ ਤਰੀਕੇ ਉਪਲੱਬਧ ਹਨ।

## ਮਸਾਜ ਦੇ ਆੜ ਹੇਠ ਦੇਹ ਵਪਾਰ ਕਰਨ ਵਾਲੇ 5 ਸਪਾ ਸੈਂਟਰਾਂ ਖਿਲਾਫ ਕੀਤਾ ਮਾਮਲਾ ਦਰਜ

**ਜ਼ੀਰਕਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਪੁਲੀਸ ਨੇ ਵੱਡੇ ਪੱਧਰ ’ਤੇ ਛਾਪੇਮਾਰੀ ਕਰ ਕੇ ਸਪਾ ਸੈਂਟਰਾਂ ਵਿਚ ਚੱਲ ਰਹੇ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼ ਕਰ 5 ਸਪਾ ਸੈਂਟਰਾਂ ਦੇ ਮਾਲਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਡੀਐਸਪੀ ਸਬ ਡਵੀਜਨ ਜ਼ੀਰਕਪੁਰ ਜਸਪਿੰਦਰ ਸਿੰਘ ਨੇ ਦੱਸਿਆ ਕਿ ਵੀਆਈਪੀ ਰੋਡ ’ਤੇ ਸਥਿਤ ਚੰਡੀਗੜ੍ਹ ਸਿਟੀ ਸੈਂਟਰ ਵਿੱਚ ਚੱਲ ਰਹੇ 5 ਸਪਾ ਸੈਂਟਰਾਂ ਦੇ ਗ਼ੈਰਕਾਨੂੰਨੀ ਕੰਮਾਂ ਖ਼ਿਲਾਫ਼ ਸਖ਼ਤ ਰੁਖ਼ ਅਖਤਿਆਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਨੇਚਰ ਟਚ ਸਪਾ, ਬੁੱਢਾ ਥਾਈ ਸਪਾ, ਮਾਰੀਆ ਸਪਾ, ਆਰਚਿਡ ਸਪਾ ਅਤੇ ਇਨਫਿਨਿਟੀ ਸਪਾ ਮਸਾਜ ਸੇਵਾਵਾਂ ਦੀ ਪੇਸ਼ਕਸ਼ ਦੀ ਆੜ ਵਿੱਚ ਦੇਹ ਵਪਾਰ ਵਿੱਚ ਸ਼ਾਮਲ ਸ਼ਨ ਜਿਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਇਨ੍ਹਾਂ ਸਪਾ ਸੈਂਟਰਾਂ ’ਤੇ ਹੋ ਰਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬਾਰੇ ਲੋਕਾਂ ਤੋਂ ਕਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ





ਦਿਲਜੀਤ ਸਿੰਘ 'ਬੇਦੀ'
98148-98570

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੌਹੁੰ ਦਿਸ਼ਾਵਾਂ ਦੀ ਯਾਤਰਾ ਕਰ ਕੇ ਸਮੇਂ ਦੇ ਧਰਮੀ ਚਿੰਤਕਾਂ ਨਾਲ ਸੰਵਾਦ ਰਚਾਉਂਦੇ ਹੋਏ ਨਵੀਨਤਮ, ਕ੍ਰਾਂਤੀਕਾਰੀ ਵਿਗਿਆਨਕ ਯੁੱਗ ਦੇ 'ਧਰਮ ਗ੍ਰੰਥ' ਦੇ ਸੰਕਲਨ ਦਾ ਬੀਜ ਬੀਜਿਆ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਦਿ ਸ੍ਰੀ ਗੁਰੂ ਗ੍ਰੰਥ' ਸਾਹਿਬ ਵਜੋਂ ਰੂਪਮਾਨ ਕੀਤਾ, ਜਿਸ ਦਾ ਮਹੱਤਵ ਸਰਬ-ਦੇਸੀ, ਸਰਬ-ਕਾਲੀ ਤੇ ਸਰਬ-ਕਲਿਆਣਕਾਰੀ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲੇ ਗੁਰੂ ਸਾਹਿਬਾਨ ਵੱਲੋਂ ਉਚਾਰੀ ਬਾਣੀ ਤੇ ਸੰਤਾਂ-ਭਗਤਾਂ ਦੀ ਬਾਣੀ ਨੂੰ ਆਦਿ ਗ੍ਰੰਥ ਦੇ ਰੂਪ 'ਚ ਸੰਪਾਦਤ ਕਰਨ ਲਈ ਰਾਮਸਰ ਸਾਹਿਬ ਦਾ ਸਥਾਨ ਚੁਣਿਆ। ਉਨ੍ਹਾਂ ਇਸ ਮਹਾਨ ਕਾਰਜ ਦੀ ਲਿਖਾਈ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਜੀ ਨੂੰ ਸੌਂਪੀ। 1603 'ਚ ਆਰੰਭ ਹੋਇਆ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ 1604 ਈਸਵੀ 'ਚ ਸੰਪੂਰਨ ਹੋਇਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਇਤਿਹਾਸ ਦੀ ਅਹਿਮ ਘਟਨਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਬਾਬਾ ਬੁੱਢਾ ਜੀ ਦੇ ਸੀਸ 'ਤੇ ਸੁਸ਼ੋਭਿਤ ਕਰ ਨਰਸਿੰਘਿਆਂ ਦੀ ਘਨਘੋਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੰਗਤਾਂ ਦੇ ਭਾਰੀ ਇਕੱਠ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਗੁਰੂ ਸਾਹਿਬ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਪਾਵਨ ਗ੍ਰੰਥ ਦਾ ਪ੍ਰਕਾਸ਼ ਕੀਤਾ ਤੇ ਹੁਕਮਨਾਮਾ ਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖਤਾ ਲਈ ਰਾਹ ਦਸੇਰਾ ਹੈ। ਮਨੁੱਖ ਅੰਦਰ ਆਜ਼ਾਦੀ ਤੇ ਜੀਵਨ ਜੁਗਤਿ ਦੀ ਨਵੀਂ ਇਬਾਰਤ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਮਿਲ ਸਕਦੀ ਹੈ। ਸੰਸਾਰੀ ਜੀਵਨ-ਜਾਚ ਨਾਲ ਗ਼ੈਰ ਮਨੁੱਖੀ ਸੰਸਾਰੀਕਰਨ ਨੂੰ ਨੈਤਿਕ ਸੰਤੁਲਨ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅੱਜ ਮਨੁੱਖ ਦਾ ਕਲਿਆਣਦਾਤਾ ਬਣ ਸਕਦੇ ਹਨ। ਇਸ ਵਿਚ ਦਰਜ ਪਾਵਨ ਬਚਨ ਸਰਬ-ਸਾਂਝੀਵਾਲਤਾ ਦਾ ਸੰਚਾਰ ਤੇ ਪ੍ਰਸਾਰ ਕਰਦੇ ਹਨ। ਸਮੂਹ ਧਰਮ ਗ੍ਰੰਥਾਂ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਅਨੁਭਵ ਹੁੰਦਾ ਹੈ ਕਿ ਪ੍ਰਪੱਕ ਤੇ ਨਰੋਏ ਅਸੂਲਾਂ-ਅਮਲਾਂ ਦੇ ਅਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਥਮ ਅਤੀ ਮਹਾਨ ਤੇ ਵਿਲੱਖਣ ਗ੍ਰੰਥ ਹੈ। ਇਹ ਅਸਲੋਂ ਮੌਲਿਕ, ਅਨੂਠਾ, ਨਿਵੇਕਲਾ ਸਿਰਮੌਰ ਤੇ ਰੂਹਾਨੀ ਉੱਚਤਾ ਵਾਲਾ ਗ੍ਰੰਥ ਹੈ। ਅੱਜ ਗਲੋਬਲ ਪੱਧਰ 'ਤੇ ਸੰਜਮ ਵਿਹੂਣੇ ਸੱਭਿਆਚਾਰ ਦਾ ਪਸਾਰਾ ਹੈ, ਮਨੁੱਖਤਾ ਕਈ ਤਰ੍ਹਾਂ ਦੇ ਵਖਰੇਵਿਆਂ ਤੇ ਵੰਡਾਂ 'ਚ ਫਸੀ ਹੋਈ ਹੈ। ਵੱਖਰੇ-ਵੱਖਰੇ ਦੇਸ਼ਾਂ, ਕੌਮਾਂ ਤੇ ਧਾਰਮਿਕ ਵਖਰੇਵਿਆਂ ਵਿਚਕਾਰ ਖੋਹ-ਖਿੰਝ ਤੇ ਨਫ਼ਰਤੀ ਖਿੱਚੋਤਾਣ ਹੈ। ਮਨੁੱਖ ਨੂੰ ਮਨੁੱਖ ਤੋਂ ਖ਼ਤਰਾ ਭਾਸ ਰਿਹਾ ਹੈ। ਨਸਲੀ ਵਿਤਕਰੇਬਾਜ਼ੀ ਅੰਗੜਾਈਆਂ ਲੈ ਰਹੀ ਹੈ। ਇਸ ਸਮੇਂ ਵਿਸ਼ਵਾਸ ਸਹਿਹੋਂਦ, ਸਾਂਝੀਵਾਲਤਾ ਤੇ ਸਵੱਸ਼ ਵਾਤਾਵਰਨ ਵਾਲੇ ਖ਼ੁਸ਼ਹਾਲ, ਬਹੁ-ਧਰੁਵੀ ਸੰਸਾਰ ਸਿਰਜਣ ਦੇ ਸਮਰੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ, ਵਿਗਿਆਨਕ ਤੇ ਵਿਚਾਰਧਾਰਕ ਸੰਭਾਵਨਾਵਾਂ ਅਸੀਂ ਅਜੇ ਤੀਕ ਜਗਤ-ਜਲੰਦੇ ਅੱਗੇ ਸਹੀ ਦਿਸ਼ਾ 'ਚ ਰੱਖ ਨਹੀਂ ਸਕੇ।

ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਸੁਹਿਰਦਤਾ ਤੇ ਸੁਚੇਤਨਾ ਨਾਲ ਗਲੋਬਲ ਪੱਧਰ 'ਤੇ ਵਸ ਰਹੇ ਸਿੱਖ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵਿਸ਼ਵ ਸਾਹਮਣੇ ਪ੍ਰਗਟ ਕਰਕੇ **'ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ'** ਦੇ ਅਧਿਕਾਰੀ ਬਣ ਸਕਦੇ ਹਨ। ਜਦ ਕਦੇ ਵੀ ਸਿੱਖਾਂ ਵਿਚ ਨਿਰਾਸ਼ਤਾ ਪੱਸਰੀ ਤਾਂ ਉਦੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਨੂੰ ਪ੍ਰਚੰਡ ਕਰਨ ਦੇ ਉਦਮ ਕਰਦੀ ਰਹੀ ਹੈ। ਸਿੱਟੇ ਵਜੋਂ ਸਿੱਖਾਂ ਨੇ ਹਰ ਚੁਣੌਤੀ ਨੂੰ ਕਬੂਲਿਆ ਤੇ ਡਟ ਕੇ ਮੁਕਾਬਲਾ ਕੀਤਾ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਪਦੇਸ਼ਾਂ ਸਦਕਾ ਸਿੱਖ ਜਮਾਂਦਰੂ ਹੀ ਸੰਘਰਸ਼ੀ ਹਨ। ਭਾਵੇਂ ਸਰਕਾਰਾਂ ਨੇ ਸਮੇਂ-ਸਮੇਂ ਹੱਥਕੰਡੇ ਵਰਤ ਕੇ ਸਿੱਖਾਂ ਨਾਲ ਘੋਰ ਬੇ-ਇਨਸਾਫ਼ੀਆਂ ਕੀਤੀਆਂ। ਚਾਹੇ ਗੁਰਦੁਆਰੇ ਆਜ਼ਾਦ ਕਰਵਾਉਣ ਦਾ ਮਾਮਲਾ ਸੀ, ਚਾਹੇ ਸਿੱਖਾਂ ਦੀ ਹੋਂਦ ਦਾ ਮਾਮਲਾ ਸੀ, ਘੱਟ-ਗਿਣਤੀ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ, ਸਿੱਖ ਨਸਲਕੁਸ਼ੀ ਦਾ ਮਾਮਲਾ ਸੀ, ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦਾ ਮਾਮਲਾ ਸੀ, ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਨ ਦਾ ਮਾਮਲਾ ਸੀ, ਅਜਿਹੇ ਮੌਕੇ ਵੀ ਕੇਸਰੀ ਨਿਸ਼ਾਨ ਜਾਹੋ-ਜਲਾਲ ਦਾ ਪ੍ਰਗਟਾਅ ਕਰਦਾ ਰਿਹਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ਨਾਲ ਪੰਜਾਬ ਦੀ ਪਾਵਨ ਧਰਤੀ ਉਤੇ ਕੁਦਰਤੀ ਨੂਰ ਦੀ ਵਰਖਾ ਅੰਮ੍ਰਿਤ ਬਾਣੀ ਦੇ ਰੂਪ 'ਚ ਹੋਈ, ਜੋ ਮਨੁੱਖਤਾ ਲਈ ਕੁਦਰਤ ਦੇ ਕਾਦਰ ਵੱਲੋਂ ਇਕ ਅਦੁੱਤੀ ਤੇ ਅਨੂਠਾ ਤੋਹਫ਼ਾ ਹੈ। ਗੁਰੂ ਨਾਨਕ ਜੋਤਿ ਵੱਲੋਂ ਪ੍ਰਗਟ ਹੋਈ ਇਹ ਬਾਣੀ ਪੰਜ ਸਦੀਆਂ ਤੋਂ ਮਨੁੱਖੀ ਸਮਾਜ ਨੂੰ ਧਾਰਨ ਕਰਨਯੋਗ ਅਦਰਸ਼ਕ ਜੀਵਨ ਸ਼ੈਲੀ ਤੇ ਮਨੁੱਖੀ ਜੀਵਨ ਦੇ ਅਸਲ ਅਦਰਸ਼ ਬਾਰੇ ਬੋਧ ਕਰਵਾਉਣ ਦਾ ਹੋਕਾ ਬੁਲੰਦ ਆਵਾਜ਼ ਵਿਚ ਦਿੰਦੀ ਆ ਰਹੀ ਹੈ। ਪੰਜ ਦਰਿਆਵਾਂ ਦੀ ਧਰਤੀ ਤੋਂ ਉੱਠੀ ਇਹ ਅਵਾਜ਼ ਅੱਜ ਵਿਸ਼ਵ ਭਰ ਵਿਚ ਗੂੰਜ ਰਹੀ ਹੈ ਤੇ ਪਦਾਰਥਵਾਦੀ ਰੁਚੀਆਂ ਦੇ ਵਹਿਣ ਵਿਚ ਭਟਕ ਕੇ ਦੁਖਦਾਈ ਜ਼ਿੰਦਗੀ ਬਸਰ ਕਰਨ ਵਾਲਿਆਂ ਦੇ ਹਿਰਦਿਆਂ ਨੂੰ ਧੁਰ ਕੀ ਬਾਣੀ ਅਨੋਖਾ ਰੂਹਾਨੀ ਸਕੂਨ ਪ੍ਰਦਾਨ ਕਰ ਰਹੀ ਹੈ।


ਸ੍ਰੀ ਗੁਰੂ ਗ੍ਰੰਥ ਸਾਹਿਬ ਭਿੰਨ-ਭਿੰਨ ਸਮਿਆਂ, ਸਥਾਨਾਂ, ਪਿਛੋਕੜਾਂ, ਕੌਮਾਂ-ਕਿਤਿਆਂ, ਅਨੁਭਵਾਂ, ਸਿਧਾਂਤਾਂ, ਸਾਧਨਾ, ਭਾਸ਼ਾਵਾਂ ਤੇ ਰੀਤੀ ਰਿਵਾਜਾਂ ਆਦਿ ਦੇ ਜੀਮਪਲ ਮਹਾਪੁਰਖਾਂ ਦੇ ਸਤਿ ਬਚਨਾਂ ਦਾ ਅਜਿਹਾ ਸੰਕਲਨ ਤੇ ਸੁਮਿਲਨ ਹੈ, ਜਿਸ ਵਿਚ ਗੁਰਬਾਣੀ ਨੂੰ 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ' ਅਤੇ 'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ' ਅਨੁਸਾਰ ਗੁਰੂ ਦਾ ਦਰਜਾ ਪ੍ਰਾਪਤ ਹੈ। ਇਸ ਗ੍ਰੰਥ ਵਿਚਲੀ ਪਾਵਨ ਗੁਰਬਾਣੀ ਦਾ ਸੰਦੇਸ਼ ਮਨੁੱਖ ਮਾਤਰ ਲਈ ਬਿਨਾਂ ਕਿਸੇ ਜਾਤਪਾਤ, ਰੰਗ, ਨਸਲ, ਧਰਮ ਦੇ ਵਿਤਕਰੇ ਦੇ ਕਲਿਆਣਕਾਰੀ ਹੈ। ਗੁਰਬਾਣੀ ਵਿਚ ਵਿਸ਼ਵ ਦਾ ਸਰਬ ਸਾਂਝਾ ਰੱਬੀ ਵਿਰਸਾ ਹੈ। ਵੈਸੇ ਤਾਂ ਹਰ ਇਕ ਧਰਮ ਨੇ ਸ਼ਬਦ ਨੂੰ ਮਹੱਤਵ ਦਿੱਤਾ ਹੈ ਪਰ ਸ਼ਬਦ ਨੂੰ ਗੁਰੂ ਦਾ ਅਸਥਾਨ ਅਤੇ ਸਨਮਾਨ ਕੇਵਲ ਸਿੱਖ ਧਰਮ ਨੇ ਹੀ ਦਿੱਤਾ ਹੈ। ਇਹ ਬਾਣੀ ਜੀਵਨ ਆਧਾਰ ਹੈ। ਇਸ ਨੂੰ ਪੜ੍ਹਿਆਂ, ਸੁਣਿਆਂ, ਮੰਨਿਆਂ, ਧਿਆਇਆਂ ਅਤੇ ਮਨ ਵਿਚ ਵਸਾਇਆਂ ਸਰਬ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੋਥੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦੇ ਕੇ ਪਾਵਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸੁਸ਼ੋਭਿਤ ਕਰਨਾ ਅਦੁੱਤੀ ਤੇ ਮਹਾਨ ਕਾਰਜ ਸੀ। ਦਸਾਂ ਜੋਤਾਂ ਵਿਚ ਜੋ ਚਮਤਕਾਰੀ ਕਲਾ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਵਰਤਾਈ ਗਈ ਸੀ ਉਸ ਦਾ ਸਿਖ਼ਰ ਸੀ-ਖ਼ਾਲਸਾ ਪੰਥ ਦੀ ਸਿਰਜਨਾ, ਜੋ 1699 ਈਸਵੀ ਦੀ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪ੍ਰਵਾਨ ਚੜ੍ਹੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਾਵਨ ਧਰਤੀ 'ਤੇ ਬਿਰਾਜਮਾਨ ਹੋ 1706 ਈਸਵੀ ਵਿਚ ਭਾਈ ਮਨੀ ਸਿੰਘ ਜੀ ਪਾਸੋਂ ਲਿਖਾਰੀ ਵਜੋਂ ਸੇਵਾਵਾਂ ਲੈ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸ਼ਾਮਲ ਕਰ ਕੇ ਸੰਪੂਰਨਤਾ ਪ੍ਰਦਾਨ ਕੀਤੀ ਤੇ 1708 ਈਸਵੀ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਗੁਰੂ ਦੀ ਪਦਵੀ ਨਾਲ ਨਿਵਾਜਿਆ।

ਸਿੱਖ ਧਾਰਮਿਕ ਸੱਭਿਆਚਾਰ ਨਾਲ ਸਬੰਧਤ ਸ਼ਤਾਬਦੀਆਂ, ਖ਼ਾਲਸਾਈ ਮਾਰਚ, ਨਗਰ ਕੀਰਤਨ, ਕੌਮ ਅੰਦਰ ਨਵੀਂ ਰੂਹ ਫੂਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸਿੱਖੀ ਰੰਗ 'ਚ ਰੰਗੇ ਰੱਬੀ ਬਾਣੀ ਦਾ ਜਾਪ ਕਰਦੇ ਮਾਰਚ ਵੀ ਨੌਜਵਾਨੀ ਅੰਦਰ ਇਕ ਨਵਾਂ ਜੋਸ਼ ਤੇ ਹੁਲਾਸ ਪੈਦਾ ਕਰਦੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇੱਕਵੀਂ ਸਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਾ 400 ਸਾਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ ਦਾ 300 ਸਾਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾ ਦਿਵਸ ਦਾ 300 ਸਾਲਾ ਸ਼ਤਾਬਦੀਆਂ ਵਜੋਂ ਮਨਾਏ ਗਏ ਹਨ। ਅਜਿਹੇ ਦਿਵਸ ਮਨਾਉਣ ਨਾਲ ਕੌਮ ਵਿਚ ਨਵਾਂ ਉਤਸ਼ਾਹ ਤੇ ਹੁਲਾਸ ਪੈਦਾ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸਿੱਖ ਸੰਗਤਾਂ ਵੱਲੋਂ ਹਰ ਸਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਸਾਲ 10 ਸਤੰਬਰ ਨੂੰ ਖ਼ਾਲਸਾਈ ਪ੍ਰੰਪਰਾ ਅਨੁਸਾਰ ਗੁਰਦੁਆਰਾ ਰਾਮਸਰ ਸਾਹਿਬ ਤੋਂ ਇਕ ਸੁੰਦਰ ਨਗਰ ਕੀਰਤਨ ਆਰੰਭ ਹੋਵੇਗਾ, ਜਿਸ ਦੀ ਸਮਾਪਤੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਵੇਗੀ। ਇਸ ਦਿਨ ਵਿਸ਼ੇਸ ਗੁਰਮਤਿ ਸਮਾਗਮ ਹੋਣਗੇ, ਜਿਸ ਵਿਚ ਕੌਮ ਦੇ ਮਹਾਨ ਰਾਗੀ, ਢਾਡੀ ਤੇ ਕਥਾਵਾਚਕ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਣਗੇ। ਇਸ ਮੌਕੇ ਵਿਸ਼ੇਸ ਦੀਪਮਾਲਾ ਤੇ ਆਤਿਸ਼ਬਾਜ਼ੀ ਵੀ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਾਰ ਮਹਿਮਾ ਹੈ ਕਿ ਵੱਡੀ ਪੱਧਰ 'ਤੇ ਸੰਗਤਾਂ ਇਨ੍ਹਾਂ ਸਮਾਗਮਾਂ 'ਚ ਸ਼ਾਮਲ ਹੋ ਕੇ ਸਤਿਕਾਰ ਭੇਟ ਕਰਦੀਆਂ ਹਨ।

# ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ

ਧਰਮਿੰਦਰ ਸਿੰਘ ਚੱਬਾ



ਜ਼ਕਰੀਆ ਖ਼ਾਨ ਨੂੰ ਨਾਦਰਸ਼ਾਹ ਨੇ ਕਿਹਾ ਸੀ ਕਿ 'ਸਿੱਖਾਂ ਕੋਲੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ, ਐਸੀ ਕੌਮ ਨੂੰ ਜਿੱਤਣਾ ਮੁਸ਼ਕਿਲ ਹੈ, ਜਿਸ ਨੂੰ ਅੱਲ੍ਹਾ ਦੀ ਟੇਕ ਹੈ' ਜ਼ਕਰੀਆ ਖ਼ਾਨ ਦੇ ਦਿਮਾਗ਼ 'ਚ ਇਹ ਸ਼ਬਦ ਹਥੌੜੇ ਵਾਂਗ ਵਾਰ ਕਰ ਰਹੇ ਸਨ। ਉਹ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਬਾਰੇ ਸੋਚਦਾ ਰਹਿੰਦਾ। ਜ਼ਕਰੀਆ ਖ਼ਾਨ ਨੂੰ ਇਹ ਡਰ ਸਤਾ ਰਿਹਾ ਸੀ ਕਿ ਜੇ ਉਸ ਦੇ ਰਾਜ ਨੂੰ ਕੋਈ ਖ਼ਤਰਾ ਹੈ ਤਾਂ ਉਹ ਸਿੱਖਾਂ ਕੋਲੋਂ ਹੈ। ਜ਼ਕਰੀਆ ਖ਼ਾਨ ਨੇ ਆਪਣੇ ਚੌਧਰੀਆਂ, ਸੂਬੇਦਾਰਾਂ ਤੇ ਫ਼ੌਜਦਾਰਾਂ ਨੂੰ ਸੁਨੇਹੇ ਭੇਜੇ ਕਿ ਸਿੱਖਾਂ ਨੂੰ ਹਰ ਹਾਲਤ 'ਚ ਖ਼ਤਮ ਕਰ ਦਿਉ। ਤਹਿਮਸ ਤਸਕੀਨ ਲਿਖਦਾ ਹੈ ਕਿ 'ਸਿੱਖਾਂ ਦੇ ਸਿਰਾਂ ਦੇ ਮੁੱਲ ਵਧਾ ਦਿੱਤੇ ਗਏ, ਜੋ 40 ਰੁਪਏ ਤੋਂ 80 ਰੁਪਏ ਤਕ ਜਾ ਪੁੱਜੇ। ਜ਼ਕਰੀਆ ਖ਼ਾਨ ਨੇ ਇਹ ਫ਼ੁਰਮਾਨ ਵੀ ਜਾਰੀ ਕਰ ਦਿੱਤਾ ਕਿ ਸਿੱਖਾਂ ਕੋਲੋਂ ਲੁੱਟਿਆ ਹੋਇਆ ਮਾਲ ਲੁੱਟਣ ਵਾਲੇ ਦਾ ਹੀ ਹੋਵੇਗਾ। ਸਿੱਖਾਂ ਨੂੰ ਦੂਰ-ਦੁਰਾਡੇ ਜਾ ਕੇ ਲੁਕਣਾ ਪਿਆ। ਪ੍ਰਾਚੀਨ ਪੰਥ ਪ੍ਰਕਾਸ਼ ਇਸ ਗੱਲ ਦੀ ਗਵਾਹੀ ਭਰਦਾ ਹੈ :

**ਜੋ ਸਿੰਘਨ ਕੋ ਦਸੈ ਗ੍ਰਾਮ।**
**ਤਾਕੋ ਦੇਵੈ ਬਹੁਤ ਇਨਾਮ।**
**ਸਿੰਘਨ ਖ਼ੂਨ ਮਾਫ਼ ਹਮ ਕੀਨੇ।**
**ਜਿਤ ਲਭੈ ਤਿਤ ਮਾਰਹੁ ਚੀਨੈ।**
**ਲੂਟ ਕੂਟ ਉਸ ਮਾਫ਼ ਹਮ ਕਰੀ।**
**ਹਮਰੀ ਲਿਖਤ ਏ ਜਾਨੋ ਖਰੀ।**

ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਫ਼ੁਰਮਾਨ ਜਾਰੀ ਕੀਤਾ ਗਿਆ। ਅੰਮ੍ਰਿਤਸਰ ਜ਼ਿਲ੍ਹੇ ਦੇ ਮੰਡਿਆਲੇ ਪਿੰਡ ਦੇ ਚੌਧਰੀ ਮਸਾਲ-ਉਲ-ਦੀਨ (ਮੱਸਾ ਰੰਗੜ) ਨੂੰ ਹੁਕਮ ਦਿੱਤਾ ਗਿਆ ਕਿ ਸਿੱਖਾਂ ਦੇ ਹਰਮਿੰਦਰ ਦੀ ਉਹ ਰੱਜ ਕੇ ਬੇਅਦਬੀ ਕਰੇ। ਉਸ ਨੇ ਹਰਿਮੰਦਰ ਸਾਹਿਬ ਅੰਦਰ ਸ਼ਰਾਬ ਤੇ ਹੁੱਕੇ ਦੇ ਦੌਰ ਚਲਾ ਦਿੱਤੇ। ਦਰਬਾਰ ਸਾਹਿਬ ਵਿਚ ਵੇਸਵਾਵਾਂ ਦੇ ਨਾਚ ਕਰਵਾਉਣੇ ਸ਼ੁਰੂ ਕਰ ਦਿੱਤੇ। ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ ਗੁਰਦੁਆਰੇ ਸਿੱਖੀ ਦਾ ਸੋਮਾ ਹਨ। ਹਰਿਮੰਦਰ ਸਾਹਿਬ ਸੋਮਿਆਂ ਦਾ ਸੋਮਾ ਹੈ। ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਇਸ ਸੋਮੇ ਨੂੰ ਬੰਦ ਕਰਨ ਦੀਆਂ ਵਿਉਂਤਾਂ ਹੋਣ ਲੱਗੀਆਂ ਸਨ। ਸੁਲਹੀ ਖ਼ਾਨ, ਸੁਲਭੀ ਖ਼ਾਨ, ਬੀਰਬਲ ਤੇ ਫਿਰ ਆਪ ਜਹਾਂਗੀਰ ਨੇ ਵੀ ਯਤਨ ਕੀਤੇ। ਜ਼ਕਰੀਆ ਖ਼ਾਨ ਨੇ ਇਸ ਸੋਮੇ ਨੂੰ ਬੰਦ ਕਰਨ ਦੀ ਠਾਣ ਲਈ ਸੀ। ਉਸ ਨੇ ਕਈ ਹੁਕਮ ਚਾੜ੍ਹੇ। ਭਾਈ ਰਤਨ ਸਿੰਘ ਭੰਗੂ, ਜਿਨ੍ਹਾਂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਰਗੀ ਮਹਾਨ ਪੁਸਤਕ ਲਿਖੀ, ਉਹ ਭਾਈ ਮਹਿਤਾਬ ਸਿੰਘ ਜੀ ਦੇ ਪੋਤਰੇ ਸਨ।

ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਜ਼ਕਰੀਆ ਖ਼ਾਨ ਨੇ ਹੁਕਮ ਚਾੜ੍ਹ ਦਿੱਤਾ ਕਿ ਦਰਬਾਰ ਸਾਹਿਬ ਦੇ ਸਰੋਵਰ ਨੂੰ ਪੂਰ ਦਿੱਤਾ ਜਾਵੇ। ਸਿੱਖਾਂ ਨੂੰ ਲੱਭ-ਲੱਭ ਕੇ ਸ਼ਹੀਦ ਕੀਤਾ ਜਾਣ ਲੱਗਾ। ਇਸ ਬੇਅਦਬੀ ਦੀ ਖ਼ਬਰ ਭਾਈ ਬੁਲਾਕਾ ਸਿੰਘ ਨਾਂ ਦੇ ਇਕ ਸਿੰਘ ਨੇ ਜੈਪੁਰ ਪਹੁੰਚ ਕੇ ਜਥੇਦਾਰ ਬੁੱਢਾ ਸਿੰਘ ਦੇ ਜਥੇ ਕੋਲ ਪਹੁੰਚਾਈ। (ਕਈ ਵਿਦਵਾਨਾਂ ਨੇ ਜੈਪੁਰ ਲਿਖਿਆ ਹੈ ਤੇ ਕਈਆਂ ਨੇ ਬੀਕਾਨੇਰ) ਪੰਜਾਬ ਤੋਂ ਆਇਆ ਜਾਣ ਕੇ ਭਾਈ ਮਹਿਤਾਬ ਸਿੰਘ ਨੇ ਹਰਿਮੰਦਰ ਸਾਹਿਬ ਬਾਰੇ ਪੁੱਛਿਆ ਤਾਂ ਭਾਈ ਬੁਲਾਕਾ ਸਿੰਘ ਦੀਆਂ ਅੱਖਾਂ ਭਰ ਆਈਆਂ ਪਰ ਫਿਰ ਜਿਗਰਾ ਕਰ ਕੇ ਹਰਿਮੰਦਰ ਸਾਹਿਬ ਦਾ ਸਾਰਾ ਹਾਲ ਸੁਣਾਇਆ ਕਿ ਹਰਿਮੰਦਰ ਸਾਹਿਬ ਵਿਚ ਮੱਸਾ ਰੰਗੜ ਪਲੰਘ ਉੱਪਰ ਬੈਠ ਕੇ, ਜੁੱਤੀਆਂ, ਹੁੱਕਿਆਂ ਸਮੇਤ ਮਜਲਸ ਲਗਾ ਕੇ ਵੇਸਵਾਵਾਂ ਦੇ ਨਾਚ ਵੇਖਦਾ ਹੈ, ਜਿਹੜੇ ਕੰਮ ਨਹੀ ਕਰਨੇ, ਸੋ ਕਰਦਾ ਹੈ। ਇਹ ਸੁਣਦੇ ਸਾਰ ਭਾਈ ਮਹਿਤਾਬ ਸਿੰਘ ਭੰਗੂ ਬੋਲਿਆ, 'ਤੂੰ ਉਸ ਦਾ ਸਿਰ ਕਿਉਂ ਨਾ ਵੱਢ ਲਿਆਇਆ? ਦਰਬਾਰ ਦੀ ਏਡੀ ਵੱਡੀ ਬੇਅਦਬੀ ਦੇਖ ਕੇ ਤੂੰ ਜਿਉਂਦਾ ਕਿਵੇਂ ਚਲਿਆ ਆਇਆ?'

ਭਾਈ ਬੁਲਾਕਾ ਸਿੰਘ ਨੇ ਆਖਿਆ ਕਿ ਜਿਵੇਂ ਤੁਸੀ ਇਥੇ ਆ ਗਏ ਹੋ ਉੱਥੋਂ ਹੋਰ ਸਿੰਘ ਵੀ ਤੇ ਮੈਂ ਵੀ ਭੱਜ ਗਏ ਸੀ।' ਜਥੇਦਾਰ ਬੁੱਢਾ ਸਿੰਘ ਨੇ ਤਲਵਾਰ ਸਭਾ ਵਿਚ ਰੱਖ ਦਿੱਤੀ ਤੇ ਆਖਿਆ ਕਿ 'ਹੈ ਕੋਈ ਐਸਾ ਸਿੰਘ, ਜੋ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਵੇ?' ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਉੱਠੇ, ਤਲਵਾਰਾਂ ਚੁੱਕ ਕੇ ਜੈਕਾਰੇ ਗਜਾਏ। ਦੋਵੇਂ ਸਿੰਘ ਸ਼ਸਤਰਾਂ ਨਾਲ ਲੈਸ ਹੋ ਕੇ ਅਰਦਾਸਾ ਸੋਧ ਕੇ ਜਥੇਦਾਰ ਕੋਲੋਂ ਆਗਿਆ ਲੈ ਕੇ ਪਾਪੀ ਦਾ ਅੰਤ ਕਰਨ ਲਈ ਤੁਰ ਪਏ। ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਨੇ ਵਿਉਂਤ ਬਣਾਈ ਤੇ ਠੀਕਰੀਆਂ ਦੀਆਂ ਦੋ ਵੱਡੀਆਂ ਥੈਲੀਆਂ ਭਰ ਲਈਆਂ। ਮੂੰਹ ਕੱਪੜੇ ਨਾਲ ਢਕ ਲਏ ਤਾਂ ਕਿ ਇੰਜ ਲੱਗੇ ਕਿ ਕਿਸਾਨ ਮਾਮਲਾ ਤਾਰਨ ਆਏ ਹਨ। ਘੋੜੇ ਭਜਾਉਂਦੇ ਹੋਏ ਉਹ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਪੁੱਜੇ। ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਅਰਦਾਸ ਕੀਤੀ, 'ਹੇ ਸੱਚੇ ਪਾਤਸ਼ਾਹ, ਨਿਮਾਣਿਆਂ ਦੀ ਲਾਜ ਰੱਖਣੀ ਤੇ ਹਿੰਮਤ ਬਖ਼ਸ਼ਣੀ ਕਿ ਪਾਪੀ ਮੱਸੇ ਰੰਗੜ ਦਾ ਸਿਰ ਵੱਢ ਕੇ ਜੈਪੁਰ ਵਾਪਸ ਜਾ ਸਕੀਏ।' ਭਾਈ ਰਤਨ ਸਿੰਘ ਭੰਗੂ ਲਿਖਦੇ ਹਨ :

**ਕ੍ਰਿਪਾ ਕਰੋ, ਕੋਈ ਸਤਿਗੁਰੂ!**
**ਬਾਤ ਬਨਾਉ।**
**ਜਾਇ ਮਸੇ ਕੋ ਸਿਰ ਕਟੇ,**
**ਨਹਿ ਰਸਤੇ ਹੁਇ ਅਟਕਾਉ।**

ਘੋੜਿਆਂ ਤੋਂ ਉਤਰ ਕੇ ਲਾਚੀ ਬੇਰ ਨਾਲ ਬੰਨ੍ਹ ਦਿੱਤੇ ਤੇ ਮੂੰਹ ਢਕ ਕੇ ਦਰਸ਼ਨੀ ਡਿਓਢੀ ਕੋਲ ਨੇਜ਼ੇ ਰੱਖ ਕੇ ਦਰਬਾਰ ਵਿਚ ਜਾ ਦਾਖ਼ਲ ਹੋਏ। ਅੰਦਰ ਦਾ ਹਾਲ ਦੇਖ ਕੇ ਸਿੰਘ ਰੋਹ 'ਚ ਆ ਗਏ ਪਰ ਚੁੱਪ ਰਹੇ। ਮੱਸੇ ਰੰਗੜ ਨੂੰ ਕਿਹਾ ਕਿ 'ਮਾਮਲਾ ਲੈ ਕੇ ਆਏ ਹਾਂ, ਕਿੱਥੇ ਰੱਖੀਏ?' ਮੱਸਾ ਰੰਗੜ ਧੌਣ ਨੀਵੀਂ ਕਰ ਕੇ ਦੱਸਣ ਲੱਗਾ ਕਿ ਪਲੰਘ ਥੱਲੇ ਰੱਖ ਦਿਉ ਤਾਂ ਭਾਈ ਮਹਿਤਾਬ ਸਿੰਘ ਨੇ ਅੱਖ ਝਪਕਣ ਜਿੰਨੀ ਦੇਰੀ 'ਚ ਤਲਵਾਰ ਨਾਲ ਮੱਸੇ ਦਾ ਸਿਰ ਧੜ੍ਹ ਤੋਂ ਅਲੱਗ ਕਰ ਦਿੱਤਾ ਜਿਵੇਂ ਘੁਮਿਆਰ ਚੱਕ ਤੋਂ ਭਾਂਡਾ ਉਤਾਰ ਕੇ ਪਾਸੇ ਰੱਖ ਦਿੰਦਾ ਹੈ ਜਾਂ ਵੇਲ ਨਾਲੋਂ ਖਿੱਚ ਕੇ ਕੱਦੂ ਉਤਾਰ ਲਈਦਾ ਹੈ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ :

**ਝੁਕ ਕਰ ਝਾਤ ਜਬ ਮਸੈ ਪਾਈ,**
**ਥੈਲੀ ਦਿਸ ਤਬਹੀ ਮਤਾਬ ਸਿੰਘ**
**ਵਖਤ ਵਿਚਾਰਯੋ।**
**ਖੈਂਚ ਤਲਵਾਰ ਮਾਰ ਮਸੈ ਕਾ**
**ਉਤਾਰ ਸਿਰ ਡਾਰਯੋ,**
**ਘੁਮਯਾਰ ਜਿਮ ਬਧਨਾ ਉਤਾਰਯੋ।**
**ਮਸੈ ਕੋ ਇਸ ਸੀਸ ਉਤਾਰਯੋ,**
**ਜਨ ਕਰ ਬੇਲੋਂ ਕਦੂਆ ਟਾਰਯੋ।**

ਨੇਜ਼ੇ ਤੇ ਸਿਰ ਟੰਗ ਕੇ ਦੋਵੇਂ ਸਿੰਘ ਉਹ ਗਏ, ਉਹ ਗਏ। ਵਾਟ ਕਰਕੇ ਜੈਪੁਰ ਪੁੱਜੇ ਤੇ ਜਥੇਦਾਰ ਮੂਹਰੇ ਪਾਪੀ ਦਾ ਕੱਟਿਆ ਹੋਇਆ ਸਿਰ ਰੱਖ ਦਿੱਤਾ। ਸਿੰਘਾਂ ਨੇ ਜੈਕਾਰੇ ਗਜਾਏ। ਇਸ ਗੱਲ ਦਾ ਪਤਾ ਜਦ ਜ਼ਕਰੀਆ ਖ਼ਾਨ ਨੂੰ ਲੱਗਾ ਤਾਂ ਉਸ ਨੇ ਹੁਕਮ ਚਾੜ੍ਹ ਦਿੱਤੇ ਕਿ ਇਹ ਦੋਵੇਂ ਜ਼ਿੰਦਾ ਜਾਂ ਮੁਰਦਾ ਮੇਰੇ ਸਾਹਮਣੇ ਪੇਸ਼ ਕਰੋ। ਹਰਿਭਗਤ ਜੰਡਿਆਲੇ ਵਾਲੇ ਨੇ ਭਾਈ ਮਹਿਤਾਬ ਸਿੰਘ ਦੇ ਮੀਰਾਂਕੋਟ ਜਾ ਘਰ ਨੂੰ ਘੇਰਾ ਪਾ ਲਿਆ। ਭਾਈ ਸਾਹਬ ਦਾ ਬੇਟਾ ਜੋ ਅਜੇ ਛੋਟਾ ਸੀ, ਜਾਣ ਲੱਗਿਆਂ ਭਾਈ ਸਾਹਬ ਨੱਥੇ ਨੰਬਰਦਾਰ ਨੂੰ ਉਸ ਦੀ ਬਾਂਹ ਫੜਾ ਗਏ ਸਨ, ਕਿ ਇਸ ਦਾ ਖ਼ਿਆਲ ਰੱਖਣਾ। ਨੱਥੇ ਨੰਬਰਦਾਰ ਨੇ ਬੋਲ ਪਗਾਉਣ ਖ਼ਾਤਿਰ ਘਰ ਦੇ ਪਿਛਲੇ ਦਰਵਾਜ਼ੇ ਰਾਹੀਂ ਉਸ ਬੱਚੇ ਸਮੇਤ ਪੰਜ ਜਣੇ ਭੱਜ ਨਿਕਲੇ ਪਰ ਫ਼ੌਜਾਂ ਪਿੱਛਾ ਕਰਦੀਆਂ ਮਗਰ ਲੱਗ ਤੁਰੀਆਂ। ਥੋੜ੍ਹੀ ਦੂਰ ਜਾ ਕੇ ਲੜਾਈ ਸ਼ੁਰੂ ਹੋ ਗਈ। ਭਾਈ ਸਾਹਬ ਦਾ ਛੋਟਾ ਬੱਚਾ ਭਾਈ ਰਾਇ ਸਿੰਘ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਿਆ। ਨੱਥਾ ਨੰਬਰਦਾਰ ਤੇ ਸਾਥੀ ਲੜਦੇ ਹੋਏ ਸ਼ਹੀਦ ਹੋ ਗਏ। ਇਨ੍ਹਾਂ ਸਾਰਿਆਂ ਨੂੰ ਮਰਿਆ ਸਮਝ ਕੇ ਉੱਥੇ ਛੱਡ ਕੇ ਫ਼ੌਜ ਚਲੀ ਗਈ। ਉਸ ਬੱਚੇ ਨੂੰ ਇਕ ਮਾਈ ਆਪਣੇ ਘਰ ਲੈ ਗਈ, ਇਲਾਜ ਕੀਤਾ ਤੇ ਉਹ ਬੱਚਾ ਠੀਕ ਹੋ ਗਿਆ। ਉਹ ਬੱਚਾ ਰਤਨ ਸਿੰਘ ਭੰਗੂ ਦਾ ਪਿਤਾ ਰਾਇ ਸਿੰਘ ਸੀ। ਭਾਈ ਮਹਿਤਾਬ ਸਿੰਘ ਜੀ ਦੀ ਸ਼ਹੀਦੀ ਬਾਰੇ ਗਿਆਨੀ ਗਿਆਨ ਸਿੰਘ 'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਲਿਖਦੇ ਹਨ ਕਿ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ, ਜਿਸ ਨੇ ਮੱਸੇ ਰੰਗੜ ਨੂੰ ਮਾਰਿਆ ਸੀ, ਜੰਡਿਆਲੇ ਵਾਲੇ ਚੁਗਲਾਂ ਦਾ ਫੜਾਇਆ ਹੋਇਆ ਜਦ ਨਾਜ਼ਮ ਦੇ ਸਾਹਮਣੇ ਆਇਆ ਤਾਂ ਸਿੰਘ ਨੇ ਗੱਜ ਕੇ ਫ਼ਤਹਿ ਬੁਲਾਈ, ਜਿਸ 'ਤੇ ਹਾਕਮ ਨੇ ਬਹੁਤ ਬੁਰਾ ਮੰਨਿਆ ਤੇ ਸੂਲੀ ਚਾੜ੍ਹ ਦਿੱਤਾ।

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਸੰਮਤ 1802 ਵਿਚ ਲਾਹੌਰ ਦੇ ਹਾਕਮ ਨੇ ਇਸ ਸੂਰਮੇ ਨੂੰ ਚਰੱਖੜੀ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਸੀ। ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਜ਼ਾਲਮ ਹਕੂਮਤ ਨਾਲ ਜੂਝਦੇ ਹੋਏ ਸੰਮਤ 1810 ਵਿਚ ਦੁਰਾਨੀਆਂ ਦੀ ਫ਼ੌਜ ਨਾਲ ਲੜ੍ਹ ਕੇ ਰਾਵੀ ਦੇ ਕਿਨਾਰੇ ਲਾਹੌਰ ਪਾਸ ਸ਼ਹੀਦ ਹੋ ਗਏ ਸਨ।

ਭਾਈ ਮਹਿਤਾਬ ਸਿੰਘ ਮੀਰਾਂਕੋਟੀਆ, ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਤੇ ਨੰਬਰਦਾਰ ਨੱਥਾ ਖਹਿਰਾ ਆਦਿ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਸ਼ਹੀਦੀ ਜੋੜ ਮੇਲਾ ਇਨ੍ਹਾਂ ਸ਼ਹੀਦ ਸਿੰਘਾਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਸੰਤਾਂ ਮਹਾਂਪੁਰਸ਼ਾਂ ਤੇ ਇਲਾਕੇ ਦੀ ਸੰਗਤ ਵੱਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਵੀ 6 ਸਤੰਬਰ ਤੋਂ ਦੋ ਰੋਜ਼ਾ ਸਾਲਾਨਾ ਸ਼ਹੀਦੀ ਜੋੜ ਮੇਲਾ ਮਨਾਇਆ ਜਾ ਰਿਹਾ ਹੈ। ਇਸ ਮੌਕੇ ਧਾਰਮਿਕ ਦੀਵਾਨ ਵੀ ਸਜਾਏ ਜਾਣਗੇ।

# ਗੁਰਮਤਿ ਸੰਗੀਤ ਸ਼ੈਲੀ ਨੂੰ ਖੋਰਾ ਕਿਉਂ ਲੱਗਾ?

**ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਸ਼ੈਲੀ ਮਹਾਨ ਰਬਾਬੀ ਕੀਰਤਨੀਏ ਭਾਈ ਮਰਦਾਨਾ ਜੀ ਦੀ ਝੋਲੀ ਵਿਚ ਪਾਈ। ਇਸ ਨਿਵੇਕਲੀ ਤੇ ਅਦੁੱਤੀ ਪਰੰਪਰਾ ਨੂੰ ਰਬਾਬੀ ਖ਼ਾਨਦਾਨਾਂ ਨੇ ਸ਼ਿੱਦਤ ਨਾਲ ਅੱਗੇ ਤੋਰਿਆ....**





ਭਾਈ ਨਿਰਮਲ ਸਿੰਘ ਖ਼ਾਲਸਾ (ਪਦਮਸ਼੍ਰੀ)
98159-92135

ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਿੱਖ ਕੌਮ ਦਾ ਉਹ ਮੁਕੱਦਸ ਕੇਂਦਰੀ ਅਸਥਾਨ ਹੈ ਜਿੱਥੋਂ ਹਰ ਵਕਤ ਸਾਂਝੀਵਾਲਤਾ, ਹੱਕ-ਸੱਚ, ਇਨਸਾਫ਼ ਤੇ ਪਿਆਰ-ਮੁਹੱਬਤ 'ਚ ਲਬਰੇਜ਼ ਤਮਾਮ ਲੋਕਾਈ ਲਈ ਸਦਾਅ ਆਉਂਦੀ ਹੈ। ਇਹ ਇਸ ਧਰਤੀ ਉੱਤੇ ਇੱਕੋ-ਇਕ ਅਜਿਹਾ ਆਬੇ-ਹਯਾਤੀ ਸਰ-ਚਸ਼ਮਾ ਹੈ, ਜਿੱਥੋਂ ਰੂਹਾਨੀਅਤ ਭਰਪੂਰ 'ਕੀਰਤਨ ਨਿਰਮਲੋਕ ਹੀਰਾ' ਦੀਆਂ ਸੁਰ-ਲੈਆਂ ਤਾਲ ਵਿਚ ਭਿੱਜੀਆਂ ਹੋਈਆਂ ਖ਼ੁਦਾਈ ਤਰੰਗਾਂ ਬ੍ਰਹਿਮੰਡ ਵਿਚ ਪਰਵਰਦਿਗਾਰ ਦੀ ਪਾਕਿ ਬਾਰਗਾਹ (ਪਵਿੱਤਰ ਦਰਵਾਜ਼ੇ) ਨਾਲ ਟਕਰਾਉਂਦੀਆਂ ਹੋਈਆਂ ਵਿਸਮਾਦੀ ਹੋ ਜਾਂਦੀਆਂ ਹਨ।

ਪੰਜ ਸਦੀਆਂ ਪਹਿਲਾਂ ਜ਼ਾਹਿਰ ਪੀਰ ਜਗਤ ਗੁਰ ਬਾਬਾ ਨਾਨਕ ਦੇਵ ਜੀ ਨੇ ਆਪਣੀ ਦੇਖ-ਰੇਖ ਵਿਚ ਗੁਰਮਤਿ ਸੰਗੀਤ ਸ਼ੈਲੀ ਈਜ਼ਾਦ ਕੀਤੀ ਤੇ ਬਕਾਇਦਾ ਤੌਰ 'ਤੇ ਇਸ ਰੂਹਾਨੀ ਕੀਰਤਨ ਸ਼ੈਲੀ ਦਾ ਆਗਾਜ਼ ਸੁਲਤਾਨਪੁਰ ਲੋਧੀ (ਪੰਜਾਬ) ਦੀ ਧਰਤੀ ਤੋਂ ਕੀਤਾ ਸੀ। ਗੁਰੂ ਬਾਬਾ ਨਾਨਕ ਦੇਵ ਜੀ ਦੇ ਬਚਪਨ ਦੇ ਸਾਥੀ ਭਾਈ ਮਰਦਾਨਾ ਜੀ ਨੇ ਇਸ ਰੰਗ ਰੱਤੜੀ ਗੁਰਮਤਿ ਸ਼ੈਲੀ ਨਾਲ ਰਬਾਬ ਉੱਤੇ ਸੰਗਤ ਕੀਤੀ ਸੀ। ਬੇਸ਼ੱਕ ਹਿੰਦੁਸਤਾਨ ਵਿਚ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਪਰੰਪਰਾ ਪਹਿਲਾਂ ਹੀ ਮੌਜੂਦ ਸੀ ਪਰ ਰੂਹਾਨੀ ਰੰਗ ਦੀ ਜਿਹੜੀ ਗੂੜ੍ਹੀ ਚਾਸ਼ਨੀ ਹਿੰਦੁਸਤਾਨੀ ਸੰਗੀਤ ਉੱਪਰ ਗੁਰੂ ਸਾਹਿਬ ਨੇ ਚਾੜ੍ਹੀ, ਉਹ ਇਕ ਅਦੁੱਤੀ, ਸਦੀਵੀ, ਅਦਭੁੱਤ ਤੇ ਮਜੀਠੜੀ ਸੀ। ਸ਼ਾਸਤਰੀ ਸੰਗੀਤ ਨੂੰ ਭਾਵੇਂ ਪਹਿਲਾਂ ਵੀ ਭਗਤੀ ਰਸ ਵਿਚ ਗਾਇਣ ਕੀਤਾ ਜਾਂਦਾ ਸੀ ਪਰ ਉਸ ਸ਼ੈਲੀ ਵਿਚ ਰਾਗ ਪ੍ਰਧਾਨ ਸੀ ਨਾ ਕਿ ਸ਼ਬਦ ਦੀ ਪ੍ਰਧਾਨਤਾ ਸੀ। ਉਂਜ ਵੀ ਵਕਤ ਪਾ ਕੇ ਹਿੰਦੁਸਤਾਨੀ ਸੰਗੀਤ ਰਾਜਿਆਂ-ਮਹਾਰਾਜਿਆਂ ਦੇ ਦਰਬਾਰਾਂ ਤੇ ਮਹਿਫ਼ਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਸੀ ਤੇ ਇਸ ਦੀ ਜ਼ਿਆਦਾਤਰ ਵਰਤੋਂ 'ਸ਼ਿੰਗਾਰ ਰਸ' ਅਧੀਨ ਹੋਣ ਲੱਗ ਪਈ ਸੀ।

ਇਸ ਸਰਬ ਸਾਂਝੇ ਸੁਰ-ਸੰਗੀਤ ਲਈ ਇਕ ਅਜਿਹਾ ਬੁਰਾ ਤੇ ਮਨਹੂਸ ਦੌਰ ਉਦੋਂ ਆਇਆ ਜਦੋਂ ਔਰੰਗਜ਼ੇਬ ਵਰਗੇ ਕੁਝ ਕੱਟੜਪੰਥੀ, ਜ਼ਾਲਮ ਤੇ ਕਰੂਰ ਰਾਜਿਆਂ ਨੇ ਹਿੰਦੁਸਤਾਨੀ ਸੰਗੀਤ ਉੱਤੇ ਸਖ਼ਤੀ ਨਾਲ ਪਾਬੰਦੀ ਲਗਾ ਕੇ ਸੰਗੀਤ ਨੂੰ ਦਫ਼ਨ ਤਕ ਕਰਨ ਦੀ ਕੋਸ਼ਿਸ਼ ਕੀਤੀ। ਸੰਗੀਤ ਨੂੰ ਇਸਲਾਮ ਵਿਰੋਧੀ ਵੀ ਗਰਦਾਨਿਆ ਗਿਆ, ਔਰ ਇਹ ਗੁਰੂ ਸਾਹਿਬਾਨ ਵਾਲਾ ਹੀ ਦੌਰ ਸੀ। ਬਾਬਰ ਜਿਹੇ ਜਾਬਰਾਂ ਨੂੰ ਤਾਂ ਸੰਗੀਤ ਬਾਰੇ ਉੱਕਾ ਹੀ ਕੁਝ ਨਹੀਂ ਪਤਾ ਸੀ। ਖ਼ੈਰ! ਅਜੇਹੇ ਭਿਆਨਕ ਵਕਤ ਅੰਦਰ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਸ਼ੈਲੀ ਨੂੰ ਜਨਮ ਦੇ ਕੇ ਇਕ ਮੁਅੱਜਜ਼ਾ ਕਰ ਦਿੱਤਾ ਜੋ ਕਿ ਤਰਾਹ-ਤਰਾਹ ਕਰਦੀ ਲੋਕਾਈ ਲਈ 'ਬਰਸ-ਸਰਸ ਆਗਿਆ॥' ਵਾਂਗ ਵਰਦਾਨ ਸਾਬਤ ਹੋਇਆ।

ਗੁਰੂ ਸਾਹਿਬ ਬਾਬਾ ਨਾਨਕ ਜੀ ਨੇ ਉਦਾਸੀਆਂ ਦੌਰਾਨ, ਜਿਥੇ ਕਿਤੇ ਵੀ ਪਿੰਡ, ਥਾਂ, ਨਗਰ, ਸ਼ਹਿਰ ਜਾਂ ਬੀਆਬਾਨ ਜੰਗਲਾਂ ਵਿਚ ਉਤਾਰਾ ਕੀਤਾ ਤਾਂ ਉਨ੍ਹਾਂ ਨੇ ਕਿਸੇ ਵੀ ਇਨਸਾਨੀ ਜੀਵ ਨਾਲ ਗੁਫ਼ਤਗੂ ਕਰਨ ਤੋਂ ਪਹਿਲਾਂ ਗੁਰਮਤਿ ਸੰਗੀਤ ਸ਼ੈਲੀ ਨੂੰ ਤਰਜੀਹ ਦਿੰਦਿਆਂ ਗੁਰ ਸ਼ਬਦ ਨੂੰ ਵਕਤੀ ਰਾਗ ਰੂਪੀ ਬਰਤਨ ਵਿਚ ਪਾਇਕੈ, ਡੰਡਾਉਤੀ ਆਲਾਪ ਉਪਰੰਤ, ਕੀਰਤਨ ਨਿਰਮਲੋਕ ਹੀਰਾ ਨੂੰ ਅਜਿਹਾ ਗਾਇਣ ਕਰਦੇ ਕਿ ਸਮਾਂ ਬੱਝ ਜਾਂਦਾ, ਪਰਿੰਦਿਆਂ ਦੀ ਚਹਿਚਹਾਟ ਖ਼ਾਮੋਸ਼ੀ 'ਚ ਬਦਲ ਜਾਂਦੀ, ਬਨਸਪਤੀ ਦੀ ਸਰਸਰਾਹਟ ਚੁੱਪ ਵੱਟ ਜਾਂਦੀ, ਆਬਸ਼ਾਰਾਂ (ਝਰਨਿਆਂ) ਦਾ ਸ਼ੋਰੋ-ਗੁਲ ਇਕਾਗਰਤਾ ਦੀ ਸਮਾਧੀ 'ਚ ਲੀਨ ਹੋ ਜਾਂਦਾ ਅਤੇ ਇੰਜ ਬੇਗਾਨੀ ਸਰ-ਜ਼ਮੀ ਦੇ ਬਾਸ਼ਿੰਦੇ ਹੈਰਾਨਗੀ ਦੇ ਆਲਮ 'ਚ ਮੰਤਰ-ਮੁਗਧ ਹੋ ਕੇ ਗੁੰਮ-ਸੁੰਮ ਜਿਹੇ ਹੋ ਜਾਂਦੇ ਕਿਉਂਕਿ ਗੁਰੂ ਨਾਨਕ ਦੇਵ ਜੀ ਦੀ ਆਵਾਜ਼ ਵਿਚ ਇਕ ਬਿਰਹੋਂ ਭਰੀ ਖ਼ੁਦਾਈ ਹੂਕ ਸੀ, ਜੋ ਅਤਿ ਰਿਆਜ਼ੀ, ਮਖ਼ਮਲੀ, ਸਧੀ ਹੋਈ ਰੂਹਾਨੀਅਤ 'ਚ ਲਬਰੇਜ਼ ਤੇ ਅੰਤਾਂ ਦੀ ਸ਼ੀਰੀ ਵੀ ਸੀ ਅਤੇ ਨਾਲ ਰਬਾਬ ਦੀ ਸੰਗਤ ਉੱਤੇ ਖ਼ਾਨਦਾਨੀ, ਪੁਸ਼ਤੈਨੀ ਘਰਾਣੇ ਦੇ ਗਵੱਈਏ ਉਸਤਾਦ ਸੰਗੀਤਕਾਰ ਭਾਈ ਮਰਦਾਨਾ ਜੀ ਦਾ ਸਾਥ..ਵਾਹ! ਕਿਆ ਕਹਿਣੇ ਸਨ।

ਅਜਿਹੀ ਸੰਗਤ ਤੇ ਸਾਥ ਦੇਣ ਵਾਲੇ ਭਾਈ ਮਰਦਾਨਾ ਜੀ ਗੁਰੂ ਘਰ ਦੇ ਪਲੇਠੇ ਰਬਾਬੀ ਕੀਰਤਨੀਏ ਸਨ, ਜਿਨ੍ਹਾਂ ਦੇ ਰੋਮ-ਰੋਮ ਵਿਚ ਗੁਰਮਤਿ ਸੰਗੀਤ ਸ਼ੈਲੀ ਘਰ ਕਰ ਚੁੱਕੀ ਸੀ। ਭਾਈ ਮਰਦਾਨਾ ਜੀ ਨੂੰ ਇਹ ਸ਼ਰਫ਼ ਤੇ ਮਾਣ ਹਾਸਲ ਸੀ ਕਿ ਆਪ ਜੀ ਨੂੰ ਕਿਤਨੇ ਹੀ ਦਹਾਕੇ ਗੁਰਮਤਿ ਸੰਗੀਤ ਸ਼ੈਲੀ ਦੇ ਪਿਤਾਮਾ ਨਾਲ ਵਕਤ ਬਤੀਤ ਕਰਨਾ ਨਸੀਬ ਹੋਇਆ ਸੀ। ਇਸ ਲਈ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤੀ ਹੋਈ ਗੁਰਮਤਿ ਸੰਗੀਤ ਸ਼ੈਲੀ ਸਭ ਤੋਂ ਪਹਿਲਾਂ ਪਾਤਸ਼ਾਹ ਦੇ ਇਸ ਮਹਾਨ ਰਬਾਬੀ ਕੀਰਤਨੀਏ ਭਾਈ ਮਰਦਾਨਾ ਜੀ ਦੇ ਹੀ ਦਾਮਨ ਵਿਚ ਪਈ। ਇਸ ਨਿਵੇਕਲੀ ਦਾਤ ਦੀ ਪਰੰਪਰਾ ਨੂੰ ਅਗਾਂਹ ਰਬਾਬੀ ਖ਼ਾਨਦਾਨਾਂ ਨੇ ਪ੍ਰਚਾਰਿਆ-ਪਸਾਰਿਆ।

ਭਾਈ ਸਾਹਿਬ ਮਰਦਾਨਾ ਜੀ ਦੇ ਸਪੁੱਤਰਾਂ ਸਜਾਦਾ ਤੇ ਰਜਾਦਾ ਜੀ ਨੇ ਇਸ ਗੁਰੂ ਪਰੰਪਰਾ ਨੂੰ ਗੁਰੂ ਦੀ ਅਮਾਨਤ ਜਾਣ ਕੇ ਗੁਰਮਤਿ ਸੰਗੀਤ ਸ਼ੈਲੀ ਨੂੰ ਆਪਣੇ ਵੱਡੇ ਭਾਗ ਸਮਝਦਿਆਂ ਹੋਇਆਂ ਸਦਾ ਲਈ ਅਪਣਾ ਲਿਆ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਇਸ ਗੁਰਮਤਿ ਸੰਗੀਤ ਸ਼ੈਲੀ ਨੂੰ ਗੁਰੂ ਕਿਆਂ ਦੇ ਮਹਾਨ ਰਬਾਬੀਆਂ ਦੇ ਘਰਾਣਿਆਂ, ਖਡੂਰੀਆਂ, ਕਸੂਰੀਆਂ, ਲਾਹੌਰੀਆਂ, ਅੰਮ੍ਰਿਤਸਰੀਆਂ ਤੇ ਸੁਲਤਾਨਵਿੰਡੀਆਂ ਨੇ ਇਤਨੀ ਸ਼ਿੱਦਤ ਨਾਲ ਅਪਣਾ ਲਿਆ ਸੀ ਕਿ ਜਿਵੇਂ ਬੱਤੀਆਂ ਦੰਦਾਂ ਅੰਦਰ ਜੀਭਾ (ਜ਼ੁਬਾਨ) ਹੋਵੇ। ਇਥੋਂ ਤਕ ਕਿ ਇਨ੍ਹਾਂ ਗੁਣੀਜਨ ਰਬਾਬੀਆਂ ਲਈ ਜਿੱਥੇ ਇਹ ਸ਼ੈਲੀ ਆਤਮਿਕ ਖ਼ੁਰਾਕ ਸੀ ਉੱਥੇ ਇਨ੍ਹਾਂ ਦਾ ਇਹ ਪਿਤਾ-ਪੁਰਖੀ ਕਿੱਤਾ ਤੇ ਪਰਿਵਾਰਕ ਪਾਲਣ-ਪੋਸ਼ਣ ਦਾ ਵੀ ਜ਼ਰੀਆ ਸੀ।

ਤਮਾਮ ਰਬਾਬੀ ਕੀਰਤਨੀਏ ਇਤਨੇ ਜ਼ਿਆਦਾ ਗੁਣੀਜਨ, ਸੁਰੀਲੇ ਤੇ ਰਾਗ-ਲੈਅ-ਤਾਲ ਦੇ ਧਨੰਤਰ ਗਵੱਈਏ ਸਨ ਕਿ ਸਮੁੱਚੇ ਹਿੰਦੁਸਤਾਨ ਦੇ ਦਰਬਾਰੀ ਗਵੱਈਏ ਇਨ੍ਹਾਂ ਦੀ ਇਸ ਰੂਹਾਨੀ ਸ਼ੈਲੀ ਦਾ ਲੋਹਾ ਮੰਨਦੇ ਹੋਏ ਆਪਣੇ ਕੰਨ ਫੜ ਕੇ ਤੋਬਾ-ਤੋਬਾ ਕਰਦੇ ਸਨ। ਭਾਰਤ ਦਾ ਕੋਈ ਵੀ ਗਵੱਈਆ ਇਨ੍ਹਾਂ ਰਬਾਬੀ ਕੀਰਤਨੀਆਂ ਸਾਹਵੇਂ ਫ਼ਨ ਦਾ ਮੁਜ਼ਾਹਰਾ ਕਰਨ ਤੋਂ ਕੰਨੀ ਕਤਰਾਉਂਦਾ ਸੀ। ਸਮੂੰਹ ਖ਼ਾਨਦਾਨੀ ਰਬਾਬੀ ਕੀਰਤਨੀਏ ਅਤਿ ਦੇ ਰਿਆਜ਼ੀ, ਸਿਰੜੀ, ਦਿਆਨਤਦਾਰ ਤੇ ਆਪਣੇ ਕਿੱਤੇ ਵਿਚ ਇਤਨੇ ਜ਼ਿਆਦਾ ਮਾਹਿਰ ਸਨ ਕਿ ਗੁਰੂ ਸਾਹਿਬ ਤੇ ਗੁਰੂ ਕੀਆਂ ਸਿੱਖ ਸੰਗਤਾਂ ਇਨ੍ਹਾਂ ਤੋਂ ਵਾਰਨੇ ਜਾਂਦੀਆਂ ਹੋਈਆਂ ਅੰਤਾਂ ਦਾ ਮਾਣ-ਸਤਿਕਾਰ ਕਰਦੀਆਂ ਸਨ। ਗੁਰਬਾਣੀ ਕੀਰਤਨ ਗਾਇਨ ਵਿਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਸੀ ਔਰ ਤਮਾਮ ਰਬਾਬੀ ਕੀਰਤਨੀਏ ਗੁਰੂ-ਘਰ ਨੂੰ ਪੂਰਨ ਤੌਰ 'ਤੇ ਸਮਰਪਿਤ ਸਨ। ਇਹੀ ਕਾਰਨ ਸੀ ਕਿ ਅਗਾਂਹ ਪੀੜ੍ਹੀ-ਦਰ-ਪੀੜ੍ਹੀ ਗੁਰਮਤਿ ਸੰਗੀਤ ਸ਼ੈਲੀ ਦਾ ਠਾਠਾਂ ਮਾਰਦਾ ਸਾਗਰ ਸੰਨ 1947 ਦੀ ਦੇਸ਼ ਦੀ ਵੰਡ ਤਕ ਵਹਿੰਦਾ ਰਿਹਾ ਤੇ ਪਰੰਪਰਾਵਾਦੀ ਕੀਰਤਨ ਦੇ ਸਰ-ਚਸ਼ਮੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਧੁਰ ਅੰਦਰੋਂ ਇਸ ਦੀਆਂ ਇਲਾਹੀ ਗੂੰਜਾਂ ਪੈਂਦੀਆਂ ਰਹੀਆਂ।

ਗੁਰੂ ਅਰਜਨ ਦੇਵ ਜੀ ਦੇ ਦੌਰ ਵਿਚ ਗੁਰੂ ਸਾਹਿਬਾਨਾਂ ਨੇ ਸਿੱਖ ਕੀਰਤਨਕਾਰਾਂ ਨੂੰ ਵੀ ਰਬਾਬੀ ਕੀਰਤਨੀਆਂ ਪਾਸੋਂ ਗੁਰਮਤਿ ਸੰਗੀਤ ਸ਼ੈਲੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਤੇ ਫਲ-ਸਰੂਪ ਬਹੁਤ ਸਾਰੇ ਸਿੱਖ ਕੀਰਤਨਕਾਰ ਰਾਗੀ ਸਿੰਘਾਂ ਨੇ ਤਨਦੇਹੀ ਨਾਲ ਰਿਆਜ਼ ਕਰਦਿਆਂ ਇਸ ਮਹਾਨ ਗੁਰੂ ਪਰੰਪਰਾ ਨੂੰ ਸਾਂਭਣ ਦਾ ਯਤਨ ਕੀਤਾ ਤੇ ਕਾਮਯਾਬੀ ਵੀ ਪ੍ਰਾਪਤ ਹੋਈ। ਇਸ ਦੇ ਬਾਵਜੂਦ ਰਬਾਬੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਦਰ ਦੇਸ਼ ਦੀ ਵੰਡ ਤੋਂ ਪਹਿਲਾਂ ਜ਼ਿਆਦਾ ਗਿਣਤੀ ਰਬਾਬੀ ਕੀਰਤਨਕਾਰਾਂ ਦੀ ਹੀ ਸੀ। ਸਿੱਖ ਕੀਰਤਨਕਾਰ ਵੀ ਬਹੁਤ ਜ਼ਿਆਦਾ ਗੁਣੀ ਤੇ ਨਾਮਵਰ ਸਨ ਪਰ ਘੱਟ ਗਿਣਤੀ ਵਿਚ ਸਨ। ਕੁਝ ਕੁ ਨਾਮ ਮੇਰੇ ਜ਼ਿਹਨ ਵਿਚ ਨੇ-ਭਾਈ ਸਮੁੰਦ ਸਿੰਘ, ਭਾਈ ਹੀਰਾ ਸਿੰਘ, ਭਾਈ ਮਨਸ਼ਾ ਸਿੰਘ, ਭਾਈ ਸੰਤਾ ਸਿੰਘ, ਭਾਈ ਸੁੰਦਰ ਸਿੰਘ, ਭਾਈ ਬਖ਼ਸ਼ੀਸ਼ ਸਿੰਘ, ਭਾਈ ਬਲਦੇਵ ਸਿੰਘ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਜਸਵੰਤ ਸਿੰਘ-ਪਾਲ ਸਿੰਘ (ਜੱਸਾ-ਪਾਲਾ ਜੀ) ਭਾਈ ਗੁਰਮੁੱਖ ਸਿੰਘ-ਸਰਮੁੱਖ ਸਿੰਘ, ਭਾਈ ਪ੍ਰਿਥੀਪਾਲ ਸਿੰਘ, ਭਾਈ ਮੋਹਨਪਾਲ ਸਿੰਘ, ਭਾਈ ਪ੍ਰਿਥੀਪਾਲ ਸਿੰਘ ਕੰਗ, ਭਾਈ ਮਨਸ਼ਾ ਸਿੰਘ, ਸੰਤ ਸੁਜਾਨ ਸਿੰਘ, ਭਾਈ ਬਹਾਦਰ ਸਿੰਘ ਆਦਿ।

ਮੇਰੇ ਜ਼ਿਕਰ ਕਰਨ ਦਾ ਭਾਵ ਹੈ ਕਿ ਇਹ ਕੁਝ ਕੁ ਉਹ ਸਿੱਖ ਕੀਰਤਨਕਾਰ ਰਾਗੀ ਸਨ, ਜਿਨ੍ਹਾਂ ਕੋਲ ਰਬਾਬੀ ਪਰੰਪਰਾ ਵਾਲੀ ਗੁਰਮਤਿ ਸੰਗੀਤ ਸ਼ੈਲੀ ਦੀ ਖ਼ੁਸ਼ਬੂ ਤੇ ਭੰਡਾਰ ਸੀ। ਕਦੀ ਅਜਿਹੇ ਹੀ ਰਬਾਬੀਆਂ, ਰਾਗੀਆਂ, ਕੀਰਤਨਕਾਰਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਦਰ ਸਾਡੇ ਪਰੰਪਰਾਵਾਦੀ ਕੀਰਤਨ ਦੀਆਂ ਸਦਾਵਾਂ ਤੇ ਰੌਣਕਾਂ ਸਨ ਪਰ ਅੱਜ ਉਹ ਸਭ ਕੁਝ ਕਿੱਥੇ, ਇਹ ਸਭ ਕਿਉਂ ਤੇ ਕਿੰਜ ਅਲੋਪ ਹੋ ਗਿਆ ਹੈ? ਬਸ, ਇਸ ਵਿਸ਼ੇ 'ਤੇ ਵਿਚਾਰ ਦੀ ਲੋੜ ਹੈ। ਇਹ ਸੱਚ ਹੈ ਕਿ ਦੇਸ਼ ਦੀ ਵੰਡੇ ਕਾਰਨ ਸ੍ਰੀ ਦਰਬਾਰ ਸਾਹਿਬ ਅੰਦਰੋਂ ਗੁਰਮਤਿ ਸੰਗੀਤ ਸ਼ੈਲੀ ਨੂੰ ਬਹੁਤ ਖੋਰਾ ਲੱਗਾ, ਕਿਉਂਕਿ ਕੁਝ ਰਬਾਬੀ ਕੀਰਤਨੀਕਾਰ ਮਜ਼ਹਬੀ ਕੱਟੜਤਾ ਦੇ ਸ਼ਿਕਾਰ ਹੋ ਕੇ ਇਸ ਜੰਨਤੀ ਅਸਥਾਨ ਨੂੰ ਛੱਡ ਕੇ ਤੁਰ ਗਏ, ਕੁਝ ਡਰਦੇ ਮਾਰੇ ਕਿ ਹੁਣ ਸਾਡੀ ਮੁਸਲਮਾਨਾਂ ਦੀ ਖ਼ੈਰ ਨਹੀਂ..ਤੇ ਜਿਹੜੇ ਰਹਿਣਾ ਚਾਹੁੰਦੇ ਸਨ, ਉਨ੍ਹਾਂ ਨੂੰ ਅਸਾਂ ਇਹ ਸੋਚ ਕੇ ਨਹੀਂ ਰਹਿਣ ਦਿੱਤਾ ਕਿ ਹੁਣ ਮੁਸਲਮਾਨ ਰਬਾਬੀਆਂ ਦੀ ਜ਼ਰੂਰਤ ਹੀ ਕੀ ਏ? ਪਰ ਸਾਡੇ ਮੋਹਤਬਾਰ ਪ੍ਰਬੰਧਕਾਂ ਨੇ ਇਹ ਨਾ ਸੋਚਿਆ ਕਿ ਅਸੀਂ ਰਬਾਬੀਆਂ ਨੂੰ ਨਹੀਂ ਕੱਢ ਰਹੇ ਬਲਕਿ ਗੁਰੂ ਸਾਹਿਬਾਂ ਦੀ ਬਖ਼ਸ਼ੀ ਹੋਈ ਰੂਹਾਨੀ ਦਾਤ ਗੁਰਮਤਿ ਸੰਗੀਤ ਸ਼ੈਲੀ ਨੂੰ ਤਿਲਾਂਜਲੀ ਤੇ ਧੱਕਾ ਦੇ ਰਹੇ ਹਾਂ। ਲੋਹੜਾ ਸਾਈਂ ਦਾ ਕਿ ਪਾਕਿ-ਹਿੰਦ ਵੰਡ ਉਪਰੰਤ ਵੀ ਸਾਡੇ ਕਿਸੇ ਪੰਥਕ ਲੀਡਰ, ਸਿੰਘ ਸਾਹਿਬਾਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਸਰਬਰਾਹ ਨੇ ਰਬਾਬੀ ਕੀਰਤਨੀਆਂ ਨੂੰ ਮੁੜ ਵਾਪਸ ਲਿਆਉਣ ਦੇ ਕੋਈ ਯਤਨ ਨਹੀਂ ਕੀਤੇ। ਜ਼ਿਕਰਯੋਗ ਹੈ ਕਿ ਇਹ ਉਹੀ ਰਬਾਬੀ ਮੁਸਲਮਾਨ ਕੀਰਤਨੀਏ ਸਨ ਜਿਨ੍ਹਾਂ ਨੂੰ ਸਦੀਆਂ ਤੀਕਰ ਗੁਰੂ ਸਾਹਿਬਾਨ ਨੇ ਆਪਣੇ ਗਿਰੇਬਾਨ ਨਾਲ ਲਾਈ ਰੱਖਿਆ ਤੇ 1947 ਤੀਕਰ ਵੀ ਰਬਾਬੀ ਕੀਰਤਨੀਏ ਤਨਦੇਹੀ ਨਾਲ ਸੇਵਾਵਾਂ ਨਿਭਾਉਂਦੇ ਰਹੇ ਨੇ। ਗੁਰੂ ਸਾਹਿਬਾਨ ਦੀ ਆਪਣੀ ਇਕ ਮਰਿਆਦਾ, ਪਰੰਪਰਾ ਤੇ ਵੱਡਾਪਨ ਸੀ ਕਿ ਉਨ੍ਹਾਂ ਨੇ ਸਿਰਫ਼ ਤੇ ਸਿਰਫ਼ ਇਨ੍ਹਾਂ ਰਬਾਬੀ ਕੀਰਤਨੀਆਂ ਦੇ ਗੁਰਮਤਿ ਸੰਗੀਤ ਸ਼ੈਲੀ ਦੇ ਗੁਣਾਂ ਦੀ ਕਦਰ ਕਰਦਿਆਂ ਹੋਇਆਂ ਹੀ ਆਪਣੇ ਅੰਗ-ਸੰਗ ਰੱਖਿਆ। ਗੁਰੂ ਗੋਬਿੰਦ ਸਿੰਘ ਜੀ ਦੇ ਦੌਰ ਤੋਂ ਲੈ ਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ 1947 ਤਕ ਦੀਆਂ ਪ੍ਰਬੰਧਕ ਕਮੇਟੀਆਂ ਨੇ ਕਦੀ ਰਬਾਬੀ ਕੀਰਤਨੀਆਂ ਉੱਪਰ ਇਹ ਜ਼ੋਰ ਨਹੀਂ ਪਾਇਆ ਕਿ ਤੁਸੀਂ ਸਿੰਘ ਕਿਉਂ ਨਹੀਂ ਸਜਦੇ ਜਾਂ ਫਿਰ ਪੂਰਨ ਗੁਰਸਿੱਖ ਕਿਉਂ ਨਹੀਂ ਹੋ, ਇਥੋਂ ਤਕ ਕਿ ਕੁਝ ਰਬਾਬੀ ਕੇਸਾਂ ਦੀ ਬੇਅਦਬੀ ਕਰਦੇ ਸਨ ਪਰ ਸਿੱਖ ਪੰਥ ਨੇ ਗੁਰੂ ਪਰੰਪਰਾ ਜਾਣ ਕੇ ਕਦੀ ਵੀ ਦਖ਼ਲ-ਅੰਦਾਜ਼ੀ ਨਾ ਕੀਤੀ ਤੇ ਨਾ ਹੀ ਰਬਾਬੀਆਂ ਨੂੰ ਕਿਸੇ ਗੱਲੋਂ ਮਜਬੂਰ ਹੀ ਕੀਤਾ ਪ੍ਰੰਤੂ ਪਤਾ ਨਹੀਂ ਬਟਵਾਰੇ ਬਾਅਦ ਸਾਨੂੰ ਕੀ ਹੋ ਗਿਆ? ਅਸੀਂ ਰਬਾਬੀ ਕੀਰਤਨੀਆਂ ਦੀ ਪੱਕੇ ਤੌਰ 'ਤੇ ਛੁੱਟੀ ਕਰ ਦਿੱਤੀ ਅਤੇ ਉਹ ਵੀ ਇਸ ਅਸਥਾਨ ਨੂੰ ਸਦਾ ਲਈ ਹੀ ਅਲਵਿਦਾ ਆਖ ਕੇ ਤੁਰ ਗਏ।ਪਰ ਜਿਹੜਾ ਸਾਨੂੰ ਗੁਰਮਤਿ ਸੰਗੀਤ ਦਾ ਘਾਟਾ ਪਿਆ ਹੈ ਕਦੀ ਉਸ ਬਾਰੇ ਕਿਸੇ ਨੇ ਸੋਚਿਆ ਜਾਂ ਵਿਚਾਰਿਆ ਵੀ ਹੈ?

(ਬਾਕੀ ਅਗਲੇ ਮੰਗਲਵਾਰ)

# 'ਇਕ ਦੇਸ਼ ਇਕ ਚੋਣ' ਨੂੰ ਮੋਦੀ ਵਜ਼ਾਰਤ ਦੀ ਪ੍ਰਵਾਨਗੀ

## ਕੇਂਦਰੀ ਮੰਤਰੀ ਮੰਡਲ ਨੇ ਕੋਵਿੰਦ ਕਮੇਟੀ ਦੀ ਰਿਪੋਰਟ ਨੂੰ ਸਰਬਸੰਮਤੀ ਨਾਲ ਕੀਤਾ ਮਨਜ਼ੂਰ



**ਨਵੀਂ ਦਿੱਲੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਦੀ ਸਰਕਾਰ ਨੇ ਬੁੱਧਵਾਰ ਨੂੰ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਾਲੇ ਪੈਨਲ ਦੀ ਰਿਪੋਰਟ 'ਇਕ ਦੇਸ਼, ਇਕ ਚੋਣ' ਨੂੰ ਮਨਜ਼ੂਰੀ ਦਿੱਤੀ ਹੈ। ਸੰਸਦ ਦੇ ਆਗਾਮੀ ਸਰਦ ਰੁੱਤ ਸੈਸ਼ਨ ਵਿੱਚ ਇਸ ਸਬੰਧੀ ਇੱਕ ਬਿੱਲ (ਇੱਕੋ ਸਮੇਂ ਚੋਣਾਂ ਕਰਵਾਉਣ ਲਈ) ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। 'ਇਕ ਦੇਸ਼, ਇਕ ਚੋਣ' ਤਹਿਤ ਸੰਸਦੀ ਅਤੇ ਵਿਧਾਨ ਸਭਾ ਚੋਣਾਂ ਨੂੰ ਇਕੋ ਵੇਲੇ ਕਰਵਾਉਣ ਦੀ ਤਜਵੀਜ਼ ਹੈ। ਮੋਦੀ ਸਰਕਾਰ ਦੇ 100 ਦਿਨਾਂ ਦੇ ਏਜੰਡੇ ਤਹਿਤ 'ਇਕ ਦੇਸ਼, ਇਕ ਚੋਣ' ਦੀ ਮਨਜ਼ੂਰੀ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਵਾਰ-ਵਾਰ ਚੋਣਾਂ ਨੂੰ ਇੱਕ ਅਨੁਸੂਚੀ ਦੇ ਤਹਿਤ ਜੋੜਨ ਦੀ ਜ਼ਰੂਰਤ ਅਤੇ ਮਹੱਤਤਾ ਨੂੰ ਉਜਾਗਰ ਕੀਤਾ ਹੈ ਅਤੇ ਇਹ ਜ਼ੋਰ ਦਿੱਤਾ ਹੈ ਕਿ ਕਿਵੇਂ ਦੇਸ਼ ਨੂੰ ਸਾਲ ਭਰ ਚੋਣਾਂ ਦੇ ਮਾਹੌਲ ਵਿੱਚ ਰਹਿਣ ਦੀ ਕੀਮਤ ਅਦਾ ਕਰਨੀ ਪੈਂਦੀ ਹੈ। ਇਸ ਸਬੰਧੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਾਲੀ ਉੱਚ-ਪੱਧਰੀ ਕਮੇਟੀ ਨੇ ਇਸ ਸਾਲ ਮਾਰਚ ਵਿੱਚ ਰਿਪੋਰਟ ਸੌਂਪੀ ਸੀ ਅਤੇ ਰਾਜ ਚੋਣ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕਰਕੇ ਚੋਣ ਕਮਿਸ਼ਨ (ਈਸੀਆਈ) ਨੂੰ ਸਾਂਝੀ ਵੋਟਰ ਸੂਚੀ ਅਤੇ ਵੋਟਰ ਪਛਾਣ ਪੱਤਰ ਤਿਆਰ ਕਰਨ ਦੀ ਸਿਫਾਰਸ਼ ਕੀਤੀ ਸੀ।

ਪੈਨਲ ਨੇ ਕਿਹਾ ਕਿ ਇਕੋ ਸਮੇਂ ਚੋਣਾਂ ਸਰੋਤਾਂ ਨੂੰ ਬਚਾਉਣ, ਰੁਕਾਵਟਾਂ ਨੂੰ ਦੂਰ ਕਰਨ ਵਿੱਚ ਮਦਦ ਕਰਨਗੀਆਂ। ਹਾਲਾਂਕਿ ਵਿਰੋਧੀ ਧਿਰ 'ਇੱਕ ਦੇਸ਼, ਇੱਕ ਚੋਣ' ਦੇ ਵਿਚਾਰ ਤੋਂ ਪ੍ਰਭਾਵਿਤ ਨਹੀਂ ਹੈ। ਕਾਂਗਰਸ, ਆਪ ਅਤੇ ਹੋਰਾਂ ਸਮੇਤ ਕਈ ਵਿਰੋਧੀ ਪਾਰਟੀਆਂ ਨੇ ਅਜਿਹੇ ਚੋਣ ਅਮਲ ਦੇ ਖ਼ਿਲਾਫ਼ ਆਪਣੀ ਨਾਰਾਜ਼ਗੀ ਅਤੇ ਅਸੰਤੁਸ਼ਟੀ ਜ਼ਾਹਰ ਕੀਤੀ ਹੈ। ਉਨ੍ਹਾਂ ਭਾਜਪਾ 'ਤੇ ਮੌਜੂਦਾ ਚੋਣ ਨੂੰ ਖ਼ਤਮ ਕਰਕੇ ਦੇਸ਼ ਵਿੱਚ ਰਾਸ਼ਟਰਪਤੀ ਦੇ ਸ਼ਾਸਨ ਲਈ ਮਜਬੂਰ ਕਰਨ ਦਾ ਦੋਸ਼ ਲਗਾਇਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 1951-52, 1962 ਅਤੇ 1967 ਵਿੱਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਲਈ ਇੱਕੋ ਸਮੇਂ ਚੋਣਾਂ ਹੋਈਆਂ ਸਨ।

# ਅਦਾਲਤ ਵੱਲੋਂ ਲਾਲੂ ਯਾਦਵ ਤੇ ਤੇਜਸਵੀ ਯਾਦਵ ਦੇ ਸੰਮਨ ਜਾਰੀ





**ਨਵੀਂ ਦਿੱਲੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇਕ ਅਦਾਲਤ ਨੇ ਨੌਕਰੀ ਬਦਲੇ ਜ਼ਮੀਨ ਘਪਲੇ ਨਾਲ ਜੁੜੇ ਇਕ ਮਨੀ ਲਾਂਡਰਿੰਗ ਕੇਸ ਵਿਚ ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ, ਉਨ੍ਹਾਂ ਦੇ ਪੁੱਤਰਾਂ ਤੇਜਸਵੀ ਯਾਦਵ ਤੇ ਤੇਜ ਪ੍ਰਤਾਪ ਯਾਦਵ ਅਤੇ ਹੋਰਨਾਂ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ।

ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਸਾਰੇ ਮੁਲਜ਼ਮਾਂ ਨੂੰ 7 ਅਕਤੂਬਰ ਨੂੰ ਅਦਾਲਤ ਅੱਗੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਇਹ ਹੁਕਮ ਮੁਲਜ਼ਮਾਂ ਖ਼ਿਲਾਫ਼ ਦਾਖ਼ਲ ਸਪਲੀਮੈਂਟਰੀ ਚਾਰਜਸ਼ੀਟ ਉੱਤੇ ਗੌਰ ਕਰਦਿਆਂ ਸੁਣਾਏ ਹਨ।

ਇਸ ਮਾਮਲੇ ਵਿਚ ਈਡੀ ਨੇ ਅਦਾਲਤ ਅੱਗੇ 6 ਅਗਸਤ ਨੂੰ ਅੰਤਿਮ ਰਿਪੋਰਟ ਪੇਸ਼ ਕੀਤੀ ਸੀ। ਕੇਂਦਰੀ ਏਜੰਸੀ ਨੇ ਇਹ ਕੇਸ ਇਸ ਮਾਮਲੇ ਵਿਚ ਸੀਬੀਆਈ ਵੱਲੋਂ ਦਰਜ ਇਕ ਐੱਫਆਈਆਰ ਦੇ ਆਧਾਰ 'ਤੇ ਦਰਜ ਕੀਤਾ ਸੀ।

# ਕਾਂਗਰਸ ਦੀਆਂ 7 'ਗਰੰਟੀਆਂ', ਐਮ.ਐਸ.ਪੀ. ਸਮੇਤ 300 ਯੂਨਿਟ ਮੁਫ਼ਤ ਬਿਜਲੀ ਦਾ ਵਾਅਦਾ



**ਨਵੀਂ ਦਿੱਲੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਲਈ 7 ਗਰੰਟੀਆਂ ਦਾ ਐਲਾਨ ਕੀਤਾ ਹੈ, ਜਿਸ 'ਚ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਕਾਨੂੰਨੀ ਗਰੰਟੀ ਅਤੇ ਜਾਤੀ ਆਧਾਰਿਤ ਸਰਵੇ ਦੇ ਵਾਅਦੇ ਸ਼ਾਮਲ ਹਨ। ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਨੇਤਾਵਾਂ ਦੀ ਮੌਜੂਦਗੀ 'ਚ ਇਨ੍ਹਾਂ ਗਾਰੰਟੀਆਂ ਦਾ ਐਲਾਨ ਕੀਤਾ। ਇਸ ਮੌਕੇ ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਸੀਨੀਅਰ ਆਗੂ ਅਜੇ ਮਾਕਨ, ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਉਦੈ ਭਾਨ ਸਮੇਤ ਕਈ ਹੋਰ ਆਗੂ ਹਾਜ਼ਰ ਸਨ।

ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ MSP ਦੀ ਕਾਨੂੰਨੀ ਗਾਰੰਟੀ ਅਤੇ ਜਾਤੀ ਆਧਾਰਿਤ ਸਰਵੇ ਨਾਲ ਹੀ 18 ਤੋਂ 60 ਸਾਲ ਤੱਕ ਦੀਆਂ ਔਰਤਾਂ ਲਈ ਹਰ ਮਹੀਨੇ 2 ਹਜ਼ਾਰ ਰੁਪਏ ਦੀ ਰਾਸ਼ੀ, ਬਜ਼ੁਰਗਾਂ, ਦਿਵਿਆਂਗਾਂ ਅਤੇ ਵਿਧਵਾਵਾਂ ਨੂੰ ਹਰ ਮਹੀਨੇ 6-6 ਹਜ਼ਾਰ ਰੁਪਏ ਦੀ ਪੈਨਸ਼ਨ, ਦੋ ਲੱਖ ਸਰਕਾਰੀ ਨੌਕਰੀਆਂ, 300 ਯੂਨਿਟ ਬਿਜਲੀ ਮੁਫ਼ਤ, 25 ਲੱਖ ਰੁਪਏ ਦਾ ਮੁਫ਼ਤ ਇਲਾਜ, ਗਰੀਬਾਂ ਲਈ ਜ਼ਮੀਨ ਅਤੇ ਦੋ ਕਮਰਿਆਂ ਦੇ ਮਕਾਨ ਦਾ ਵਾਅਦਾ ਕੀਤਾ ਹੈ। ਕਾਂਗਰਸ ਨੇ ਇਹ ਵਾਅਦਾ ਵੀ ਕੀਤਾ ਹੈ ਕਿ ਸੱਤਾ ਵਿਚ ਆਉਣ 'ਤੇ ਉਹ ਪੁਰਾਣੀ ਪੈਨਸ਼ਨ ਯੋਜਨਾ ਨੂੰ ਲਾਗੂ ਕਰੇਗੀ ਅਤੇ ਹਰ ਪਰਿਵਾਰ ਨੂੰ 500 ਰੁਪਏ ਦਾ ਰਸੋਈ ਗੈਸ ਸਿਲੰਡਰ ਦੇਵੇਗੀ। ਹਰਿਆਣਾ ਦੀਆਂ 90 ਵਿਧਾਨ ਸਭਾ ਸੀਟਾਂ ਲਈ ਇਕ ਪੜਾਅ ਵਿਚ 5 ਅਕਤੂਬਰ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 8 ਅਕਤੂਬਰ ਨੂੰ ਹੋਵੇਗੀ।

# ਦਿੱਲੀ ਵਿਖੇ ਇਮਾਰਤ ਡਿੱਗਣ ਕਾਰਨ 12 ਵਿਅਕਤੀ ਜ਼ਖਮੀ



**ਨਵੀਂ ਦਿੱਲੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਕਰੋਲ ਬਾਗ ਸਥਿਤ ਬਾਪਾ ਨਗਰ ਵਿਚ ਸਵੇਰ 9:11 ਵਜੇ ਇਕ ਇਮਾਰਤ ਦੇ ਢਹਿ ਗਈ। ਇਮਾਰਤ ਦਾ ਇਕ ਹਿੱਸਾ ਢਹਿਣ ਕਾਰਨ12 ਵਿਅਕਤੀ ਜ਼ਖਮੀ ਹੋ ਗਏ। ਇਸ ਮੌਕੇ ਫਾਇਰ ਬ੍ਰਿਗੇਡ ਦੀਆਂ 5 ਗੱਡੀਆਂ ਰਾਹਤ ਕਾਰਜਾਂ ਲਈ ਪਹੁੰਚ ਗਈਆਂ। ਉਧਰ ਦਿੱਲੀ ਦੀ ਮਨੋਨੀਤ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਕਰੋਲ ਬਾਗ ਇਲਾਕੇ ਵਿੱਚ ਮਕਾਨ ਡਿੱਗਣ ਦੀ ਇਹ ਘਟਨਾ ਬਹੁਤ ਹੀ ਦੁਖਦਾਈ ਹੈ। ਉਨ੍ਹਾਂ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਆਦੇਸ਼ ਦਿੱਤੇ ਹਨ ਕਿ ਉਹ ਉੱਥੇ ਰਹਿ ਰਹੇ ਲੋਕਾਂ ਅਤੇ ਪੀੜਤਾਂ ਨੂੰ ਹਰ ਸੰਭਵ ਮਦਦ ਕਰਨ, ਜੇ ਕੋਈ ਜ਼ਖਮੀ ਹੈ ਤਾਂ ਉਸ ਦਾ ਇਲਾਜ ਕਰਵਾਇਆ ਜਾਵੇ।

# ਵਿਜੀਲੈਂਸ ਵੱਲੋਂ 49800 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਹੌਲਦਾਰ ਕਾਬੂ



**ਚੰਡੀਗੜ੍ਹ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਪੁਲਿਸ ਥਾਣਾ ਨਕੋਦਰ ਦਿਹਾਤੀ, ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਇੱਕ ਹੌਲਦਾਰ ਕੰਵਰਪਾਲ ਸਿੰਘ ਨੂੰ 49800 ਰੁਪਏ ਨਜਾਇਜ਼ ਰਿਸ਼ਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਉਸ ਨੂੰ ਜਲੰਧਰ ਦੀ ਅਦਾਲਤ ਨੇ ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਨੂੰ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮਦਰੱਸਾ ਦੇ ਵਸਨੀਕ ਲਖਵਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਹ ਇੱਕ ਪ੍ਰਾਈਵੇਟ ਕੰਪਨੀ ਵਿੱਚ ਸਕਿਓਰਿਟੀ ਗਾਰਡ ਹੈ ਅਤੇ ਉਸਨੇ ਪੀ.ਐਚ.ਜੀ. ਵਿੱਚ ਸੇਵਾ ਨਿਭਾਉਂਦੇ ਆਪਣੇ ਚਾਚੇ ਦੀ ਮੌਤ ਉਪਰੰਤ , ਸਾਲ 2017 ਵਿੱਚ ਜ਼ਿਲ੍ਹਾ ਕਮਾਂਡਰ, ਪੰਜਾਬ ਹੋਮ ਗਾਰਡ (ਪੀ.ਐਚ.ਜੀ.) ਦਫਤਰ ਫਰੀਦਕੋਟ ਵਿਖੇ ਤਰਸ ਦੇ ਆਧਾਰ 'ਤੇ ਨੌਕਰੀ ਲੈਣ ਲਈ ਅਰਜ਼ੀ ਦਿੱਤੀ ਸੀ। ਇਸ ਸਬੰਧ 'ਚ ਦੋਸ਼ੀ ਪੁਲਿਸ ਮੁਲਾਜ਼ਮ ਨੇ ਸ਼ਿਕਾਇਤਕਰਤਾ ਨੂੰ ਹੋਮ ਗਾਰਡ ਵਿੱਚ ਤਰਸ ਦੇ ਅਧਾਰ 'ਤੇ ਨੌਕਰੀ ਦਿਵਾਉਣ ਬਦਲੇ 6,50,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ।

ਬੁਲਾਰੇ ਨੇ ਅੱਗੇ ਦੋਸ਼ ਲਗਾਇਆ ਕਿ ਹੌਲਦਾਰ ਨੇ ਉਸਨੂੰ ਪਹਿਲੀ ਕਿਸ਼ਤ ਵਜੋਂ 50,000 ਰੁਪਏ ਦੇਣ ਲਈ ਕਿਹਾ। ਇਸ ਤੋਂ ਬਾਅਦ, ਦੋਸ਼ੀ ਹੌਲਦਾਰ ਨੇ ਉਸਨੂੰ ਫੋਨਪੇ ਰਾਹੀਂ ਰਕਮ ਉਸਦੇ ਐਚਡੀਐਫਸੀ ਖਾਤੇ ਵਿੱਚ ਟਰਾਂਸਫਰ ਕਰਨ ਲਈ ਵਾਰ-ਵਾਰ ਜ਼ੋਰ ਪਾਉਣ ਲੱਗਾ। ਜਿਸ ਕਾਰਨ ਸ਼ਿਕਾਇਤਕਰਤਾ ਨੇ ਚਾਰ ਟਰਾਂਜੈਕਸ਼ਨਾਂ ਵਿੱਚ 10,000 ਰੁਪਏ (ਪ੍ਰਤੀ ਟਰਾਂਜੈਕਸ਼ਨ) ਟਰਾਂਸਫਰ ਕੀਤੇ ਅਤੇ ਬਾਅਦ ਵਿੱਚ 9800 ਹੋਰ ਰੁਪਏ ਟਰਾਂਸਫਰ ਕਰਵਾਏ। ਇਸ ਤਰ੍ਹਾਂ ਸ਼ਿਕਾਇਤਕਰਤਾ ਨੇ ਉਕਤ ਮੁਲਾਜ਼ਮ ਦੇ ਐਚਡੀਐਫਸੀ ਖਾਤੇ ਵਿੱਚ ਕੁੱਲ 49,800 ਰੁਪਏ ਭੇਜੇ ।

ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਸਾਬਤ ਹੋ ਗਿਆ ਹੈ ਕਿ ਉਕਤ ਹੌਲਦਾਰ ਨੇ ਸ਼ਿਕਾਇਤਕਰਤਾ ਤੋਂ ਰਿਸ਼ਵਤ ਲਈ ਸੀ। ਇਸ ਤਫ਼ਤੀਸ਼ ਦੇ ਆਧਾਰ 'ਤੇ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਸ਼ਤਾਬਦੀ ਸਮਾਗਮਾਂ ਦੌਰਾਨ ਕੈਬਨਿਟ ਮੰਤਰੀਆਂ ਨੇ ਗੁਰੂਦੁਆਰਾ ਬਾਉਲੀ ਸਾਹਿਬ ਵਿਖੇ ਹੋਏ ਨਤਮਸਤਕ



**ਗੋਇੰਦਵਾਲ ਸਾਹਿਬ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾਂ ਗੁਰਿਆਈ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ-ਜੋਤਿ ਦਿਵਸ ਸਬੰਧੀ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਦੌਰਾਨ ਅੱਜ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲਜੀਤ ਸਿੰਘ ਭੁੱਲਰ, ਸ੍ਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸ੍ਰੀ ਹਰਭਜਨ ਸਿੰਘ ਈ. ਟੀ. ਓ., ਨੇ ਗੁਰੂਦੁਆਰਾ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ ਅਤੇ ਸੂਬੇ ਦੀ ਤਰੱਕੀ, ਖੁਸ਼ਹਾਲੀ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਅਰਦਾਸ ਕੀਤੀ।ਇਸ ਦੌਰਾਨ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾਓ ਵੀ ਦਿੱਤਾ ਗਿਆ।ਇਸ ਉਪਰੰਤ ਉਹਨਾਂ ਪੰਗਤ ਵਿੱਚ ਬੈਠ ਕੇ ਲੰਗਰ ਵੀ ਛਕਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਸਾਹਿਬਾਨਾਂ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾਂ ਗੁਰਿਆਈ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ-ਜੋਤਿ ਦਿਵਸ ਸਬੰਧੀ ਕਰਵਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਸ਼ਾਮਿਲ ਹੋ ਕੇ ਉਹ ਆਪਣੇ ਆਪ ਨੂੰ ਵੱਡਭਾਗਾ ਸਮਝਦੇ ਹਨ।

ਉਹਨਾਂ ਕਿਹਾ ਕਿ "ਸਿੱਖੀ ਦਾ ਧੁਰਾ" ਗੁਰੂਦੁਆਰਾ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਹਾਨ ਪਵਿੱਤਰ ਸਥਾਨ 'ਤੇ ਮੱਥਾ ਟੇਕ ਕੇ ਉਹਨਾਂ ਅਰਦਾਸ ਕੀਤੀ ਹੈ ਕਿ ਪੰਜਾਬ ਸੁਖ-ਸ਼ਾਂਤੀ ਤੇ ਅਮਨ-ਚੈਨ ਨਾਲ ਹੋਰ ਤਰੱਕੀ ਕਰੇ ਅਤੇ ਪੰਜਾਬ ਵਾਸੀਆਂ ਦੀ ਆਪਸੀ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੋਵੇ।ਉਹਨਾਂ ਕਿਹਾ ਕਿ ਸਾਨੂੰ ਸਾਡੇ ਗੁਰੂ ਸਾਹਿਬਾਨਾਂ ਦੇ ਜੀਵਨ ਤੋਂ ਸੇਧ ਲੈ ਕੇ ਸਿੱਖੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਆਪਣਾ-ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਗੋਇੰਦਵਾਲ ਸਾਹਿਬ ਦੀ ਧਰਤੀ ਸਾਡੇ ਗੁਰੂ ਸਾਹਿਬਾਨ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਹੈ।ਉਹਨਾਂ ਕਿਹਾ ਕਿ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਇਸ ਪਵਿੱਤਰ ਸਥਾਨ ਤੋਂ ਪੂਰੀ ਦੁਨੀਆਂ ਵਿੱਚ ਹੋਇਆ।

ਉਹਨਾਂ ਕਿਹਾ ਕਿ ਅੱਜ ਅਸੀਂ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਜੀ ਦੇ ਆਦੇਸ਼ਾਂ ਅਨੁਸਾਰ ਇਸ ਪਵਿੱਤਰ ਸਥਾਨ 'ਤੇ ਨਤਮਸਤਕ ਹੋਕੇ ਪੰਜਾਬ ਸਰਕਾਰ ਵੱਲੋਂ ਹਾਜ਼ਰੀ ਭਰੀ ਹੈ।

# ਲੁੱਟਾਂ ਖੋਹਾਂ ਕਰਨ ਵਾਲੇ ਪੰਜ ਮੁਲਜ਼ਮ ਗ੍ਰਿਫਤਾਰ

## ਮੁਲਜ਼ਮਾਂ ਤੋਂ ਬਿਨਾਂ ਨੰਬਰ ਵਾਲੇ ਮੋਟਰ ਸਾਈਕਲ ਅਤੇ ਖੋਹੇ ਹੋਏ ਮੋਬਾਈਲ ਫ਼ੋਨ ਬਰਾਮਦ



**ਮੰਡੀ ਗੋਬਿੰਦਗੜ੍ਹ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਿਸ ਮੁਖੀ ਡਾ.ਰਵਜੋਤ ਗਰੇਵਾਲ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਮਾੜੇ ਅਨਸਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਮੰਡੀ ਗੋਬਿੰਦਗੜ੍ਹ ਵਿਖੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਪੰਜ ਮੁਲਜ਼ਮ ਕਾਬੂ ਕਰ ਕੇ ਉਨ੍ਹਾਂ ਪਾਸੋਂ ਬਿਨਾਂ ਨੰਬਰ ਵਾਲੇ ਮੋਟਰਸਾਈਕਲ ਲੋਕਾਂ ਤੋਂ ਖੋਹੇ ਮੋਬਾਈਲ ਫ਼ੋਨ ਅਤੇ ਜੁਰਮ ਕਰਨ ਲਈ ਵਰਤੇ ਦਾਤਰ ਬਰਾਮਦ ਕੀਤੇ ਗਏ ਹਨ।

ਇਹ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਮੰਡੀ ਗੋਬਿੰਦਗੜ੍ਹ ਸ੍ਰੀ ਅਰਸ਼ਦੀਪ ਸ਼ਰਮਾ ਨੇ ਦੱਸਿਆ ਕਿ ਪੁਲਿਸ ਪਾਰਟੀ ਗਸ਼ਤ ਅਤੇ ਚੈਕਿੰਗ ਲਈ ਬੱਸ ਸਟੈਂਡ, ਤੂਰਾਂ ਵਿਖੇ ਮੌਜੂਦ ਸੀ। ਜਦੋਂ ਪੁਲਿਸ ਪਾਰਟੀ ਨੂੰ ਇਹ ਇਤਲਾਹ ਮਿਲੀ ਕਿ ਮੰਡੀ ਗੋਬਿੰਦਗੜ੍ਹ ਖੇਤਰ ਵਿੱਚ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਮੁਲਜ਼ਮ ਰਾਕੇਸ਼ ਕੁਮਾਰ, ਰੇਸ਼ਮ ਸਿੱਧੂ, ਮਨੋਜ ਸਿੰਘ ਅਤੇ ਬੁੱਧੂ ਨਾਥ ਵਾਸੀ ਮਾਸਟਰ ਕਲੋਨੀ ਮੰਡੀ ਗੋਬਿੰਦਗੜ੍ਹ ਅਤੇ ਅਰਜਨ ਸਿੰਘ ਵਾਸੀ ਕੱਚਾ ਸ਼ਾਂਤੀ ਨਗਰ ਮੰਡੀ ਗੋਬਿੰਦਗੜ੍ਹ ਇਕੱਠੇ ਹੋ ਕੇ ਬੇਆਬਾਦ ਢੱਕੀ ਪਿੰਡ ਲਾਡਪੁਰ ਕੋਲ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ।

ਮਿਲੀ ਜਾਣਕਾਰੀ ਦੇ ਅਧਾਰ 'ਤੇ ਰੇਡ ਕਰ ਕੇ ਇਨ੍ਹਾਂ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ। ਜਿਨ੍ਹਾਂ ਖਿਲਾਫ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਨ੍ਹਾਂ ਮੁਲਜ਼ਮਾਂ ਨੂੰ ਕਾਬੂ ਕਰਨ ਵਾਲੀ ਟੀਮ ਵਿੱਚ ਏ.ਐਸ.ਆਈ. ਕਰਮਜੀਤ ਸਿੰਘ, ਏ.ਐਸ.ਆਈ ਨਾਜਰ ਸਿੰਘ, ਏ.ਐਸ.ਆਈ. ਬਲਜਿੰਦ ਸਿੰਘ, ਹੈਡ ਕਾਂਸਟੇਬਲ ਅਮਰਜੀਤ ਸਿੰਘ, ਸਿਪਾਹੀ ਸੁਖਦੀਪ ਸਿੰਘ, ਪੀਐਚਜੀ ਲਖਬੀਰ ਸਿੰਘ, ਗੁਰਮੁੱਖ ਸਿੰਘ ਸ਼ਾਮਲ ਸਨ।

ਥਾਣਾ ਮੁਖੀ ਸ੍ਰੀ ਅਰਸ਼ਦੀਪ ਸ਼ਰਮਾਂ ਨੇ ਦੱਸਿਆ ਕਿ ਪੰਜਾਬ ਪੁਲੀਸ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਵਚਨਬੱਧ ਹੈ ਤੇ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਥਾਣਾ ਮੁਖੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਾੜੇ ਅਨਸਰਾਂ ਤੋਂ ਬਿਲਕੁਲ ਨਾ ਘਬਰਾਉਣ ਸਗੋਂ ਡੱਟ ਕੇ ਪੁਲੀਸ ਨੂੰ ਸਹਿਯੋਗ ਦੇਣ ਤਾਂ ਜੋ ਮਾੜੇ ਅਨਸਰਾਂ ਨੂੰ ਕਾਬੂ ਕਰ ਕੇ ਉਹਨਾਂ ਖ਼ਿਲਾਫ਼ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਸ੍ਰੀ ਅਰਸ਼ਦੀਪ ਨੇ ਕਿਹਾ ਕਿ ਮੰਡੀ ਗੋਬਿੰਦਗੜ੍ਹ ਪੁਲੀਸ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾ ਰਹੀ ਹੈ ਤੇ ਸ਼ਹਿਰ ਨੂੰ ਹੋਰ ਸੁਰੱਖਿਅਤ ਬਨਾਉਣ ਹਿਤ ਵੱਖ-ਵੱਖ ਤਕਨੀਕੀ ਪੱਖਾਂ ਉੱਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

# 3 ਸਾਲਾ ਵਿਦਿਆਰਥਣ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਅਧਿਆਪਕ ਗ੍ਰਿਫ਼ਤਾਰ

**ਭੋਪਾਲ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਪੁਲੀਸ ਨੇ ਤਿੰਨ ਸਾਲਾਂ ਦੀ ਇਕ ਵਿਦਿਆਰਥਣ ਨਾਲ ਕਥਿਤ ਤੌਰ 'ਤੇ ਜਬਰ ਜਨਾਹ ਦੇ ਦੋਸ਼ਾਂ ਹੇਠ ਇੱਕ ਪ੍ਰਾਈਵੇਟ ਸਕੂਲ ਦੇ 28 ਸਾਲਾ ਅਧਿਆਪਕ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਡਿਪਟੀ ਕਮਿਸ਼ਨਰ ਪ੍ਰਿਅੰਕਾ ਸ਼ੁਕਲਾ ਨੇ ਦੱਸਿਆ ਕਿ ਸਕੂਲ ਪ੍ਰਬੰਧਨ ਵੱਲੋਂ ਕਥਿਤ ਤੌਰ 'ਤੇ ਸ਼ਿਕਾਇਤ ਨੂੰ ਨਜ਼ਰਅੰਦਾਜ਼ ਕਰਨ ਤੋਂ ਬਾਅਦ ਬੱਚੀ ਦੀ ਮਾਂ ਨੇ ਸੋਮਵਾਰ ਨੂੰ ਪੁਲੀਸ ਕੋਲ ਪਹੁੰਚ ਕੀਤੀ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਬੱਚੀ ਦੀ ਉਮਰ 3 ਸਾਲ ਸੱਤ ਮਹੀਨੇ ਹੈ। ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਪੁਲੀਸ ਨੇ ਜਾਣਕਾਰੀ ਹਾਸਲ ਕਰਨ ਲਈ ਸਕੂਲ ਦਾ ਦੌਰਾ ਕੀਤਾ ਅਤੇ ਕੰਪਿਊਟਰ ਅਧਿਆਪਕ ਕਾਸਿਮ ਰੇਹਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਧਿਕਾਰੀ ਨੇ ਕਿਹਾ ਕਿ ਬੱਚੇ ਦੀ ਮਾਂ ਦੇ ਅਨੁਸਾਰ ਉਸਨੇ ਆਪਣੀ ਧੀ ਦੇ ਗੁਪਤ ਅੰਗਾਂ ਵਿੱਚ ਸੱਟ ਦੇ ਨਿਸ਼ਾਨ ਦੇਖ ਕੇ ਸਕੂਲ ਪਹੁੰਚ ਕੇ ਸ਼ਿਕਾਇਤ ਕੀਤੀ, ਪਰ ਮੈਨੇਜਮੈਂਟ ਨੇ ਉਸਦੀ ਸ਼ਿਕਾਇਤ ਨੂੰ ਨਜ਼ਰਅੰਦਾਜ਼ ਕਰ ਦਿੱਤਾ।

# ਪੁਲਿਸ ਵਿਭਾਗ ਪਿੰਡਾਂ ਵਿਚ ਪਹੁੰਚ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਪ੍ਰਤੀ ਕਰਨਗੇ ਸੁਚੇਤ-ਵਧੀਕ ਡਿਪਟੀ ਕਮਿਸ਼ਨਰ



**ਫਾਜ਼ਿਲਕਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ *ਤੇ ਵਧੀਕ ਡਿਪਟੀ ਕਮਿਸ਼ਨਰ (ਵਿ) ਅਮਰਿੰਦਰ ਸਿੰਘ ਮੱਲੀ ਦੀ ਅਗਵਾਈ ਹੇਠ ਪੁਲਿਸ ਵਿਭਾਗ ਦੇ ਥਾਣਾ ਮੁਖੀ ਅਫਸਰਾਂ ਨਾਲ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਪਹਿਲਕਦਮੀਆਂ ਬਾਰੇ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਹੰਬਲਾ ਮਾਰਦੇ ਹੋਏ ਪਿੰਡਾਂ ਵਿਚ ਪਹੁੰਚ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਜਾਗਰੂਕ ਕਰੇਗਾ।

ਬੈਠਕ ਦੌਰਾਨ ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਦੇ ਅਧਿਕਾਰੀ ਪਿੰਡਾਂ ਵਿਚ ਗਸ਼ਤ ਕਰਦਿਆਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਜਾਗਰੂਕ ਕਰਨਗੇ ਤਾਂ ਜੋ ਵਾਤਾਵਰਣ ਪੱਖੀ ਅਤੇ ਬਚਿਆਂ ਦੀ ਸਿਹਤ ਪ੍ਰਤੀ ਸੁਚੇਤ ਹੁੰਦਿਆਂ ਪਰਾਲੀ ਅਤੇ ਰਹਿੰਦ-ਖੂਹੰਦ ਨੂੰ ਅੱਗ ਨਹੀਂ ਲਗਾਉਣਗੇ।

# ਡਿਪਟੀ ਕਮਿਸ਼ਨਰ ਵੱਲੋਂ ਜਾਨਵਰਾਂ ਦੇ ਹਮਲੇ ਤੇ ਜਾਨਵਰਾਂ ਕਰਕੇ ਹੁੰਦੇ ਹਾਦਸਿਆਂ ਦੇ ਮੁਆਵਜੇ ਬਾਰੇ ਕਮੇਟੀ ਦੀ ਬੈਠਕ



**ਪਟਿਆਲਾ, 19 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਾਨਵਰਾਂ ਦੇ ਹਮਲੇ ਤੇ ਜਾਨਵਰਾਂ ਕਰਕੇ ਹੁੰਦੇ ਹਾਦਸਿਆਂ ਦੇ ਮੁਆਵਜੇ ਬਾਰੇ ਕਮੇਟੀ ਦੀ ਬੈਠਕ ਕਰਕੇ ਮੁਆਵਜੇ ਲਈ ਆਏ ਕੇਸਾਂ ਉਪਰ ਵਿਚਾਰ ਕੀਤਾ। ਉਨ੍ਹਾਂ ਹਦਾਇਤ ਕੀਤੀ ਕਿ ਜਾਨਵਰਾਂ ਦੇ ਹਮਲੇ ਤੇ ਜਾਨਵਰਾਂ ਕਰਕੇ ਹੁੰਦੇ ਹਾਦਸਿਆਂ ਦੇ ਮੁਆਵਜੇ ਦੇ ਕਮੇਟੀ ਦੇ ਸਨਮੁੱਖ ਪੇਸ਼ ਕੀਤੇ ਗਏ ਸਾਰੇ ਕੇਸਾਂ ਦਾ ਨਿਪਟਾਰਾ 'ਦਾ ਪੰਜਾਬ ਕੰਪਨਸੇਸ਼ਨ ਟੂ ਦਾ ਵਿਕਟਮਜ਼ ਆਫ ਐਨੀਮਲ ਅਟੈਕਸ/ਐਕਸੀਡੈਂਟਸ ਪਾਲਿਸੀ-2023' ਮੁਤਾਬਕ ਹੀ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਸ਼ੂਆਂ ਕਰਕੇ ਹੁੰਦੇ ਹਾਦਸਿਆਂ ਵਿੱਚ ਮੁਆਵਜਾ ਕੇਵਲ ਮ੍ਰਿਤਕ ਦੇ ਪਰਿਵਾਰ ਨੂੰ ਹੀ ਨਹੀ ਬਲਕਿ ਜਖ਼ਮੀ ਹੋਏ ਬੰਦੇ ਨੂੰ ਵੀ ਦਿੱਤਾ ਜਾ ਸਕਦਾ ਹੈ। ਬਸ਼ਰਤੇ ਕਿ ਪੀੜਿਤ ਵਿਅਕਤੀ ਪੱਕੇ ਤੌਰ ਉਤੇ ਨਕਾਰਾ ਹੋ ਗਿਆ ਹੋਵੇ, ਜਿਸ ਲਈ ਸਿਵਲ ਸਰਜਨ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਲੋੜੀਂਦਾ ਹੋਵੇਗਾ ਅਤੇ ਕੇਸ ਸਬੰਧਤ ਐਸ.ਡੀ.ਐਮ. ਵੱਲੋਂ ਤਸਦੀਕ ਮਗਰੋਂ ਆਪਣੀ ਸਿਫ਼ਾਰਿਸ਼ ਨਾਲ ਹੀ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਭੇਜਿਆ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਸਬੰਧਤ ਕਾਰਜ ਸਾਧਕ ਅਫ਼ਸਰ, ਬੀ.ਡੀ.ਪੀ.ਓਜ਼ ਆਦਿ ਅਜਿਹੇ ਕੇਸਾਂ ਨੂੰ ਤਸਦੀਕ ਕਰਨ ਸਮੇਂ ਹਰ ਪੱਖ ਉਤੇ ਗੌਰ ਕਰਕੇ ਹੀ ਭੇਜਣ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਗੁਰਦਰਸ਼ਨ ਸਿੰਘ ਨੇ ਕਮੇਟੀ ਦੇ ਕਨਵੀਨਰ ਵਜੋਂ ਮੀਟਿੰਗ ਦੇ ਏਜੰਡੇ ਤੋਂ ਜਾਣੂੰ ਕਰਵਾਇਆ। ਮੀਟਿੰਗ ਦੌਰਾਨ ਸਹਾਇਕ ਡਾਇਰੈਕਟਰ ਡਾ. ਰਜਨੀਕ ਭੌਰਾ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਮੀਤ ਸਿੰਘ ਤੇ ਪੁਲਿਸ ਤੋਂ ਦਲੇਰ ਸਿੰਘ ਵੀ ਮੌਜੂਦ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ 68ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦਾ ਸ਼ਾਨਦਾਰ ਉਦਘਾਟਨ



**ਸੰਗਰੂਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਊਧਮ ਸਿੰਘ ਵਾਲਾ ਹਲਕੇ ਦੇ ਪਿੰਡ ਸਾਹੋਕੇ ਵਿਖੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਪ੍ਰਬੰਧਾਂ ਹੇਠ ਆਰੰਭ ਹੋਈਆਂ ਅੰਤਰ ਜ਼ਿਲਾ ਸਕੂਲੀ ਖੇਡਾਂ (ਵਾਲੀਬਾਲ) ਅੰਡਰ 19 ਉਮਰ ਵਰਗ ਦਾ ਉਦਘਾਟਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਪੌਣੇ ਤਿੰਨ ਸਾਲਾਂ ਤੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜਿਸ ਤਹਿਤ ਨਾ ਕੇਵਲ ਸਰਕਾਰੀ ਪੱਧਰ ਉੱਤੇ ਬਲਕਿ ਸਮਾਜ ਵਿੱਚ ਵੀ ਖੇਡਾਂ ਪ੍ਰਤੀ ਵੱਡੀ ਦਿਲਚਸਪੀ ਪੈਦਾ ਹੋਈ ਨਜ਼ਰ ਆ ਰਹੀ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸਾਲ 2022 ਦੌਰਾਨ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਸੂਬੇ ਦੇ ਕਰੀਬ 3.5 ਲੱਖ ਖਿਡਾਰੀਆਂ ਨੇ ਹਿੱਸਾ ਲਿਆ ਸੀ ਜਦਕਿ ਉਸ ਤੋਂ ਬਾਅਦ ਸਾਲ 2023 ਵਿੱਚ ਇਹਨਾਂ ਖਿਡਾਰੀਆਂ ਦੀ ਗਿਣਤੀ ਵੱਧ ਕੇ 4.5 ਲੱਖ ਤੇ ਪੁੱਜ ਗਈ ਸੀ ਅਤੇ ਸਾਡੇ ਸਾਰਿਆਂ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਅਗਸਤ ਮਹੀਨੇ ਵਿੱਚ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਤੋਂ ਆਰੰਭ ਹੋਏ ਖੇਡਾਂ ਦੇ ਇਸ ਮਹਾਂਕੁੰਭ ਦੇ ਤਹਿਤ ਇਸ ਵਾਰ ਲਗਭਗ 5.5 ਲੱਖ ਖ਼ਿਡਾਰੀਆਂ ਦੇ ਭਾਗ ਲੈਣ ਦੀ ਸੰਭਾਵਨਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਨ੍ਹਾਂ 68ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲੀ ਖੇਡ ਮੁਕਾਬਲਿਆਂ ਵਿੱਚ ਪੰਜਾਬ ਦੇ 23 ਜ਼ਿਲਿਆਂ ਅਤੇ ਚਾਰ ਵਿੰਗਾਂ ਦੇ ਲਗਭਗ 300 ਖਿਡਾਰੀ ਹਿੱਸਾ ਲੈ ਰਹੇ ਹਨ ਜੋ ਕਿ ਹਲਕਾ ਸੁਨਾਮ ਦੇ ਲੋਕਾਂ ਲਈ ਮਾਣ ਵਾਲੀ ਗੱਲ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਸੋਹਣਾ ਤੇ ਰੰਗਲਾ ਪੰਜਾਬ ਬਣਾਉਣ ਦੇ ਮਿੱਥੇ ਟੀਚੇ ਨੂੰ ਸਾਕਾਰ ਕਰਨ ਲਈ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਉਹਨਾਂ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਇੱਕ ਅਜਿਹਾ ਮਿਆਰੀ ਮੰਚ ਸਾਬਤ ਹੋ ਰਿਹਾ ਹੈ ਜਿੱਥੇ ਵੱਖ-ਵੱਖ ਉਮਰ ਵਰਗ ਦੇ ਖੇਡ ਮੁਕਾਬਲਿਆਂ ਵਿੱਚ ਇੱਕੋ ਹੀ ਪਰਿਵਾਰ ਨਾਲ ਸੰਬੰਧਿਤ ਤਿੰਨ ਤਿੰਨ ਪੀੜੀਆਂ ਦੇ ਖਿਡਾਰੀ ਬਲਾਕ, ਜ਼ਿਲਾ ਅਤੇ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈ ਰਹੇ ਹਨ ਜਿਸ ਵਿੱਚ ਕਈ ਥਾਈ, ਕਈ ਖੇਡਾਂ ਵਿੱਚ ਦਾਦੇ, ਪਿਓ ਅਤੇ ਪੋਤੇ ਵੀ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਦੇਖੇ ਗਏ ਹਨ।

ਅਮਨ ਅਰੋੜਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸੁਨਾਮ ਦੇ ਇਸ ਛੋਟੇ ਜਿਹੇ ਪਿੰਡ ਸਾਹੋਕੇ ਵਿੱਚ ਖੇਡਾਂ ਨੂੰ ਲੈ ਕੇ ਬੱਚਿਆਂ ਤੇ ਨੌਜਵਾਨ ਵਰਗ ਵਿੱਚ ਵੱਡਾ ਉਤਸ਼ਾਹ ਹੈ ਅਤੇ ਖੇਡਾਂ ਦੀ ਪ੍ਰਫੁਲਤਾ ਵਿੱਚ ਇਹ ਪਿੰਡ ਅਹਿਮ ਯੋਗਦਾਨ ਪਾ ਰਿਹਾ ਹੈ ਜਿਸ ਦੇ ਚਲਦਿਆਂ ਹੀ ਇਸ ਖੇਡ ਚੈਂਪੀਅਨਸ਼ਿਪ ਦਾ ਆਯੋਜਨ ਇਸ ਪਿੰਡ ਵਿੱਚ ਕਰਵਾਇਆ ਗਿਆ ਹੈ।

ਉਦਘਾਟਨੀ ਸਮਾਰੋਹ ਦੌਰਾਨ ਕੈਬਨਿਟ ਮੰਤਰੀ ਨੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਅਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਨੂੰ ਸਫਲ ਆਯੋਜਨ ਲਈ ਸਨਮਾਨਿਤ ਕੀਤਾ । ਇਸ ਮੌਕੇ ਜਿਲਾ ਸਿੱਖਿਆ ਅਫਸਰ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# CM ਹਾਊਸ ਖਾਲੀ ਕਰਨਗੇ ਅਰਵਿੰਦ ਕੇਜਰੀਵਾਲ, ਛੱਡਣਗੇ ਸਾਰੀਆਂ ਸਹੂਲਤਾਂ



**ਨਵੀਂ ਦਿੱਲੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰਵਿੰਦ ਕੇਜਰੀਵਾਲ ਇਕ ਹਫ਼ਤੇ ਦੇ ਅੰਦਰ ਸੀ. ਐਮ. ਹਾਊਸ ਖਾਲੀ ਕਰ ਦੇਣਗੇ। ਮੁੱਖ ਮੰਤਰੀ ਦੇ ਤੌਰ 'ਤੇ ਉਨ੍ਹਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲੀਆਂ ਹਨ, ਜਿਨ੍ਹਾਂ ਨੂੰ ਉਹ ਛੱਡ ਦੇਣਗੇ। ਕਿਉਂਕਿ ਹੁਣ ਉਹ ਸਿਰਫ਼ ਇਕ ਵਿਧਾਇਕ ਰਹਿ ਜਾਣਗੇ ਅਤੇ ਦਿੱਲੀ ਵਿਚ ਕਿਸੇ ਸਾਬਕਾ ਮੁੱਖ ਮੰਤਰੀ ਨੂੰ ਸਰਕਾਰੀ ਰਿਹਾਇਸ਼ ਮੁਹੱਈਆ ਕਰਾਉਣ ਦੀ ਵਿਵਸਥਾ ਨਹੀਂ ਹੈ। ਅਜਿਹੇ ਵਿਚ ਕੇਜਰੀਵਾਲ ਨੂੰ ਆਪਣੇ ਰਹਿਣ ਲਈ ਖ਼ੁਦ ਹੀ ਇੰਤਜ਼ਾਮ ਕਰਨਾ ਹੋਵੇਗਾ।

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਕੇਜਰੀਵਾਲ ਸਾਰੀਆਂ ਸਰਕਾਰੀ ਸਹੂਲਤਾਂ ਛੱਡ ਦੇਣਗੇ। ਸੰਜੇ ਨੇ ਇਹ ਵੀ ਕਿਹਾ ਕਿ ਜੇਕਰ ਕੇਜਰੀਵਾਲ ਮੁੱਖ ਮੰਤਰੀ ਨਹੀਂ ਬਣਨਗੇ ਤਾਂ ਭਾਜਪਾ ਪਾਰਟੀ ਫਰੀ ਬਿਜਲੀ-ਪਾਣੀ ਦੀ ਸਹੂਲਤ ਬੰਦ ਕਰ ਦੇਵੇਗੀ। ਇਸ ਦੇ ਨਾਲ ਹੀ ਸੰਜੇ ਸਿੰਘ ਨੇ ਇਹ ਵੀ ਕਿਹਾ ਕਿ ਅਜੇ ਕੇਜਰੀਵਾਲ ਕਿੱਥੇ ਰਹਿਣਗੇ ਇਹ ਤੈਅ ਨਹੀਂ ਹੈ ਪਰ ਜਲਦੀ ਹੀ ਕੋਈ ਟਿਕਾਣਾ ਤੈਅ ਕੀਤਾ ਜਾਵੇਗਾ। ਉਧਰ ਕੇਜਰੀਵਾਲ ਦਾ ਕਹਿਣਾ ਹੈ ਕਿ ਹੁਣ ਪਰਮਾਤਮਾ ਹੀ ਮੇਰੀ ਰੱਖਿਆ ਕਰਨਗੇ। ਮੈਂ ਘਰ ਛੱਡ ਦੇਵਾਂਗਾ। ਭਾਜਪਾ ਜੋ ਕਰ ਰਹੀ ਹੈ ਉਹ ਸਾਰਿਆਂ ਦੇ ਸਾਹਮਣੇ ਹੈ। ਪਾਰਟੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤੁਸੀਂ ਸੋਚੋ ਜੇਕਰ ਕੇਜਰੀਵਾਲ ਨਹੀਂ ਹੋਣਗੇ ਤਾਂ ਦਿੱਲੀ ਦਾ ਕੀ ਹੋਵੇਗਾ। ਮੁਫ਼ਤ ਸਿੱਖਿਆ ਅਤੇ ਇਲਾਜ ਕੌਣ ਦੇਵੇਗਾ, ਤੁਹਾਨੂੰ ਸੋਚਣਾ ਹੋਵੇਗਾ।

# ਡੇਰਾਬੱਸੀ ਅਤੇ ਬਰਵਾਲਾ ਵਿਚਾਲੇ ਚਲਦੇ ਗੈਰ-ਕਾਨੂੰਨੀ ਆਟੋ ਰਿਕਸ਼ਾ ਲੋਕਾਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਦੇ ਨਾਲ-ਨਸਲ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਲਗਾ ਰਹੇ ਹਨ ਖੋਰਾ

**ਡੇਰਾਬੱਸੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਅਤੇ ਬਰਵਾਲਾ ਦੇ ਵਚਾਲੇ ਬਿਨਾਂ ਕੋਈ ਟੈਕਸ ਭਰੇ ਜ਼ਾ ਪਰਮਿਟ ਹਾਸਲ ਕਰ ਚਲਦੇ ਗੈਰ-ਕਾਨੂੰਨੀ ਆਟੋ ਰਿਕਸ਼ਾ ਨਾ ਸਿਰਫ਼ ਸਰਕਾਰੀ ਖ਼ਜ਼ਾਨੇ ਦਾ ਚੂਨਾ ਲਗਾ ਰਹੇ ਹਨ ਸਗੋਂ ਲੋਕਾਂ ਦੀ ਜਾਨ ਨੂੰ ਵੀ ਖ਼ਤਰੇ ਵਿੱਚ ਪਾ ਰਹੇ ਹਨ।ਜਾਣਕਾਰੀ ਅਨੁਸਾਰ ਇਹ ਗੈਰ-ਕਾਨੂੰਨੀ ਆਟੋ ਰਿਕਸ਼ਾ ਪਿਛਲੇ ਕਾਫੀ ਸਮੇਂ ਤੋਂ ਅਧਿਕਾਰੀਆਂ ਵੱਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਗੈਰ ਕਨੂੰਨੀ ਤੌਰ ਤੇ ਚਲਦੇ ਇਹ ਆਟੋ ਗੰਭੀਰ ਮਸਲਾ ਬਣਦੇ ਜਾ ਰਹੇ ਹਨ। ਇਹ ਗੈਰ-ਰਜਿਸਟਰਡ ਵਾਹਨ ਨਾ ਸਿਰਫ ਟੈਕਸ ਚੋਰੀ ਕਰ ਰਹੇ ਹਨ, ਬਲਕਿ ਸੜਕ 'ਤੇ ਸਵਾਰੀਆਂ ਅਤੇ ਹੋਰ ਯਾਤਰੀਆਂ ਦੀ ਸੁਰੱਖਿਆ ਲਈ ਵੀ ਖਤਰਾ ਬਣਦੇ ਜ਼ਾ ਰਹੇ ਹਨ। ਉਚਿਤ ਪਰਮਿਟਾਂ ਅਤੇ ਨਿਯਮਾਂ ਦੀ ਘਾਟ ਦਾ ਇਹ ਵੀ ਮਤਲਬ ਹੈ ਕਿ ਇਹਨਾਂ ਆਟੋ ਰਿਕਸ਼ਾ ਨੂੰ ਕਿਸੇ ਵੀ ਸੁਰੱਖਿਆ ਜਾਂਚ ਦੇ ਅਧੀਨ ਨਹੀਂ ਗੁਜਰਨਾ ਪੈਂਦਾ, ਜਿਸ ਨਾਲ ਇਹ ਸੜਕ 'ਤੇ ਸੰਭਾਵੀ ਖਤਰੇ ਸਿੱਧ ਹੁੰਦੇ ਰਹੇ ਹਨ ਅਤੇ ਇਨ੍ਹਾਂ ਕਾਰਨ ਕਈ ਸਵਾਰੀਆਂ ਨੂੰ ਗੰਭੀਰ ਨਤੀਜੇ ਵੀ ਭੁਗਤਣੇ ਪੈ ਚੁਕੇ ਹਨ। ਸਥਾਨਕ ਵਸਨੀਕਾਂ ਨੇ ਇਸ ਮੁੱਦੇ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਲ ਅਧਿਕਾਰੀਆਂ ਨੂੰ ਇਨ੍ਹਾਂ ਗੈਰ-ਕਾਨੂੰਨੀ ਆਟੋ ਰਿਕਸ਼ਿਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਜਿਨ੍ਹਾਂ ਨੇ ਇਨ੍ਹਾਂ ਗੈਰ-ਰਜਿਸਟਰਡ ਵਾਹਨਾਂ ਦੀ ਵਰਤੋਂ ਕਰਨ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ, ਕਿਉਂਕਿ ਇਹ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨਹੀਂ ਕਰਦੇ ਹਨ ਅਤੇ



ਲੋਕਾਂ ਦੀ ਜਾਨ ਨੂੰ ਜੋਖਮ ਵਿੱਚ ਪਾਉਂਦੇ ਹਨ। ਇਨ੍ਹਾਂ ਆਟੋ ਰਿਕਸੀਆਂ 'ਚੋਂ ਜ਼ਿਆਦਾਤਰ ਵਾਹਨ 10 ਤੋਂ 15 ਸਾਲ ਪੁਰਾਣੇ ਹਨ। ਜਿਆਦਾਤਰ ਆਟੋ ਖਸਤਾ ਹਾਲਤ ਵਿੱਚ ਹਨ। ਹਰ ਰੋਜ਼ ਉਨ੍ਹਾਂ ਦੀਆਂ ਟਿਊਬਾਂ, ਟਾਇਰ ਫਟ ਜਾਂਦੇ ਹਨ ਅਤੇ ਵਾਹਨ ਪਲਟ ਜਾਂਦੇ ਹਨ। ਇਨ੍ਹਾਂ ਆਟੋ ਰਿਕਸੀਆਂ ਵਿੱਚ 8 ਤੋਂ 10 ਸਵਾਰੀਆਂ ਓਵਰਲੋਡ ਭਰ ਕੇ ਚੱਲ ਰਹੀਆਂ ਹਨ। ਇਹ ਆਟੋ ਰਿਕਸ਼ੇ ਸਿਰਫ਼ ਪੇਂਡੂ ਰੂਟਾਂ 'ਤੇ ਹੀ ਨਹੀਂ ਚੱਲ ਰਹੇ, ਸ਼ਹਿਰ ਦੇ ਅੰਦਰ ਵੀ ਇਨ੍ਹਾਂ ਵਾਹਨਾਂ ਦੀ ਕਾਫੀ ਗਿਣਤੀ ਹੈ। ਪਰ ਇਨ੍ਹਾਂ ਆਟੋਆਂ ਦੀ ਕਦੇ ਚੈਕਿੰਗ ਨਹੀਂ ਕੀਤੀ ਜਾਂਦੀ। ਜਿਆਦਾਤਰ ਕੋਲ ਫਿਟਨੈਸ ਅਤੇ ਪਰਮਿਟ ਵੀ ਨਹੀਂ ਹਨ। ਫਿਰ ਵੀ ਇਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ। ਵਾਹਨਾਂ ਦੀ ਚੈਕਿੰਗ ਅਤੇ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਦੀ ਹੈ। ਪਰ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਦਫ਼ਤਰ ਵਿੱਚ ਹੀ ਬੈਠੇ ਰਹਿੰਦੇ ਹਨ। ਆਰ.ਟੀ.ਓ ਵੀ ਕਦੇ-ਕਦਾਈਂ ਡੇਰਾਬੱਸੀ ਆਉਂਦੇ ਹਨ।

ਇਸ ਦੇ ਨਾਲ ਹੀ ਟ੍ਰੈਫਿਕ ਪੁਲਿਸ ਸੜਕਾਂ 'ਤੇ ਤੇਜ਼ ਰਫਤਾਰ, ਹੈਲਮੇਟ ਤੋਂ ਬਿਨਾਂ ਅਤੇ ਹੋਰ ਵਾਹਨਾਂ ਦੀ ਜਾਂਚ ਹੀ ਕਰਦੀ ਹੈ।

# ਜਿਲ੍ਹਾ ਸਿਹਤ ਵਿਭਾਗ ਦੀ ਟੀਮ ਵੱਲੋਂ ਨੈਸਲੇ ਕੰਪਨੀ ਦਾ ਮਾਰਕਾ ਲੱਗੇ ਦੇਸੀ ਘਿਓ ਦੇ ਭਰੇ ਸੈਂਪਲ: ਜਿਲਾ ਸਿਹਤ ਅਫਸਰ ਡਾ. ਗੁਰਪ੍ਰੀਤ ਕੌਰ



ਜਿਲ੍ਹਾ ਸਿਹਤ ਵਿਭਾਗ ਦੀ ਟੀਮ ਦੇਸੀ ਘਿਓ ਦੇ ਸੈਂਪਲ ਲੈਂਦੇ ਹੋਏ ।

**ਪਟਿਆਲਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਸਿਹਤ ਵਿਭਾਗ ਦੇ ਹੁਕਮਾਂ ਅਨੁਸਾਰ ਲੋਕਾਂ ਨੂੰ ਸਾਫ ਸੁਥਰਾ ਖਾਧ ਪਦਾਰਥ ਮੁਹਈਆ ਕਰਵਾਉਣ, ਖਾਧ ਪਦਾਰਥਾਂ ਵਿੱਚ ਹੁੰਦੀ ਮਿਲਾਵਟਖੋਰੀ ਨੂੰ ਰੋਕਣ ਲਈ ਜਿਲਾ ਸਿਹਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਮਿਲਾਵਟੀ ਵਸਤਾਂ ਵੇਚਣ ਵਾਲਿਆ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ।ਇਸੇ ਕੜੀ ਤਹਿਤ ਜਿਲਾ ਸਿਹਤ ਵਿਭਾਗ ਦੀ ਟੀਮ ਵੱਲੋਂ ਨਾਭਾ ਸ਼ਹਿਰ ਵਿੱਚ ਵਿਕ ਰਹੇ ਨੈਸਲੇ ਕੰਪਨੀ ਦਾ ਮਾਰਕਾ ਲਗਾ ਕੇ ਵੇਚੇ ਜਾ ਰਹੇ ਦੇਸੀ ਘਿਉ ਦੇ ਸੈਂਪਲ ਲਏ ਗਏ ।ਜਿਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲਾ ਸਿਹਤ ਅਫਸਰ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਥਾਣਾ ਕੋਤਵਾਲੀ ਨਾਭਾ ਵੱਲੋਂ ਨਾਭਾ ਵਿੱਚ ਨੈਸਲੇ ਕੰਪਨੀ ਦੇ ਮਾਰਕੇ ਵਾਲਾ ਘਿਉ ਵੇਚੇ ਜਾਣ ਵਾਲੀ ਗੱਡੀ ਫੜਨ ਸਬੰਧੀ ਪੱਤਰ ਪ੍ਰਾਪਤ ਹੋਇਆ ਜਿਸ ਉਪਰੰਤ ਜਿਲਾ ਸਿਹਤ ਅਫਸਰ ਡਾ. ਗੁਰਪ੍ਰੀਤ ਕੌਰ ਦੀ ਅਗਵਾਈ ਵਿੱਚ ਜਸਵਿੰਦਰ ਸਿੰਘ ਫੂਡ ਸੇਫਟੀ ਅਫਸਰ ਅਤੇ ਰਾਜ ਕੁਮਾਰ ਦਰਜਾ ਚਾਰ ਦੀ ਟੀਮ ਬਣਾ ਕੇ ਸਬੰਧਿਤ ਗੱਡੀ ਵਿੱਚ ਮੌਜੂਦ ਘਿਉ ਦੇ ਸੈਂਪਲ ਲਏ ਗਏ ਅਤੇ ਜਾਂਚ ਲਈ ਲੈਬਾਰਟਰੀ ਵਿੱਚ ਭੇਜ ਦਿੱਤੇ ਗਏ ਹਨ। ਜਾਂਚ ਰਿਪੋਰਟ ਆਉਣ ਉਰੰਤ ਸਬੰਧਿਤ ਧਿਰ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਖਾਧ ਪਦਾਰਥ ਬਣਾਉਣ ਅਤੇ ਵਿਕਰੀ ਸਮੇਂ ਨਿੱਜੀ ਸਾਫ ਸਫਾਈ ,ਅਦਾਰੇ ਵਿੱਚ ਕੰਮ ਕਰਨ ਵਾਲੀਆਂ ਥਾਂਵਾ ਦੀ ਸਾਫ ਸਫਾਈ ਅਤੇ ਖਾਧ ਪਦਾਰਥਾਂ ਦੇ ਮਿਆਰ ਅਤੇ ਗੁਣਵੱਤਾ ਨੂੰ ਕਾਇਮ ਰੱਖਿਆ ਜਾਵੇ।ਉਨ੍ਹਾਂ ਜਿਲ੍ਹੇ ਅਧੀਨ ਆਉਂਦੇ ਸਾਰੇ ਮਿਠਾਈਆਂ, ਬੇਕਰੀ, ਹੋਟਲ, ਢਾਬੇ ਵਾਲਿਆਂ ਆਦਿ ਖਾਧ ਪਦਾਰਥਾਂ ਦਾ ਉਤਪਾਦ ਅਤੇ ਵਿਕਰੀ ਕਰਨ ਵਾਲਿਆਂ ਨੂੰ ਆਪਣੀ ਰਜਿਸ਼ਟਰੇਸ਼ਨ ਫੂਡ ਸੇਫਟੀ ਐਂਡ ਸਟੈਂਡਰਡ ਐਕਟ ਤਹਿਤ ਕਰਵਾਉਣ ਦੀ ਅਪੀਲ ਵੀ ਕੀਤੀ। ਸਬ-ਸਟੈਂਡਰਡ ਅਤੇ ਮਿਲਾਵਟੀ ਖਾਧ ਪਦਾਰਥ ਵੇਚਣ ਵਾਲਿਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਗੁਰੂ ਸਾਹਿਬਾਨ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ



**ਪਟਿਆਲਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਦੀਵਾਨ ਹਾਲ ਵਿਖੇ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਭਾਈ ਭੁਪਿੰਦਰਪਾਲ ਸਿੰਘ ਵੱਲੋਂ ਕੀਤੀ ਅਰਦਾਸਾ ਉਪਰੰਤ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਸਾਹਿਬਾਨ ਨਾਲ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਧਾਰਮਕ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਥੇ ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਪੁਰਬ ਸ਼ਤਾਬਦੀ ਰੂਪ ਵਿਚ ਪਾਵਨ ਧਰਤੀ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਨਾ ਰਹੀ ਹੈ, ਉਥੇ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਤਾਗੱਦੀ ਦਿਵਸ ਵੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਮੈਨੇਜਰ ਰਜਿੰਦਰ ਸਿੰਘ ਨੇ ਦੱਸਿਆ ਕਿ ਦੋਵੇਂ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਤਾਬਦੀ ਸਮਾਗਮ ਸਬੰਧੀ ਧਾਰਮਕ ਪ੍ਰੋਗਰਾਮ ਕਰਵਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋ ਚੁੱਕੀ ਹੈ, ਜਿਨ੍ਹਾਂ ਦੇ ਭੋਗ 19 ਸਤੰਬਰ ਨੂੰ ਸਵੇਰੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ 10.30 ਵਜੇ ਪਾਏ ਜਾਣਗੇ ਅਤੇ ਇਸ ਦੌਰਾਨ ਹਜ਼ੂਰੀ ਰਾਗੀ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਮੀਤ ਮੈਨੇਜਰ ਭਾਗ ਸਿੰਘ ਚੌਹਾਨ, ਸੁਰਜੀਤ ਸਿੰਘ ਕੌਲੀ, ਆਤਮ ਪ੍ਰਕਾਸ਼ ਸਿੰਘ ਬੇਦੀ, ਅਕਾਊਟੈਂਟ ਗੁਰਮੀਤ ਸਿੰਘ, ਭਾਈ ਤਰਸਵੀਰ ਸਿੰਘ, ਭਾਈ ਹਜੂਰ ਸਿੰਘ, ਭਾਈ ਹਰਵਿੰਦਰ ਕਾਹਲਵਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ,ਸਟਾਫ ਤੇ ਸੰਗਤਾਂ ਆਦਿ ਸ਼ਮਲ ਸਨ।

# ਗਰਾਂਟ ਰੋਕਣ ਦਾ ਮੁੱਦਾ ਚੁੱਕਣ ’ਤੇ ਗੁਰਲਾਲ ਘਨੌਰ ਦਾ ਸਨਮਾਨ



ਵਿਧਾਇਕ ਗੁਰਲਾਲ ਘਨੌਰ ਦਾ ਸਨਮਾਨ ਕਰਦੇ ਹੋਏ ਪਾਲ ਸਿੰਘ ਰਾਣਾ ਤੇ ਹੋਰ।

**ਘਨੌਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘਨੌਰ ਵਿਧਾਨ ਸਭਾ ਹਲਕੇ ਦੇ ਕਈ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਂਟ ’ਤੇ ਲੱਗੀ ਰੋਕ ਦਾ ਮੁੱਦਾ ਵਿਧਾਨ ਸਭਾ ਵਿੱਚ ਚੁੱਕਣ ’ਤੇ ਘਨੌਰ ਦੇ ‘ਆਪ’ ਵਿਧਾਇਕ ਗੁਰਲਾਲ ਘਨੌਰ ਦਾ ਅੱਜ ਪਿੰਡ ਪੱਬਰਾ ਦੇ ਸਾਬਕਾ ਸਰਪੰਚ ਪਾਲ ਸਿੰਘ ਰਾਣਾ ਅਤੇ ਸਵਰਨ ਸਿੰਘ ਪੱਬਰੀ ਦੀ ਅਗਵਾਈ ਹੇਠ ਸਨਮਾਨ ਕੀਤਾ ਗਿਆ। ਲੋਕਾਂ ਦਾ ਕਹਿਣਾ ਸੀ ਕਿ ਲੰਬੇ ਸਮੇਂ ਤੋਂ ਹਲਕੇ ਦੇ 80 ਤੋਂ ਜ਼ਿਆਦਾ ਪਿੰਡਾਂ ਦੇ ਵਿਕਾਸ ਦਾ ਮੁੱਦਾ ਚੁੱਕ ਕੇ ਵਿਧਾਇਕ ਨੇ ਲੋਕਾਂ ਲਈ ਵੱਡੀ ਰਾਹਤ ਦਾ ਕੰਮ ਕੀਤਾ ਹੈ ਕਿਉਂਕਿ ਇਨ੍ਹਾਂ ਪਿੰਡਾਂ ਦੇ ਖਾਤੇ ਸੀਜ਼ ਹੋਣ ਕਰਕੇ ਨਾ ਤਾਂ ਕੋਈ ਪੈਸਾ ਖਰਚਿਆ ਜਾ ਸਕਦਾ ਹੈ ਅਤੇ ਨਾ ਹੀ ਪੰਚਾਇਤ ਦੇ ਖਾਤਿਆਂ ’ਚੋਂ ਵਿਕਾਸ ਕਾਰਜਾਂ ਵਾਸਤੇ ਕੋਈ ਪੈਸਾ ਕਢਵਾਇਆ ਜਾ ਸਕਦਾ ਹੈ।

ਪਾਲ ਸਿੰਘ ਰਾਣਾ ਨੇ ਕਿਹਾ ਕਿ ਗੁਰਲਾਲ ਘਨੌਰ ਵੱਲੋਂ ਵੈਸੇ ਵੀ ਹਲਕੇ ਦੀ ਨੁਹਾਰ ਬਦਲਣ ਵਾਸਤੇ ਸ਼ਿੱਦਤ ਨਾਲ ਕੰਮ ਕੀਤਾ ਜਾ ਰਿਹਾ ਹੈ। ਸਵਰਨ ਸਿੰਘ ਪੱਬਰੀ ਨੇ ਕਿਹਾ ਕਿ ਜਦੋਂ ਤੱਕ ਪੰਚਾਇਤਾਂ ਦੇ ਫੰਡਾਂ ’ਤੇ ਲੱਗੀ ਰੋਕ ਨਹੀਂ ਹਟੇਗੀ, ਉਦੋਂ ਤੱਕ ਇਨ੍ਹਾਂ ਪਿੰਡਾਂ ਵਿੱਚ ਵਿਕਾਸ ਕਾਰਜ ਹੋਣੇ ਬਹੁਤ ਔਖੇ ਹਨ।

# ਯੂਥ ਕਾਂਗਰਸ ਨੇ ਬਿੱਟੂ ਦਾ ਪੁਤਲਾ ਫੂਕਿਆ

**ਪਟਿਆਲਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਆਗੂ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਰਾਹੁਲ ਗਾਂਧੀ ਖ਼ਿਲਾਫ਼ ਕੀਤੀ ਟਿੱਪਣੀ ਖ਼ਿਲਾਫ਼ ਇੱਥੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਸ਼ਰਮਾ ਕਾਲੂ ਦੀ ਅਗਵਾਈ ਹੇਠ ਕਾਂਗਰਸੀ ਕਾਰਕੁਨਾਂ ਵੱਲੋਂ ਵਿਸ਼ਾਲ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਕਾਂਗਰਸੀ ਕਾਰਕੁਨਾਂ ਨੇ ਰਵਨੀਤ ਬਿੱਟੂ ਦਾ ਪੁਤਲਾ ਫੂਕਦੇ ਹੋਏ ਨਾਅਰੇਬਾਜ਼ੀ ਕੀਤੀ। ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਕਾਲੂ ਨੇ ਕਿਹਾ ਕਿ ਰਵਨੀਤ ਬਿੱਟੂ ਕਾਂਗਰਸ ਪਾਰਟੀ ਤੋਂ ਮਿਲੇ ਮਾਣ-ਸਨਮਾਨ ਨੂੰ ਭੁੱਲ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨਾਲ ਗ਼ੱਦਾਰੀ ਕਰਕੇ ਹੀ ਬਿੱਟੂ ਨੂੰ ਭਾਜਪਾ ਨੇ ਮੰਤਰੀ ਬਣਾਇਆ ਹੈ, ਹੁਣ ਬਿੱਟੂ ਭਾਜਪਾ ਤੋਂ ਹੋਰ ਵੀ ਵੱਡੀ ਆਸ ਵਿਚ ਹਨ। ਇਸ ਲਈ ਉਹ ਕਾਂਗਰਸੀ ਆਗੂਆਂ ਵਿਰੁੱਧ ਬੋਲ ਰਹੇ ਹਨ। ਸੰਜੀਵ ਕਾਲੂ ਨੇ ਬਿੱਟੂ ਨੇ ਦਿੱਤੇ ਬਿਆਨ ਦੀ ਸਖ਼ਤ ਸ਼ਬਦਾਂ ’ਚ ਨਿਖੇਧੀ ਕਰਦਿਆਂ ਕਿਹਾ ਕਿ ਅਜਿਹਾ ਬਿਆਨ ਦੇਣਾ ਰਵਨੀਤ ਬਿੱਟੂ ਦੀ ਬਿਮਾਰ ਮਾਨਸਿਕਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਯੂਥ ਕਾਂਗਰਸ ਦੀ ਸਮੁੱਚੀ ਟੀਮ ਨੇ ਰਵਨੀਤ ਬਿੱਟੂ ਦਾ ਪੁਤਲਾ ਫੂਕ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਕੌਂਸਲਰ ਸੇਵਕ ਸਿੰਘ ਝਿੱਲ, ਕੌਂਸਲਰ ਅਮਰਪ੍ਰੀਤ ਸਿੰਘ ਬੌਬੀ, ਕੌਂਸਲਰ ਹਰਦੀਪ ਸਿੰਘ ਖਹਿਰਾ, ਕੌਂਸਲਰ ਅਰੁਣ ਤਿਵਾੜੀ, ਮੀਤ ਪ੍ਰਧਾਨ ਭੁਵੇਸ਼ ਤਿਵਾੜੀ, ਪ੍ਰਧਾਨ ਯੂਥ ਕਾਂਗਰਸ ਹਲਕਾ ਪਟਿਆਲਾ ਦਿਹਾਤੀ ਮਾਧਵ ਸਿੰਗਲਾ, ਪ੍ਰਧਾਨ ਯੂਥ ਕਾਂਗਰਸ ਹਲਕਾ ਪਟਿਆਲਾ ਸ਼ਹਿਰੀ ਅਭੀਨਵ ਸ਼ਰਮਾ, ਅਨਿਲ ਮਹਿਤਾ, ਗੁਰਮੀਤ ਚੌਹਾਨ ਚੇਅਰਮੈਨ ਬੀਸੀਸੈੱਲ, ਪਰਮਵੀਰ ਸਿੰਘ ਟਿਵਾਣਾ, ਗੁਰਮੀਤ ਸਿੰਘ ਪੰਜਾਬ ਕਨਵੀਨਰ ਜਵਾਹਰ ਬਾਲ ਮੰਚ, ਪਰਵੀਨ ਰਾਵਤ ਚੇਅਰਮੈਨ ਜਵਾਹਰ ਬਾਲ ਮੰਚ ਜ਼ਿਲ੍ਹਾ ਪਟਿਆਲਾ ਤੇ ਤਨੁਜ ਮੋਦੀ ਆਦਿ ਹਾਜ਼ਰ ਸਨ।

# ਭਾਈ ਜੀਵਨ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਪਾਤੜਾਂ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਗੁਲਾਹੜ ਦੇ ਗੁਰਦੁਆਰਾ ਸਾਹਿਬ ਵਿੱਚ ਭਾਈ ਜੀਵਨ ਸਿੰਘ ਦਾ 363ਵਾਂ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਰਾਗੀ ਤੇ ਢਾਡੀ ਜਤਿਆਂ ਨੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਸਮਾਗਮ ਵਿੱਚ ਪਹੁੰਚੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੂੰ ਲੋਕ ਹੱਕਾਂ ਲਈ ਲਗਾਤਾਰ ਸੰਘਰਸ਼ ਕਰਨ ਬਦਲੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਿੱਖ ਇਤਿਹਾਸਕਾਰ ਅਤੇ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ ਦੇ ਗਿਆਨੀ ਮਨਦੀਪ ਸਿੰਘ, ਬਾਬਾ ਜੱਗੀ ਪੰਧੇਰ, ਸਰਪੰਚ ਬੂਟਾ ਸਿੰਘ, ਸਾਹਿਬ ਸਿੰਘ, ਅੰਮ੍ਰਿਤਪਾਲ ਸਿੰਘ, ਦਲੇਰ ਸਿੰਘ, ਗੁਰਮੀਤ ਸਿੰਘ, ਮੁਖਤਿਆਰ ਸਿੰਘ ਤੇ ਗਿਆਨੀ ਰਛਪਾਲ ਸਿੰਘ ਆਦਿ ਹਾਜ਼ਰ ਸਨ।

# ਟਰੈਫਿਕ ਪੁਲਿਸ ਨੇ ਧੂਰੀ ਸ਼ਹਿਰ ਦੀਆਂ ਸੜਕਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਦੀ ਮੁਹਿੰਮ ਕੀਤੀ ਸ਼ੁਰੂ



**ਧੂਰੀ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇੰਚਾਰਜ ਟਰੈਫਿਕ ਜ਼ਿਲਾ ਪੁਲਿਸ ਸੰਗਰੂਰ ਥਾਣੇਦਾਰ ਪਵਨ ਕੁਮਾਰ ਦੀ ਅਗਵਾਈ ‘ਚ ਪੁਲਿਸ ਦੀ ਟੀਮ ਵਲੋਂ ਕਾਰਵਾਈ ਕਰਦੇ ਹੋਏ ਧੂਰੀ ਚੋਂ ਨਾਜਾਇਜ਼ ਕਬਜ਼ੇ ਹਟਾਏ ਗਏ। ਟ੍ਰੈਫਿਕ ਪੁਲਿਸ ਦੀ ਟੀਮ ਵੱਲੋਂ ਸੜਕ ਕਿਨਾਰੇ ਲਗਾਈਆਂ ਗਈਆਂ ਸਬਜ਼ੀ, ਜੂਸ ਤੇ ਫਾਸਟ ਫੂਡ ਦੀਆਂ ਰੇਹੜੀਆਂ ਵਾਲਿਆਂ ਨੂੰ ਨੋਟਿਸ ਦਿੰਦੇ ਹੋਏ ਜਲਦ ਨਾਜਾਇਜ਼ ਕਬਜ਼ੇ ਹਟਾਉਣ ਲਈ ਚੇਤਾਵਨੀ ਦਿੱਤੀ ਗਈ।

ਥਾਣੇਦਾਰ ਪਵਨ ਕੁਮਾਰ ਨੇ ਦੱਸਿਆ ਕਿ ਸ਼ਾਮ ਵੇਲੇ ਕੰਮਕਾਜ ਵਾਲੇ ਲੋਕਾਂ ਦੀ ਘਰ ਵਾਪਸੀ ਹੋਣ ਕਾਰਨ ਰੋਡ ਉਪਰ ਜ਼ਿਆਦਾ ਟ੍ਰੈਫਿਕ ਹੋ ਜਾਂਦੀ ਹੈ ਤੇ ਰੇਹੜੀਆਂ ਵਾਲਿਆਂ ਤੇ ਦੁਕਾਨਦਾਰਾਂ ਵੱਲੋਂ ਬਾਹਰ ਸਮਾਨ ਲਗਾ ਕੇ ਕੀਤੇ ਗਏ ਨਜਾਇਜ਼ ਕਬਜ਼ਿਆਂ ਕਾਰਨ ਰੋਡ ਉਪਰ ਜਾਮ ਲੱਗਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਦੀ ਟੀਮ ਪਹਿਲਾਂ ਵੀ ਕਈ ਵਾਰ ਦੁਕਾਨਦਾਰਾਂ ਤੇ ਰੇਹੜੀਆਂ ਲਗਾਉਣ ਵਾਲਿਆਂ ਨੂੰ ਨਜਾਇਜ਼ ਕਬਜ਼ੇ ਹਟਾਉਣ ਲਈ ਚੇਤਾਵਨੀ ਦੇ ਚੁੱਕੀ ਹੈ ਪਰ ਕੁਝ ਦਿਨਾਂ ਬਾਅਦ ਹਾਲ ਫਿਰ ਉਹੀ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰੇਹੜੀਆਂ ਵਾਲਿਆਂ ਕਾਰਨ ਟ੍ਰੈਫਿਕ ਦੀ ਵਧਦੀ ਜਾ ਰਹੀ ਇਸ ਸਮੱਸਿਆ ਨੂੰ ਵੇਖਦਿਆਂ ਨਜਾਇਜ਼ ਕਬਜ਼ੇ ਕਰਵਾਉਣ ਵਾਲੇ ਦੁਕਾਨਦਾਰਾਂ ਤੇ ਰੇਹੜੀਆਂ ਵਾਲਿਆਂ ਨੂੰ ਨੋਟਿਸ ਜਾਰੀ ਕਰਦਿਆਂ ਰੇਹੜੀਆਂ ਸੜਕ ਤੋਂ ਪਿੱਛੇ ਹਟਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਨੋਟਿਸ ਦੇਣ ਉਪਰੰਤ ਵੀ ਜੇਕਰ ਆਉਣ ਵਾਲੇ ਦਿਨਾਂ ’ਚ ਕਿਸੇ ਵੀ ਦੁਕਾਨਦਾਰ ਜਾਂ ਰੇਹੜੀ ਵਾਲੇ ਨੇ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ੇ ਕਰਦੇ ਹੋਏ ਟ੍ਰੈਫਿਕ ਸਮੱਸਿਆ ਵਧਾਈ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਦੁਕਾਨਾਂ ਦੇ ਬਾਹਰ ਸਮਾਨ ਰੱਖ ਕੇ ਟਰੈਫਿਕ ਵਿੱਚ ਵਿਘਨ ਨਾ ਪਾਇਆ ਜਾਵੇ ਨਹੀਂ ਤਾਂ ਅਗਲੀ ਵਾਰ ਸਮਾਨ ਨੂੰ ਜ਼ਬਤ ਕਰ ਲਿਆ ਜਾਵੇਗਾ।

# ਪੈਰਾ ਮਿਲਟਰੀ ਫੋਰਸਿਸ ਦੇ ਲਿਖਤੀ ਪੇਪਰ ਅਤੇ ਪੰਜਾਬ ਪੁਲਿਸ ਦੀ ਫਿਜ਼ੀਕਲ ਟ੍ਰੇਨਿੰਗ ਸੁਰੂ

**ਸ੍ਰੀ ਮੁਕਤਸਰ ਸਾਹਿਬ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟ੍ਰੇਨਿੰਗ ਅਧਿਕਾਰੀ, ਕੈਪਟਨ ਲਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ (ਬਾਦਲ - ਲੰਬੀ ਰੋਡ) ਵੱਲੋਂ ਜਿਲ੍ਹਾ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜਿਲਕਾ ਦੇ ਯੁਵਕਾਂ ਲਈ ਭਾਰਤ ਸਰਕਾਰ ਵੱਲੋਂ ਵੱਖ-ਵੱਖ ਫੋਰਸਾ ਲਈ ਕੱਢੀਆ 39481 ਪੋਸਟਾ ਐਸ.ਐਸ.ਸੀ (ਜੀ.ਡੀ) ਬੀ.ਐਸ.ਐਫ., ਸੀ.ਆਈ.ਐਸ.ਐਫ., ਸੀ.ਆਰ.ਪੀ.ਐਫ., ਐਸ.ਐਸ.ਬੀ., ਆਈ.ਜੀ.ਬੀ.ਪੀ., ਅਸਾਮ ਰਾਈਫਲਜ (ਏ.ਆਰ), ਐਸ.ਐਸ.ਐਫ. ਐਂਡ ਐਨ.ਸੀ.ਬੀ ਆਦਿ ਦੇ ਲਿਖਤੀ ਪੇਪਰ ਅਤੇ ਪੰਜਾਬ ਪੁਲਿਸ ਦਾ ਟੈਸਟ ਪਾਸ ਕਰ ਚੁੱਕੇ ਯੁਵਕਾਂ ਦੀ ਫਿਜੀਕਲ ਟ੍ਰੇਨਿੰਗ ਦੀ ਤਿਆਰੀ ਲਈ ਸਿਖਲਾਈ ਕੈਂਪ ਸੁਰੂ ਕੀਤਾ ਜਾ ਰਿਹਾ ਹੈ ।

ਉਹਨਾਂ ਅੱਗੇ ਦੱਸਿਆ ਕਿ ਇਹਨਾਂ ਪੋਸਟਾ ਲਈ ਆਨ-ਲਾਈਨ ਅਪਲਾਈ 14 ਅਕਤੂਬਰ 2024 ਤੱਕ https://ssc.gov.in ਵੈੱਬਸਾਈਟ ਤੇ ਕੀਤਾ ਜਾ ਸਕਦਾ ਹੈ ।

ਸਿਖਲਾਈ ਲੈਣ ਦੇ ਚਾਹਵਾਨ ਯੁਵਕ ਹੇਠ ਲਿਖੇ ਦਸਤਾਵੇਜ ਲੈ ਕੇ ਬਾਦਲ ਲੰਬੀ ਮੇਨ ਰੋਡ ਤੇ ਪੈਂਦੇ ਪਿੰਡ ਕਾਲਝਰਾਣੀ ਵਿਖੇ ਨਿੱਜੀ ਤੌਰ ਤੇ ਕੈਂਪ ਵਿਖੇ ਮਿਤੀ 19 ਸਤੰਬਰ 2024 ਤੋਂ ਸਹੀ ਸਵੇਰੇ 09:00 ਵਜੇ ਪਹੁੰਚ ਕੇ ਸਿਖਲਾਈ ਲਈ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਯੁਵਕ ਪਾਸ ਦਸਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, 02 ਪਾਸਪੋਰਟ ਸਾਈਜ਼ ਫੋਟੋ, ਪੋਸਟ ਵਾਸਤੇ ਕੀਤੇ ਆਨ-ਲਾਈਨ ਅਪਲਾਈ ਫਾਰਮ ਦੀ ਫੋਟੋਕਾਪੀ ਲੈ ਕੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਸੀ-ਪਾਈਟ ਵਿਖੇ ਪੰਜਾਬ ਸਰਕਾਰ ਵਲੋਂ ਯੁਵਕਾਂ ਦੀ ਲਿਖਤੀ ਟ੍ਰੇਨਿੰਗ, ਫਿਜੀਕਲ ਟ੍ਰੇਨਿੰਗ, ਖਾਣਾ ਅਤੇ ਰਿਹਾਇਸ਼ ਦਾ ਕੋਈ ਖਰਚਾਂ ਚਾਰਜ਼ ਨਹੀ ਲਿਆ ਜਾਵੇਗਾ । ਵਧੇਰੇ ਜਾਣਕਾਰੀ ਲਈ 94641-52013, 93167-13000, 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ

# ਨਰਸਾਂ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਅੱਜ : ਡਿਪਟੀ ਕਮਿਸ਼ਨਰ

**ਬਠਿੰਡਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ 19 ਸਤੰਬਰ 2024 ਨੂੰ ਸਥਾਨਕ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਪਰਮਿੰਦਰ ਕੌਰ ਨੇ ਦੱਸਿਆ ਕਿ ਅਪੋਲੋ ਹਸਪਤਾਲ, ਦਿੱਲੀ ਵੱਲੋਂ ਲਗਾਏ ਜਾਣ ਵਾਲੇ ਇਸ ਕੈਂਪ ਵਿੱਚ ਨਰਸਾਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਅਸਾਮੀਆਂ ਲਈ ਯੋਗਤਾ ਜੀ.ਐਨ.ਐਮ. ਜਾਂ ਬੀ.ਐਸ.ਸੀ. ਨਰਸਿੰਗ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਤਨਖਾਹ ਫਰੈਸ਼ਰ ਪ੍ਰਾਰਥੀਆਂ ਲਈ 25 ਹਜਾਰ ਰੁਪਏ ਪ੍ਰਤੀ ਮਹੀਨਾ ਤੇ ਤਜਰਬੇਕਾਰ ਪ੍ਰਾਰਥੀਆਂ ਨੂੰ ਤਜਰਬੇ ਅਨੁਸਾਰ ਵੱਧ ਤਨਖਾਹ ਦਿੱਤੀ ਜਾਵੇਗੀ। ਨਰਸ ਦੀਆਂ ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਜਿੰਨ੍ਹਾਂ ਦੀ ਉਮਰ 21 ਤੋਂ 40 ਸਾਲ ਹੈ ਯੋਗ ਹਨ।

ਰੋਜਗਾਰ ਅਫਸਰ ਸ਼੍ਰੀਮਤੀ ਅੰਕਿਤਾ ਅਗਰਵਾਲ ਨੇ ਦੱਸਿਆ ਕਿ ਨਰਸ ਦੀਆਂ ਅਸਾਮੀਆਂ ਲਈ ਚੋਣ ਕੇਵਲ ਦਿੱਲੀ ਅਤੇ ਉਸ ਦੇ ਆਸ-ਪਾਸ ਵਾਲੇ ਖੇਤਰਾਂ ਲਈ ਹੀ ਕੀਤੀ ਜਾਵੇਗੀ। ਇਨ੍ਹਾਂ ਅਸਾਮੀਆਂ ਲਈ ਚਾਹਵਾਨ ਉਮੀਦਵਾਰ ਇੰਟਰਵੀਓ ਲਈ 19 ਸਤੰਬਰ 2024 ਨੂੰ ਸਵੇਰੇ 10 ਵਜੇ ਸਥਾਨਕ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਸਾਹਮਣੇ ਚਿਲਡਰਨ ਪਾਰਕ, ਸਿਵਲ ਲਾਈਨ, ਵਿਖੇ ਪਹੁੰਚ ਸਕਦੇ ਹਨ।

ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਪ੍ਰਬੰਧਕੀ ਸ਼ਾਖਾ ਤੋ ਸ਼੍ਰੀ ਬਲਤੇਜ ਸਿੰਘ ਨੇ ਦੱਸਿਆ ਕਿ ਤਨਖਾਹ ਤੋਂ ਇਲਾਵਾ ਰਿਹਾਇਸ਼, ਮੈਡੀਕਲ, ਐਕਸੀਡੈਂਟਲ ਪੋਲੀਸੀ, ਅਲਾਊਂਸ, ਛੁੱਟੀਆਂ ਅਤੇ ਹੋਰ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।

# ਗੁਰਦੁਆਰਾ ਘਨੌਰ ਦੀਵਾਨ ਹਾਲ ਵਿਖੇ ਲਗਾਇਆ ਦੂਜਾ ਵਿਸ਼ਾਲ ਖ਼ੂਨਦਾਨ ਕੈਂਪ



**ਘਨੌਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਦੀਵਾਨ ਸਾਹਿਬ ਹਾਲ ਘਨੌਰ ਵਿੱਚ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ।ਇਹ ਖ਼ੂਨਦਾਨ ਕੈਂਪ ਹਲਕਾ ਘਨੌਰ ਦੇ ਐਮ ਐਲ ਏ ਗੁਰਲਾਲ ਘਨੌਰ ਅਤੇ ਗੁਰਵਿੰਦਰ ਸਿੰਘ ਕਾਲਾ ਦੇ ਜਨਮਦਿਨ ਦੀ ਖੁਸੀ ਮੌਕੇ ਲਗਾਇਆਂ ਗਿਆ। ਇਸ ਮੌਕੇ ਤੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੇ ਆਪਣੀ ਟੀਮ ਨਾਲ ਵਿਸ਼ੇਸ਼ ਸਿਰਕਤ ਕੀਤੀ। ਇਸ ਮੌਕੇ ਤੇ ਐਮਐਲਏ ਗੁਰਲਾਲ ਘਨੌਰ ਦੇ ਜਨਮ ਦਿਨ ਦਾ ਕੇਕ ਕੱਟ ਕੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਖ਼ੁਸ਼ੀ ਮਨਾਈ।ਇਸ ਮੌਕੇ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ,ਕਿਉਂਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾਂ ਸਕਦਾ ਹੈ। ਖ਼ੂਨ ਦੀ ਇੱਕ ਇੱਕ ਬੂੰਦ ਕੀਮਤੀ ਹੈ ਜੋ ਕਿਸੇ ਵੀ ਮਰਦੇ ਹੋਏ ਵਿਆਕਤੀ ਨੂੰ ਜੀਵਨਦਾਨ ਦੇ ਸਕਦਾ ਹੈ ।ਉਨ੍ਹਾਂ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ ਨਹੀਂ ਆਉਂਦੀ ਬਲਕਿ ਮਨ ਨੂੰ ਇੱਕ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਇਹ ਦਾਨ ਕਰਕੇ ਇਕ ਲੋੜਵੰਦ ਵਿਆਕਤੀ ਨੂੰ ਜੀਵਨ ਪ੍ਰਦਾਨ ਕੀਤਾ ਹੈ।ਇਸ ਮੌਕੇ ਤੇ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਕਾਲਾ ਨੇ ਕਿਹਾ ਕਿ ਅਸੀਂ ਹਰ ਸਾਲ ਐਮ ਐਲ ਏ ਗੁਰਲਾਲ ਘਨੌਰ ਅਤੇ ਮੇਰੇ ਜਨਮਦਿਨ ਤੇ ਸਾਰੀ ਘਨੌਰ ਦੀ ਟੀਮ ਦੇ ਸਹਿਯੋਗ ਸਦਕਾ ਖ਼ੂਨਦਾਨ ਕੈਂਪ ਲਗਾਉਂਦੇ ਹਾ ਅਤੇ ਇਹ ਇਦਾ ਹੀ ਜਾਰੀ ਰੱਖਣ ਦੀ ਕੋਸ਼ਿਸ਼ ਕਰਾਂਗੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਅੱਜ ਦੇ ਖ਼ੂਨਦਾਨ ਕੈਂਪ ਵਿੱਚ ਰਾਜਿੰਦਰਾ ਹਸਪਤਾਲ ਦੀ ਟੀਮ ਨੇ ਤਕਰੀਬਨ 100 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਇਸ ਮੌਕੇ ਤੇ ਮੇਘ ਚੰਦ ਸੇਰ ਮਾਜਰਾ, ਇੰਦਰਜੀਤ ਸਿੰਘ ਸਿਆਲੂ, ਸੁਰਿੰਦਰ ਸਿੰਘ ਜੰਡ ਮਗੌਲੀ,ਪਵਿੱਤਰ ਸਿੰਘ ਕਮਾਲਪੁਰ ਕਰਮਜੀਤ ਸਿੰਘ ਸੋਨੂ ਬਘੌਰਾ, ਭਿੰਦਰ ਬਘੌਰਾ, ਕੁਲਵਿੰਦਰ ਸਿੰਘ ਅੰਟਾਲ, ਜਸਵਿੰਦਰ ਸਿੰਘ ਚੱਪੜ, ਅਮਰਜੀਤ ਸਿੰਘ ਕਾਮੀ, ਦਵਿੰਦਰ ਸਿੰਘ ਲਾਛੜੂ, ਦਵਿੰਦਰ ਸਿੰਘ ਕੁੱਥਾਖੇੜੀ, ਦਿਆਲ ਸਿੰਘ ਘਨੌਰ,ਬਲਾਕ ਪ੍ਰਧਾਨ ਪਰਮਿੰਦਰ ਸਿੰਘ ਪੰਮਾ, ਬਲਵੀਰ ਸਿੰਘ ਪ੍ਰਧਾਨ ਟਰੱਕ ਯੂਨੀਅਨ,ਵਿੱਕੀ ਪੋਲਟਰੀ ਫਾਰਮ,ਸੁਰਿੰਦਰ ਤੁਲੀ, ਗੁਰਨਾਮ ਸਿੰਘ ਚੰਬਲ, ਸੁਖਵਿੰਦਰ ਸਿੰਘ, ਕੁਲਵਿੰਦਰ ਸਿੰਘ ਮੰਡੋਲੀ, ਸੁਰਜੀਤ ਸਿੰਘ ਘਨੌਰੀ ਖੇੜਾ, ਕੁਲਦੀਪ ਗੱਬਰ, ਅਤੇ ਹੋਰ ਵੀ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਪੈਰਾ ਮਿਲਟਰੀ ਫੋਰਸਿਸ ਦੇ ਲਿਖਤੀ ਪੇਪਰ ਅਤੇ ਪੰਜਾਬ ਪੁਲਿਸ ਦੀ ਫਿਜੀਕਲ ਟ੍ਰੇਨਿੰਗ ਸੁਰੂ

**ਫਾਜ਼ਿਲਕਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ (ਬਾਦਲ - ਲੰਬੀ ਰੋਡ) ਵੱਲੋਂ ਜਿਲ੍ਹਾ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜਿਲਕਾ ਦੇ ਯੁਵਕਾਂ ਲਈ ਭਾਰਤ ਸਰਕਾਰ ਵੱਲੋਂ ਵੱਖ-ਵੱਖ ਫੋਰਸਾ ਲਈ ਕੱਢੀਆ 39481 ਪੋਸਟਾ ਜਿਸ ਵਿਚ ਪੈਰਾ ਮਿਲਟਰੀ ਫੋਰਸਿਸ ਦੀਆਂ ਐਸਐਸਸੀ ਰਾਹੀਂ ਕੱਢੀਆਂ ਪੋਸਟਾਂ ਸ਼ਾਮਿਲ ਹਨ ਦੇ ਲਿਖਤੀ ਪੇਪਰ ਅਤੇ ਪੰਜਾਬ ਪੁਲਿਸ ਦਾ ਟੈਸਟ ਪਾਸ ਕਰ ਚੁੱਕੇ ਯੁਵਕਾਂ ਦੀ ਫਿਜੀਕਲ ਟ੍ਰੇਨਿੰਗ ਦੀ ਤਿਆਰੀ ਲਈ ਸਿਖਲਾਈ ਕੈਂਪ ਸੁਰੂ ਕੀਤਾ ਜਾ ਰਿਹਾ ਹੈ । ਇਹ ਜਾਣਕਾਰੀ ਦਿੰਦਿਆ ਟ੍ਰੇਨਿੰਗ ਅਧਿਕਾਰੀ, ਕੈਪਟਨ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਹਨਾਂ ਪੋਸਟਾ ਲਈ ਆਨ-ਲਾਈਨ ਅਪਲਾਈ ਮਿਤੀ 05 ਸਤੰਬਰ 2024 ਤੋਂ 14 ਅਕਤੂਬਰ 2024 ਤੱਕ https://ssc.gov.in ਵੈੱਬਸਾਈਟ ਤੇ ਕੀਤਾ ਜਾ ਸਕਦਾ ਹੈ । ਸਿਖਲਾਈ ਲੈਣ ਦੇ ਚਾਹਵਾਨ ਯੁਵਕ ਹੇਠ ਲਿਖੇ ਦਸਤਾਵੇਜ ਲੈ ਕੇ ਬਾਦਲ - ਲੰਬੀ ਮੇਨ ਰੋਡ ਤੇ ਪੈਂਦੇ ਪਿੰਡ ਕਾਲਝਰਾਣੀ ਵਿਖੇ ਨਿੱਜੀ ਤੌਰ ਤੇ ਕੈਂਪ ਵਿਖੇ ਮਿਤੀ 19 ਸਤੰਬਰ 2024 ਤੋਂ ਸਹੀ ਸਵੇਰੇ 09:00 ਵਜੇ ਪਹੁੰਚ ਕੇ ਸਿਖਲਾਈ ਲਈ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ:- ਦਸਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, 02 ਪਾਸਪੋਰਟ ਸਾਈਜ਼ ਫੋਟੋ, ਪੋਸਟ ਵਾਸਤੇ ਕੀਤੇ ਆਨ-ਲਾਈਨ ਅਪਲਾਈ ਫਾਰਮ ਦੀ ਫੋਟੋਕਾਪੀ ।

ਉਨ੍ਹਾਂ ਦੱਸਿਆ ਕਿ ਸੀ-ਪਾਈਟ ਪੰਜਾਬ ਸਰਕਾਰ ਦਾ ਅਦਾਰਾ ਹੈ । ਇੱਥੇ ਯੁਵਕਾਂ ਦੀ ਲਿਖਤੀ ਟ੍ਰੇਨਿੰਗ, ਫਿਜੀਕਲ ਟ੍ਰੇਨਿੰਗ, ਖਾਣਾ ਅਤੇ ਰਿਹਾਇਸ਼ ਦਾ ਕੋਈ ਖਰਚਾ ਚਾਰਜ਼ ਨਹੀ ਕੀਤਾ ਜਾਂਦਾ । ਵਧੇਰੇ ਜਾਣਕਾਰੀ ਲਈ 94641-52013, 93167-13000, 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਸਵ. ਪੰਡਿਤ ਮਹੇਸ਼ ਦੱਤ ਸ਼ਰਮਾ ਦੇ ਜਨਮ ਦਿਨ ਤੇ ਬ੍ਰਹਮ ਏਕਤਾ ਦਿਵਸ ਆਯੋਜਿਤ



**ਪਟਿਆਲਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਖਿਲ ਭਾਰਤ ਸਲਾਨਾ ਬ੍ਰਾਹਮਣ ਮਹਾਂਸਭਾ (ਰਜਿ) ਅਤੇ ਬ੍ਰਾਹਮਣ ਸਭਾ ਪੰਜਾਬ ਵੱਲੋਂ ਮਹਾਂਸਭਾ ਦੇ ਪਹਿਲੇ ਰਾਸ਼ਟਰੀ ਪ੍ਰਧਾਨ ਸਵ. ਪੰਡਿਤ ਮਹੇਸ਼ ਦੱਤ ਸ਼ਰਮਾ ਦੇ ਜਨਮ ਦਿਨ ਤੇ ਬ੍ਰਹਮ ਏਕਤਾ ਦਿਵਸ ਪੰਜਾਬ ਪ੍ਰਧਾਨ ਮਹਿਲਾ ਸ਼੍ਰੀਮਤੀ ਸੁਨੀਲ ਕੁਮਾਰੀ ਸ਼ਰਮਾ (ਨੀਲੂ) ਜੀ ਦੇ ਪ੍ਰਧਾਨਗੀ ਦੇ ਜੈ ਭੋਲੇਨਾਥ, ਜੈ ਭਗਵਾਨ ਹਨੂੰਮਾਨ, ਗਊਮਾਤਾ ਆਸ਼ਰਮ ਅਰਾਈ ਮਾਜਰਾ ਪਟਿਆਲਾ ਵਿੱਚ ਆਯੋਜਿਤ ਕੀਤਾ ਗਿਆ। ਸ੍ਰੀ ਰਾਕੇਸ਼ ਸ਼ਰਮਾ ਜੀ ਨੇ ਪੰਡਿਤ ਮਹੇਸ਼ ਦੱਤ ਸ਼ਰਮਾ ਜੀ ਦੀ ਜੀਵਨੀ ਦੇ ਬਾਰੇ ਦੱਸਿਆ। ਪੰਡਿਤ ਪ੍ਰਵਿੰਦਰ ਸ਼ਰਮਾ ਜੀ (ਮੁੱਖ) ਭਗਵਾਨ ਪਰਸ਼ੂਰਾਮ ਚੇਅਰ ਓਪਨ ਯੂਨੀਵਰਸਿਟੀ, ਸਟੇਟ ਕਾਲਜ ਨੇ ਗਊਮਾਤਾ ਦਾ ਮਨੁੱਖ ਦੇ ਜੀਵਨ ਵਿੱਚ ਮਹੱਤਤਾ ਬਾਰੇ ਬਹੁਤ ਹੀ ਜਾਣਕਾਰੀ ਦਿੱਤੀ। ਗਊ ਭਗਤ ਸ੍ਰੀ ਹੰਸ ਰਾਜ ਭਾਰਦਵਾਜ ਅਤੇ ਸ੍ਰੀਮਤੀ ਰਿਤੂ ਸ਼ਰਮਾ ਜੀ ਨੇ ਭਜਨ ਗਾ ਕੇ ਸਾਰਿਆਂ ਨਿਹਾਲ ਕੀਤਾ। ਸਾਰਿਆਂ ਨੇ ਗਊਮਾਤਾ ਦੀ ਸੇਵਾ ਕੀਤੀ ਅਤੇ ਮਿਠਾਈ ਅਤੇ ਮਰਜੀ ਨਾਲ ਪੀਣ ਤੋਂ ਬਾਅਦ ਬ੍ਰਹਮ ਉਤਸਵ ਮਨਾਇਆ ਗਿਆ। ਅੱਜ ਦੇ ਸਮਾਰੋਹ ਵਿੱਚ ਸ੍ਰੀਮਤੀ ਸੁਨੀਲ ਸ਼ਰਮਾ ਨੀਲੂ ਜੀ, ਸ੍ਰੀ ਵਨਵਾਰੀ ਲਾਲ ਸ਼ਰਮਾ ਜੀ, ਸ੍ਰੀ ਸਤਪਾਲ ਭਾਰਦਵਾਜ ਜੀ, ਸ੍ਰੀ ਪਰਵਿੰਦਰ ਸ਼ਰਮਾ ਜੀ, ਸ੍ਰੀ ਧਰਮਵੀਰ ਸ਼ਰਮਾ, ਸ੍ਰੀ ਵਿਜੈ ਸ਼ਰਮਾ ਜੀ, ਸ੍ਰੀਮਤੀ ਸ਼ਾਰਧਾ ਗੌੜ, ਸ੍ਰੀਮਤੀ ਰਿਤੂ ਸ਼ਰਮਾ, ਸ੍ਰੀਮਤੀ ਅਨੁਪਮ ਸ਼ਰਮਾ, ਸ੍ਰੀ ਸੁਨੀਲ ਜੀ, ਸ੍ਰੀ ਰਜਿੰਦਰ ਸ਼ਰਮਾ ਅਤੇ ਗਊ ਭਗਤ ਸ੍ਰੀ ਹੰਸਰਾਜ ਸ਼ਰਮਾ ਜੀ ਮੌਜੂਦ ਰਹੇ।

# ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਦਿੱਤੀ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ

**ਗੁਰਦਾਸਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੈਮੀਨਾਰ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਲਗਾਇਆ ਗਿਆ ਜਿਸ ਵਿੱਚ ਵਿਦੀਆਰਥਣਾ ਤੇ ਸਟਾਫ ਨੂੰ ਸ਼ਾਮਲ ਕਰਕੇ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਨਾ ਕਰਨ ਬਾਰੇ ਜਾਗਰੂਕ ਕੀਤਾ ਗਿਆ । ਇਸ ਤੋ ਇਲਾਵਾ 16 ਤੋ18ਸਾਲ ਤੱਕ ਦੇ ਬਣਨ ਬਾਰੇ ਡਰਾਈਵਿੰਗ ਲਾਇਸੈਂਸ ਬਾਰੇ ਜਾਗਰੂਕ ਕੀਤਾ।

ਉਨ੍ਹਾਂ ਵੱਲੋਂ ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਅਤੇ ਐਕਸੀਡੈਂਟ ਪੀੜਤ ਦੀ ਮਦਦ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ ।

ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਗਿਆ ਸਾਊਂਡ ਪਿਲਾਉਸਨ ਬਾਰੇ ਦੱਸਿਆ ਗਿਆ ਟੈਫ੍ਰਿਕ ਚਲਾਨਾ ? ਤੇ ਜੁਰਮਾਨਾ ਬਾਰੇ ਜਾਣਕਾਰੀ ਦਿੱਤੀ ਗਈ ਐਕਸੀਡੈਂਟ ਤੋ ਬਚਣ ਲਈ ਹਮੇਸ਼ਾਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ ਐਂਬੂਲੈਂਸ ਨੂੰ ਪਹਿਲ ਦੇ ਅਧਾਰ ਉੱਪਰ ਰਸਤਾ ਦੇਣ ਲਈ ਪ੍ਰੇਰਿਤ ਕੀਤਾ ਅਤੇ ਹੈਲਪ ਲਾਈਨ ਨੰਬਰ 112,1033,1930 ਬਾਰੇ ਜਾਗਰੂਕ ਕੀਤਾ ਗਿਆ।

# ਪੰਜਾਬ ਪੁਲਿਸ ਵੱਲੋਂ ਬੀਤੇ ਢਾਈ ਸਾਲਾਂ ਦੌਰਾਨ 5856 ਵੱਡੀਆਂ ਮੱਛੀਆਂ ਸਮੇਤ 39840 ਨਸ਼ਾ ਤਸਕਰ ਗ੍ਰਿਫਤਾਰ; 2546 ਕਿਲੋ ਹੈਰੋਇਨ ਬਰਾਮਦ

**➢ ਵਿਸ਼ੇਸ਼ ਮੁਹਿੰਮ ਤਹਿਤ 602 ਵੱਡੇ ਤਸਕਰਾਂ ਦੀਆਂ 324 ਕਰੋੜ ਰੁਪਏ ਦੀਆਂ ਜਾਇਦਾਦਾਂ ਕੀਤੀਆਂ ਜ਼ਬਤ ➢ ਪੁਲਿਸ ਟੀਮਾਂ ਵੱਲੋਂ 16 ਮਾਰਚ, 2022 ਤੋਂ ਹੁਣ ਤੱਕ 30.83 ਕਰੋੜ ਰੁਪਏ ਡਰੱਗ ਮਨੀ, 2457 ਕਿਲੋ ਅਫੀਮ, 1156 ਕੁਇੰਟਲ ਭੁੱਕੀ ਅਤੇ 4.29 ਕਰੋੜ ਗੋਲੀਆਂ /ਕੈਪਸੂਲ/ਟੀਕੇ/ਸ਼ੀਸ਼ੀਆਂ ਬਰਾਮਦ**

**ਚੰਡੀਗੜ੍ਹ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸੂਬੇ ’ਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਿੱਢੀ ਗਈ ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਦੇ ਢਾਈ ਸਾਲ ਪੂਰੇ ਹੋਣ ’ਤੇ ਪੰਜਾਬ ਪੁਲਸ ਨੇ 16 ਮਾਰਚ, 2022 ਤੋਂ ਹੁਣ ਤੱਕ 5856 ਵੱਡੀਆਂ ਮੱਛੀਆਂ ਸਮੇਤ 39840 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 3581 ਵਪਾਰਕ ਐਫਆਈਆਰਜ਼ ਸਮੇਤ ਕੁੱਲ 29152 ਐਫਆਈਆਰਜ਼ ਦਰਜ ਕੀਤੀਆਂ ਹਨ।

ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ, ਜੋ ਅੱਜ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ, ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਸੰਵੇਦਨਸ਼ੀਲ ਰੂਟਾਂ ’ਤੇ ਨਾਕੇ ਲਗਾਉਣ ਦੇ ਨਾਲ ਨਾਲ ਸੂਬੇ ਭਰ ਦੇ ਨਸ਼ਾ ਪ੍ਰਭਾਵਿਤ ਇਲਾਕਿਆਂ ਵਿੱਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾ ਕੇ 2546 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਵੱਡੀ ਮਾਤਰਾ ਵਿੱਚ ਹੈਰੋਇਨ ਜ਼ਬਤ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚੋਂ 2457 ਕਿਲੋ ਅਫੀਮ, 1156 ਕੁਇੰਟਲ ਭੁੱਕੀ ਅਤੇ ਫਾਰਮਾ ਓਪੀਔਡਜ਼ ਦੀਆਂ 4.29 ਕਰੋੜ ਗੋਲੀਆਂ/ਕੈਪਸੂਲ/ਟੀਕੇ/ ਸ਼ੀਸ਼ੀਆਂ ਵੀ ਬਰਾਮਦ ਕੀਤੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਪੁਲੀਸ ਨੇ ਪਿਛਲੇ ਢਾਈ ਸਾਲਾਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 30.83 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਆਈਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਇਨ੍ਹਾਂ ਢਾਈ ਸਾਲਾਂ ਦੌਰਾਨ ਵੱਡੇ ਤਸਕਰਾਂ ਦੀਆਂ 324.28 ਕਰੋੜ ਰੁਪਏ ਦੀਆਂ 602 ਜਾਇਦਾਦਾਂ ਜ਼ਬਤ ਕੀਤੀਆਂ ਹਨ, ਜਦਕਿ 103.50 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਫ੍ਰੀਜ਼ ਕਰਨ ਸਬੰਧੀ 192 ਕੇਸ ਪ੍ਰਵਾਨਗੀ ਹਿੱਤ ਸਮਰੱਥ ਅਥਾਰਟੀ ਕੋਲ ਵਿਚਾਰ ਅਧੀਨ ਹਨ।



ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ ਪੱਖੀ ਰਣਨੀਤੀ— ਇੰਫੋਰਸਮੈਂਟ, ਰੋਕਥਾਮ ਅਤੇ ਮੁੜ ਵਸੇਬਾ— ਲਾਗੂ ਕੀਤੀ ਗਈ ਹੈ। ਇਸ ਰਣਨੀਤੀ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਐਨਡੀਪੀਐਸ ਐਕਟ ਦੀ ਧਾਰਾ 64 ਏ, ਜੋ ਕੁਝ ਗ੍ਰਾਮ ਹੈਰੋਇਨ ਜਾਂ ਨਸ਼ੀਲੇ ਪਾਊਡਰ ਸਮੇਤ ਫੜੇ ਗਏ ਨਸ਼ੀਲੇ ਪਦਾਰਥਾਂ ਦੇ ਆਦੀ ਨੂੰ ਮੁੜ ਵਸੇਬੇ ਲਈ ਮੌਕਾ ਪ੍ਰਦਾਨ ਕਰਦੀ ਹੈ, ਬਾਰੇ ਪ੍ਰਚਾਰ ਅਤੇ ਜਾਗਰੂਕਤਾ ਪੈਦਾ ਕਰ ਰਹੀ ਹੈ।

ਆਈਜੀਪੀ ਨੇ ਕਿਹਾ ਕਿ 245 ਮਾਮਲਿਆਂ ਵਿੱਚ ਥੋੜੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਸਮੇਤ ਫੜੇ ਗਏ 295 ਨਸ਼ੇ ਦੇ ਆਦੀਆਂ ਨੇ ਮੁੜ ਵਸੇਬਾ ਇਲਾਜ ਕਰਵਾਉਣ ਦਾ ਵਾਅਦਾ ਕਰਕੇ ਐਨਡੀਪੀਐਸ ਦੀ ਧਾਰਾ 64-ਏ ਦਾ ਲਾਭ ਉਠਾਇਆ ਹੈ।

ਉਨ੍ਹਾਂ ਕਿਹਾ ਕਿ ਐਨਡੀਪੀਐਸ ਕੇਸਾਂ ਵਿੱਚ ਪੀਓਜ਼/ਭਗੌੜਿਆਂ ਨੂੰ ਗ੍ਰਿਫਤਾਰ ਕਰਨ ਲਈ ਵਿੱਢੀ ਵਿਸ਼ੇਸ਼ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 16 ਮਾਰਚ, 2022 ਤੋਂ ਹੁਣ ਤੱਕ 2378 ਪੀਓਜ਼/ਭਗੌੜਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਗੈਂਗਸਟਰਾਂ ਵਿਰੁੱਧ ਕਾਰਵਾਈਆਂ ਦੌਰਾਨ ਪੰਜਾਬ ਪੁਲਿਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ, ਆਈਜੀਪੀ ਨੇ ਕਿਹਾ ਕਿ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਫੀਲਡ ਯੂਨਿਟਾਂ ਨਾਲ ਮਿਲ ਕੇ 1420 ਗੈਂਗਸਟਰਾਂ/ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਕੇ ਅਤੇ 12 ਗੈਂਗਸਟਰਾਂ/ਅਪਰਾਧੀਆਂ ਨੂੰ ਮਾਰ ਕੇ 508 ਗੈਂਗਸਟਰਾਂ/ਅਪਰਾਧੀ ਮਾਡਿਊਲ ਦਾ ਪਰਦਾਫਾਸ਼ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਅਤੇ ਉਨ੍ਹਾਂ ਦੇ ਕਬਜੇ ਵਿੱਚੋਂ 1337 ਹਥਿਆਰ, ਅਪਰਾਧਿਕ ਗਤੀਵਿਧੀਆਂ ਵਿੱਚ ਵਰਤੇ ਗਏ 294 ਵਾਹਨ, 56.7 ਕਿਲੋਗ੍ਰਾਮ ਹੈਰੋਇਨ ਅਤੇ 4.05 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਆਈਜੀਪੀ ਨੇ ਅੱਤਵਾਦੀਆਂ ਵਿਰੁੱਧ ਕਾਰਵਾਈ ਬਾਰੇ ਵੇਰਵੇ ਦਿੰਦਿਆਂ ਕਿਹਾ ਕਿ ਅੰਦਰੂਨੀ ਸੁਰੱਖਿਆ ਵਿੰਗ ਨੇ 272 ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰਕੇ 45 ਅੱਤਵਾਦੀ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਉਨ੍ਹਾਂ ਕੋਲੋਂ 34 ਰਾਈਫਲਾਂ, 303 ਰਿਵਾਲਵਰ/ਪਿਸਤੌਲ, 14 ਹੈਂਡ ਗ੍ਰਨੇਡ ਅਤੇ 290 ਡਰੋਨ ਬਰਾਮਦ ਕੀਤੇ ਹਨ।

ਉਨ੍ਹਾਂ ਕਿਹਾ ਕਿ ਜੇਲ੍ਹਾਂ ਅੰਦਰ ਮੋਬਾਈਲ ਫ਼ੋਨਾਂ ਦੀ ਵਰਤੋਂ ਵਿਰੁੱਧ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਨੇ 1663 ਆਈਐਮਈਆਈ ਨੰਬਰਾਂ ਨੂੰ ਬਲੈਕਲਿਸਟ ਅਤੇ 475 ਮੋਬਾਈਲ ਨੰਬਰਾਂ ਨੂੰ ਬਲਾਕ ਕਰ ਦਿੱਤਾ ਹੈ। ਇਸ ਤੋਂ ਇਲਾਵਾ ਗੈਂਗਸਟਰਾਂ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਘੱਟੋ-ਘੱਟ 6500 ਸੋਸ਼ਲ ਮੀਡੀਆ ਅਕਾਊਂਟਸ ਨੂੰ ਬਲਾਕ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਮੁਹਿੰਮ ਦੌਰਾਨ ਮੌਜੂਦਾ ਸਾਲ ਵਿੱਚ ਕੀਤੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੰਦੇ ਹੋਏ, ਆਈਜੀਪੀ ਨੇ ਕਿਹਾ ਕਿ 1 ਜਨਵਰੀ, 2024 ਤੋਂ, ਪੁਲਿਸ ਨੇ 825 ਵਪਾਰਕ ਐਫਆਈਆਰਜ਼ ਸਮੇਤ 6439 ਐਫਆਈਆਰਜ਼ ਦਰਜ ਕਰਕੇ 8789 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ 628 ਕਿਲੋਗ੍ਰਾਮ ਹੈਰੋਇਨ, 796 ਕਿਲੋਗ੍ਰਾਮ ਅਫੀਮ, 324 ਕੁਇੰਟਲ ਭੁੱਕੀ, ਅਤੇ ਫਾਰਮਾ ਓਪੀਔਡਜ਼ ਦੀਆਂ 2.83 ਕਰੋੜ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਤੋਂ ਇਲਾਵਾ 10.32 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ

# ਜਿਲ੍ਹਾ ਮੈਜਿਸਟਰੇਟ ਵੱਲੋਂ ਝੋਨੇ ਦੀ ਪਰਾਲੀ/ਨਾੜ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਦੀ ਪਾਬੰਦੀ ਦੇ ਹੁਕਮ ਜਾਰੀ

**ਤਰਨ ਤਾਰਨ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਲ੍ਹਾ ਮੈਜਿਸਟਰੇਟ, ਤਰਨ ਤਾਰਨ ਸੰਦੀਪ ਕੁਮਾਰ, ਆਈ. ਏ. ਐੱਸ., ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਤਰਨ ਤਾਰਨ ਵਿੱਚ ਝੋਨੇ ਦੀ ਪਰਾਲੀ/ਨਾੜ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਦੀ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਮਿਤੀ 13 ਨਵੰਬਰ, 2024 ਤੱਕ ਲਾਗੂ ਰਹਿਣਗੇ।

ਜਿਲ੍ਹਾ ਮੈਜਿਸਟਰੇਟ ਨੇ ਹੁਕਮਾਂ ਵਿੱਚ ਕਿਹਾ ਕਿ ਸਾਲ 2024 ਦੀ ਝੋਨੇ ਦੀ ਕਟਾਈ ਸ਼ੁਰੂ ਹੋਣ ਵਾਲੀ ਹੈ। ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਝੋਨੇ ਦੇ ਕੱਟਣ ਉਪਰੰਤ ਨਾੜ/ਪਰਾਲੀ ਦੀ ਰਹਿੰਦ ਖੂੰਹਦ ਨੂੰ ਸਬੰਧਤ ਮਾਲਕਾਂ ਵੱਲੋਂ ਅੱਗ ਲਗਾਉਣ ਦੀ ਪ੍ਰਥਾ ਹੋਣ ਕਰਕੇ ਰਹਿੰਦ ਖੂੰਹਦ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ। ਨਾੜ/ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਨੁਕਸਾਨ ਹੋਣ ਸੰਭਾਵਨਾ ਬਣੀ ਰਹਿੰਦੀ ਹੈ। ਹਵਾ ਵਿੱਚ ਧੂੰਏਂ ਨਾਲ ਬਹੁਤ ਪ੍ਰਦੂਸ਼ਣ ਫੈਲਦਾ ਹੈ। ਜਿਸ ਨਾਲ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਨਾੜ/ਪਰਾਲੀ ਦੀ ਰਹਿੰਦ ਖੂੰਹਦ ਅੱਗ ਲਗਾਉਣ ਨਾਲ ਜਮੀਨ ਦਾ ਉਪਯੋਗੀ ਜੀਵਕ ਮਾਦਾ ਜੋ ਕਿ ਜਮੀਨ ਲਈ ਬਹੁਤ ਲਾਭਦਾਇਕ ਹੈ, ਉਸ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਇਸ ਲਈ ਜਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ। ਜ਼ਮੀਨ ਦੀ ਉੱਪਰਲੀ ਸਤ੍ਹਾ ਅੱਗ ਨਾਲ ਜਲਣ ਕਾਰਨ ਇਸ ਵਿੱਚ ਮੌਜੂਦ ਕਈ ਲਾਭਦਾਇਕ ਜੀਵਾਣੂ ਮਰ ਜਾਂਦੇ ਹਨ, ਜਿਸ ਨਾਲ ਖੇਤ ਦੀ ਉਪਜਾਊ ਸ਼ਕਤੀ ਨਸ਼ਟ ਹੁੰਦੀ ਹੈ, ਜਿਸ ਨਾਲ ਸਿੱਧਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ ਅਤੇ ਉਸ ਦਾ ਅਸਿੱਧੇ ਤੌਰ 'ਤੇ ਅਸਰ ਦੇਸ਼ ਦੇ ਉਤਪਾਦਨ 'ਤੇ ਪੈਂਦਾ ਹੈ। ਸੜਕਾਂ ਦੁਆਲੇ ਮੌਜੂਦ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਅਤੇ ਕਈ ਹਾਦਸੇ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਨਾਲ ਪਿੰਡਾਂ ਵਿੱਚ ਲੜਾਈ ਹੋਣ ਦਾ ਵੀ ਡਰ ਰਹਿੰਦਾ ਹੈ।

# ਵਿਸ਼ਵ ਓਜ਼ੋਨ ਦਿਵਸ ਦੇ ਮੌਕੇ 'ਤੇ ਪਾਵਰਪੁਆਇੰਟ ਪੇਸ਼ਕਾਰੀ ਮੁਕਾਬਲੇ ਦਾ ਆਯੋਜਨ ਕੀਤਾ



**ਲੁਧਿਆਣਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਮਿਸਟਰੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ ਨੇ ਵਿਸ਼ਵ ਓਜ਼ੋਨ ਦਿਵਸ ਦੇ ਮੌਕੇ 'ਤੇ ਪਾਵਰਪੁਆਇੰਟ ਪੇਸ਼ਕਾਰੀ ਮੁਕਾਬਲੇ ਦਾ ਆਯੋਜਨ ਕੀਤਾ, ਜਿਸ ਵਿੱਚ ਬੀ.ਐਸ.ਸੀ. 9, 99 ਅਤੇ 999 ਨੇ ÷ਵਿਸ਼ਵ ਓਜ਼ੋਨ ਦਿਵਸ: ਮਾਂਟਰੀਅਲ ਪ੍ਰੋਟੋਕੋਲ-ਐਡਵਾਂਸਿੰਗ ਕਲਾਈਮੇਟ ਐਕਸ਼ਨ÷ ਥੀਮ ਅਧੀਨ ਆਪਣੀਆਂ ਪੇਸ਼ਕਾਰੀਆਂ ਪ੍ਰਦਰਸ਼ਿਤ ਕੀਤੀਆਂ। ਵਿਦਿਆਰਥੀਆਂ ਨੇ ਓਜ਼ੋਨ ਪਰਤ ਦੀ ਹੋਂਦ ਦੇ ਮਹੱਤਵ ਨੂੰ ਉਜਾਗਰ ਕੀਤਾ ਜੋ ਸੂਰਜ ਦੀਆਂ ਹਾਨੀਕਾਰਕ ਅਲਟਰਾਵਾਇਲਟ ਕਿਰਨਾਂ ਨੂੰ ਫਿਲਟਰ ਕਰਕੇ ਸਾਰੇ ਜੀਵਾਂ ਦੀ ਸੁਰੱਖਿਆ ਕਰ ਰਹੀ ਹੈ। ਇਸ ਤੋਂ ਇਲਾਵਾ, ਮਨੁੱਖੀ ਦੁਆਰਾ ਬਣਾਏ ਗਏ ਰਸਾਇਣਾਂ ਜਿਵੇਂ ਕਿ ਸੀਐਫਸੀ ਦੁਆਰਾ ਓਜ਼ੋਨ ਪਰਤ ਲਈ ਖ਼ਤਰਨਾਕ ਜੋਖਮ 'ਤੇ ਧਿਆਨ ਦਿੱਤਾ ਗਿਆ ਹੈ ਅਤੇ ਅੰਤ ਵਿੱਚ ਵਿਦਿਆਰਥੀਆਂ ਨੇ ਕੁਝ ਬਿਹਤਰ ਵਿਕਲਪਾਂ ਦੇ ਨਾਲ ਇਹਨਾਂ ਰਸਾਇਣਾਂ ਨੂੰ ਪੜਾਅਵਾਰ ਖਤਮ ਕਰਨ ਲਈ ਮਾਂਟਰੀਅਲ ਪ੍ਰੋਟੋਕੋਲ ਦੁਆਰਾ ਸੰਯੁਕਤ ਰਾਸ਼ਟਰ ਦੀ ਪਹਿਲਕਦਮੀ 'ਤੇ ਰੌਸ਼ਨੀ ਪਾਈ ਹੈ। ਜੱਜਾਂ ਸ਼੍ਰੀਮਤੀ ਮਨਦੀਪ ਕੌਰ (ਕੰਪਿਊਟਰ ਐਪਲੀਕੇਸ਼ਨ ਵਿਭਾਗ) ਅਤੇ ਸ਼੍ਰੀਮਤੀ ਕੁਲਵਿੰਦਰ ਕੌਰ (ਭੂਗੋਲ ਵਿਭਾਗ) ਨੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਪਛਾਣਦੇ ਹੋਏ ਉਨ੍ਹਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਸੱਤਿਆ ਤੋਂ ਬੀ.ਐਸ.ਸੀ. 99 ਨੇ ਪਹਿਲਾ ਸਥਾਨ ਹਾਸਲ ਕੀਤਾ, ਕਰੀਨਾ ਨੇ ਬੀ.ਐੱਸ.ਸੀ. ਨੇ ਦੂਜਾ ਇਨਾਮ ਪ੍ਰਾਪਤ ਕੀਤਾ, ਗੁਰਮੀਤ ਕੌਰ ਨੇ ਬੀ.ਐਸ.ਸੀ. ਮੈਂ ਤੀਜਾ ਇਨਾਮ ਪ੍ਰਾਪਤ ਕੀਤਾ ਅਤੇ ਗੁੰਜਨ ਨੇ ਬੀ.ਐਸ.ਸੀ. ਮੈਨੂੰ ਦਿਲਾਸਾ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਸੀ। ਪ੍ਰਿੰਸੀਪਲ ਮੈਡਮ ਡਾ.(ਸ਼੍ਰੀਮਤੀ) ਕਮਲਜੀਤ ਗਰੇਵਾਲ ਨੇ ਵਿਦਿਆਰਥੀਆਂ ਅਤੇ ਵਿਭਾਗ ਦੇ ਅਧਿਆਪਕਾਂ ਵੱਲੋਂ ਇੰਨੇ ਉਤਸ਼ਾਹ ਨਾਲ ਭਾਗ ਲੈਣ ਅਤੇ ਚੰਗੇ ਭਵਿੱਖ ਲਈ ਜਾਗਰੂਕਤਾ ਫੈਲਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਮਾਗਮ ਦੇ ਕਨਵੀਨਰ ਡਾ. ਆਂਚਲ ਅਰੋੜਾ ਨੇ ਭਾਗੀਦਾਰਾਂ ਅਤੇ ਪ੍ਰਬੰਧਕੀ ਟੀਮ ਵੱਲੋਂ ਸਮਾਗਮ ਨੂੰ ਸਫ਼ਲ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

# ਸਵੱਛਤਾ ਹੀ ਸੇਵਾ ਪੰਦਰਵਾੜਾ ਮੁਹਿੰਮ ਦੀਂ ਹੋਵੇਗੀ ਸ਼ੁਰੂਆਤ, ਕਢੀ ਜਾਵੇਗੀ ਸਾਫ—ਸਫਾਈ ਦੀ ਰੈਲੀ

**ਫਾਜ਼ਿਲਕਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਫ—ਸਫਾਈ ਦੇ ਉਦੇਸ਼ ਨੂੰ ਲੈ ਕੇ ਫਾਜ਼ਿਲਕਾ ਵਿਖੇ ਸਵੱਛਤਾ ਹੀ ਸੇਵਾ ਪੰਦਰਵਾੜਾ 17 ਸਤੰਬਰ ਤੋਂ 2 ਅਕਤੂਬਰ 2024 ਤੱਕ ਮਨਾਇਆ ਜਾ ਰਿਹਾ ਹੈ ਜਿਸ ਦੀ ਸ਼ੁਰੂਆਤ 17 ਸਤੰਬਰ ਨੂੰ ਸਵੇਰੇ 8:30 ਵਜੇ ਤੋਂ ਬੀ.ਆਰ.ਅੰਬੇਦਕਰ ਚੋਂਕ ਤੋਂ ਰੈਲੀ ਕੱਢ ਕੇ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮਹਿਮਾਨ ਵਜੋਂ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਕੇਸ਼ ਕੁਮਾਰ ਪੋਪਲੀ ਸ਼ਿਰਕਤ ਕਰਨਗੇ। ਇਹ ਜਾਣਕਾਰੀ ਕਾਰਜ ਸਾਧਕ ਅਫਸਰ ਸ੍ਰੀ ਜਗਸੀਰ ਸਿੰਘ ਧਾਲੀਵਾਲ ਨੇ ਦਿੱਤੀ।

ਕਾਰਜ ਸਾਧਕ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰਾਂ ਦੀ ਦਿਖ ਨੂੰ ਸੁਧਾਰਨ ਅਤੇ ਸਾਫ—ਸਫਾਈ ਨੂੰ ਲੈ ਕੇ ਵੱਖ—ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 17 ਸਤੰਬਰ ਨੂੰ ਸਵੇਰੇ 8: 30 ਵਜੇ ਡੀ.ਸੀ. ਦਫਤਰ ਦੇ ਬਾਹਰ ਬੀ.ਆਰ.ਅੰਬੇਦਕਰ ਚੌਂਕ ਤੋਂ ਐਲ.ਆਈ.ਸੀ. ਰੋਡ, ਟੀ.ਵੀ.ਟਾਵਰ, ਕੈਂਟ ਰੋਡ ਤੋਂ ਸੰਜੀਵ ਸਿਨੇਮਾ ਚੋਂਕ ਤੱਕ ਸਾਫ—ਸਫਾਈ ਕਰਦਿਆਂ ਰੈਲੀ ਕੱਢੀ ਜਾਵੇਗੀ।ਇਸ ਮੌਕੇ ਸਵੱਛਤਾ ਹੀ ਸੇਵਾ ਥੀਮ ਤਹਿਤ ਸਾਫ—ਸਫਾਈ ਨੂੰ ਯਕੀਨੀ ਬਣਾਉਣ ਲਈ ਸਹੁੰ ਵੀ ਚੁਕਾਈ ਜਾਵੇਗੀ।

ਇਸ ਤੋਂ ਇਲਾਵਾ ਆਪਦੇ ਹੱਥੀ ਕੰਮ ਕਰਨ ਅਤੇ ਸਮਾਜ ਭਲਾਈ ਕੰਮਾਂ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਵੀ ਪ੍ਰੇਰਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਰੈਲੀ ਦਾ ਉਦੇਸ਼ ਆਪਣੇ ਆਲੇ—ਦੁਆਲੇ ਨੂੰ ਸਾਫ—ਸੁਥਰਾ ਰੱਖਣਾ ਹੈ ਤਾਂ ਜੋ ਗੰਦਗੀ ਮੁਕਤ ਵਾਤਾਵਰਨ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਫ—ਸੁਥਰੇ ਵਾਤਾਵਰਣ ਦੀ ਸਿਰਜਣਾ ਨਾਲ ਬਿਮਾਰੀਆਂ ਤੋਂ ਵੀ ਛੁਟਕਾਰਾ ਮਿਲੇਗਾ।

ਨਗਰ ਕੌਂਸਲ ਤੋਂ ਨਰੇਸ਼ ਖੇੜਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 2 ਅਕਤੂਬਰ ਤੱਕ ਸ਼ਹਿਰ ਦੀ ਸਫਾਈ ਦੇ ਮੱਦੇਨਜਰ ਵੱਖ—ਵੱਖ ਗਤੀਵਿਧੀਆਂ ਉਲੀਕੀਆਂ ਜਾਣਗੀਆਂ। ਉਨ੍ਹਾਂ ਆਮ ਲੋਕਾਂ, ਸਮਾਜ ਸੇਵੀ ਸੰਸਥਾਵਾਂ, ਐਸੋਸੀਏਸ਼ਨਾਂ ਅਤੇ ਹੋਰ ਪਤਵੰਤੇ ਸਜਨਾ ਨੂੰ ਇਸ ਪੰਦਰਵਾੜੇ ਵਿਚ ਵੱਧ ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੋ ਇਕਜੁਟਤਾ ਦਾ ਸੰਦੇਸ਼ ਦਿੰਦੇ ਹੋਏ ਸ਼ਹਿਰ ਨੂੰ ਸਾਫ—ਸੁਥਰਾ ਬਣਾਇਆ ਜਾ ਸਕੇ।

# ਪਰਾਲੀ ਪ੍ਰਬੰਧਨ 'ਚ ਅਗਾਂਹਵਧੂ ਕਿਸਾਨ ਬਣ ਕੇ ਉਭਰਿਆ ਹੈ ਪਿੰਡ ਖਿਆਲਾ ਬੁਲੰਦਾ ਦਾ ਸੁਖਪ੍ਰੀਤ ਸਿੰਘ

**ਹੁਸ਼ਿਆਰਪੁਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਭੂੰਗਾ ਦੇ ਪਿੰਡ ਖਿਆਲਾ ਬੁਲੰਦਾ ਦੇ ਸੁਖਪ੍ਰੀਤ ਸਿੰਘ ਨੇ ਪਰਾਲੀ ਪ੍ਰਬੰਧਨ ਦੇ ਖੇਤਰ ਵਿਚ ਇਕ ਮਿਸਾਲ ਕਾਇਮ ਕੀਤੀ ਹੈ। ਬਲਾਕ ਭੂੰਗਾ ਦੇ ਸੁਖਪ੍ਰੀਤ ਸਿੰਘ ਪਿਛਲੇ 4-5 ਸਾਲਾਂ ਤੋਂ ਆਪਣੇ ਖੇਤਾਂ ਵਿਚ ਪਰਾਲੀ ਦੀ ਸੰਭਾਲ ਕਰ ਰਹੇ ਹਨ ਅਤੇ ਹੋਰ ਕਿਸਾਨਾਂ ਲਈ ਪ੍ਰੇਰਨਾ ਬਣ ਚੁੱਕੇ ਹਨ।

ਸੁਖਪ੍ਰੀਤ ਸਿੰਘ ਕੋਲ ਲਗਭਗ 80 ਏਕੜ ਜ਼ਮੀਨ ਹੈ, ਜਿਸ ਵਿਚੋਂ 15-18 ਏਕੜ 'ਤੇ ਉਹ ਕਣਕ ਅਤੇ ਝੋਨੇ ਦੀ ਖੇਤੀ ਕਰਦਾ ਹੈ, ਜਦਕਿ ਬਾਕੀ ਜ਼ਮੀਨ ਵਿਚ ਗੰਨਾ, ਮਟਰ ਅਤੇ ਸਰੋਂ ਦੀ ਫਸਲ ਉਗਾਉਂਦਾ ਹੈ। ਉਹ ਪਰਾਲੀ ਪ੍ਰਬੰਧਨ ਲਈ ਖੇਤ ਵਿਚ ਹੀ ਪਰਾਲੀ ਨੂੰ ਮਿਲਾਉਂਦਾ ਹੈ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿਚ ਵਾਧਾ ਹੁੰਦਾ ਹੈ।

ਇਸ ਦੇ ਨਾਲ ਹੀ ਸੁਖਪ੍ਰੀਤ ਸਿੰਘ ਹੋਰ ਕਿਸਾਨਾਂ ਦੀ ਵੀ ਸਹਾਇਤਾ ਕਰਦੇ ਹਨ, ਉਨ੍ਹਾਂ ਮਲਚਰ ਅਤੇ ਸੁਪਰ ਸੀਡਰ ਵਰਗੀਆਂ ਮਸ਼ੀਨਾਂ ਕਿਰਾਏ 'ਤੇ ਉਪਲਬੱਧ ਕਰਵਾਉਂਦੇ ਹਨ।

ਸੁਖਪ੍ਰੀਤ ਸਿੰਘ ਨੇ ਪਿਛਲੇ ਸਾਲ ਲਗਭਗ 160 ਏਕੜ ਜ਼ਮੀਨ 'ਤੇ ਸੁਪਰ ਸੀਡਰ ਨਾਲ ਪਰਾਲੀ ਨੂੰ ਖੇਤਾਂ ਵਿਚ ਮਿਲਾਇਆ ਸੀ। ਇਸ ਪ੍ਰਕਿਰਿਆ ਨਾਲ ਕਣਕ ਦੀ ਬਿਜਾਈ ਬਿਨਾ ਵਾਹੀ ਬਹੁਤ ਸੌਖੇ ਤਰੀਕੇ ਨਾਲ ਹੋ ਜਾਂਦੀ ਹੈ, ਜਿਸ ਨਾਲ ਸਮੇਂ ਅਤੇ ਧੰਨ ਦੀ ਬੱਚਤ ਹੁੰਦੀ ਹੈ। ਪਰਾਲੀ ਨੂੰ ਮਿੱਟੀ ਵਿਚ ਮਿਲਾਉਣ ਨਾਲ ਜੈਵਿਕ ਮਾਦੇ ਵਿਚ ਵਾਧਾ ਹੋ ਜਾਂਦਾ ਹੈ ਅਤੇ ਨਦੀਨਾ ਦੀ ਸਮੱਸਿਆ ਵੀ ਨਾ ਦੇ ਬਰਾਬਰ ਹੁੰਦੀ ਹੈ, ਜਿਸ ਨਾਲ ਕੀਟਨਾਸ਼ਕ ਦਾ ਖਰਚਾ ਵੀ ਘੱਟ ਹੋ ਜਾਂਦਾ ਹੈ।

ਸੁਖਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਪਰਾਲੀ ਨੂੰ ਜਲਾਉਣ ਦੀ ਬਜਾਏ ਉਸ ਦਾ ਪ੍ਰਬੰਧਨ ਕਰਕੇ ਨਾ ਕੇਵਲ ਖੇਤੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ, ਬਲਕਿ ਵਾਤਾਵਰਣ ਨੂੰ ਵੀ ਸਾਫ਼-ਸੁਥਰਾ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਪ੍ਰਬੰਧਨ ਨੂੰ ਅਪਨਾ ਕੇ ਆਪਣੇ ਅਤੇ ਵਾਤਾਵਰਣ ਦੇ ਹਿੱਤ ਵਿਚ ਕੰਮ ਕਰਨ।

# ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਪਹਿਲੇ ਦਿਨ ਵੱਖ-ਵੱਖ ਦਫ਼ਤਰਾਂ ਦੀ ਚੈਕਿੰਗ ਕੀਤੀ

**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਨੇ ਅੱਜ ਪਹਿਲੇ ਦਿਨ ਹੀ ਵੱਖ-ਵੱਖ ਦਫ਼ਤਰਾਂ ਦੀ ਅਚਨਚੇਤ ਚੈਕਿੰਗ ਕੀਤੀ। ਡਿਪਟੀ ਕਮਿਸ਼ਨਰ ਨੇ ਅਹੁਦਾ ਸੰਭਾਲਣ ਤੋਂ ਬਾਅਦ ਅੱਜ ਪਹਿਲੀ ਵਾਰ ਦਫਤਰਾਂ ਦੀ ਚੈਕਿੰਗ ਕੀਤੀ। ਜ਼ਿਕਰਯੋਗ ਹੈ ਕਿ ਉਨ੍ਹਾਂ 13 ਸਤੰਬਰ ਦਿਨ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ ਇਸ ਜ਼ਿਲ੍ਹੇ ਦਾ ਚਾਰਜ ਸੰਭਾਲਿਆ ਸੀ।

ਇਸ ਚੈਕਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸੀ ਐਮ ਵਿੰਡੋ, ਰੁਜ਼ਗਾਰ ਤੇ ਆਮ ਆਦਮੀ ਕਲੀਨਿਕ ਸਮੇਤ ਵੱਖ ਵੱਖ ਵਿਭਾਗਾਂ ਦੀ ਚੈਕਿੰਗ ਕੀਤੀ ਅਤੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰ ਹੇਠਲੇ ਦਫ਼ਤਰਾਂ ਦੇ ਕਰਮਚਾਰੀਆਂ ਨੂੰ ਸਮੇਂ ਸਿਰ ਡਿਊਟੀ 'ਤੇ ਪਹੁੰਚਣ ਦੇ ਨਿਰਦੇਸ਼ ਦੇਣ।

ਉਨ੍ਹਾਂ ਕਿਹਾ ਕਿ ਆਪਣੇ ਕੰਮਾਂ ਲਈ ਸਰਕਾਰੀ ਦਫਤਰਾਂ 'ਚ ਆਉਣ ਵਾਲੇ ਲੋਕਾਂ ਨੂੰ ਤਨਦੇਹੀ ਨਾਲ ਸੁਣਿਆ ਜਾਵੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਤੌਰ 'ਤੇ ਹੱਲ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਸਖ਼ਤ ਦਿਸ਼ਾ ਨਿਰਦੇਸ਼ ਦਿੰਦਿਆਂ ਕਿਹਾ ਕਿ ਹਰ ਇੱਕ ਅਧਿਕਾਰੀ ਅਤੇ ਕਰਮਚਾਰੀ ਸਮੇਂ ਸਿਰ ਦਫ਼ਤਰਾਂ 'ਚ ਪੁੱਜਣ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਭਾਗ ਦੀ ਅਚਨਚੇਤ ਚੈਕਿੰਗ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਇਸ ਕਾਰਨ ਹਰ ਪ੍ਰਕਾਰ ਦੇ ਦਸਤਾਵੇਜ਼, ਫਾਈਲਾਂ ਅਤੇ ਹੋਰ ਕੰਮਾਂ ਨੂੰ ਅਪਡੇਟ ਰੱਖਿਆ ਜਾਵੇ।

ਸ਼੍ਰੀ ਹਿਮਾਂਸ਼ੂ ਜੈਨ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟੌਲਰੈਂਸ ਪਾਲਿਸੀ ਅਪਣਾਈ ਗਈ ਹੈ ਅਤੇ ਜੇਕਰ ਕੋਈ ਵੀ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਕਿਸੇ ਵੀ ਪ੍ਰਕਾਰ ਦੇ ਭ੍ਰਿਸ਼ਟ ਤੌਰ ਤਰੀਕੇ ਅਪਣਾਉਂਦਾ ਹੈ ਤਾਂ ਉਸ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਪੰਜਾਬ ਸਰਕਾਰ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਨ ਲਈ ਵਚਨਬੱਧ ਹੈ, ਇਸ ਲਈ ਕਿਸੇ ਵੀ ਕਿਸਮ ਦੀ ਆਉਣ ਵਾਲੀ ਸ਼ਿਕਾਇਤ ਨੂੰ ਆਮ ਨਾ ਸਮਝਿਆ ਜਾਵੇ, ਬਲਕਿ ਪੂਰੀ ਗੰਭੀਰਤਾ ਨਾਲ ਲਿਆ ਜਾਵੇ।

ਉਨ੍ਹਾਂ ਕਿਹਾ ਕਿ ਸਰਕਾਰੀ ਦਫਤਰਾਂ ਵਿਚ ਅਜਿਹੀ ਚੈਕਿੰਗ ਭਵਿੱਖ ਵਿੱਚ ਵੀ ਜਾਰੀ ਰਹੇਗੀ। ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਹਦਾਇਤ ਵੀ ਕੀਤੀ।

# ਪਰਾਲੀ ਪ੍ਰਬੰਧਨ ਦੀ ਮਸ਼ੀਨਾਂ ਦੀ ਮੰਗ ਲਈ ਪੋਰਟਲ 19 ਸਤੰਬਰ 2024 ਸ਼ਾਮ 5 ਵਜੇ ਤੱਕ ਦੁਬਾਰਾ ਖੋਲਿਆ

**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਫਸਰ (ਸਦਰ ਮੁਕਾਮ), ਰੂਪਨਗਰ ਡਾ. ਪੰਕਜ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸੀ.ਆਰ.ਐਮ. ਸਕੀਮ ਤਹਿਤ ਸਾਉਣੀ 2024 ਦੌਰਾਨ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਮਸ਼ੀਨਾ ਦੀ ਮੰਗ ਲਈ ਪੋਰਟਲ ਮਿਤੀ 19 ਸਤੰਬਰ 2024 ਸ਼ਾਮ 5 ਵਜੇ ਤੱਕ ਦੁਬਾਰਾ ਖੋਲਿਆ ਗਿਆ ਹੈ।

ਖੇਤੀਬਾੜੀ ਅਫਸਰ ਨੇ ਦੱਸਿਆ ਕਿ ਵਿਅਕਤੀਗਤ ਕਿਸਾਨ, ਕਸਟਮ ਹਾਇਰਿੰਗ ਸੈਂਟਰ, ਪੇਂਡੂ ਉਧਮੀ ਕਿਸਾਨ, ਰਜਿਸਟਰਡ ਕਿਸਾਨ ਗਰੁੱਪ, ਨਿੱਜੀ ਕਿਸਾਨ ਗਰੁੱਪ, ਪੈਡੀ ਸਪਲਾਈ ਚੇਨ ਅਤੇ ਐਫ.ਪੀ.ਓਸ. ਸਕੀਮ ਦੀਆਂ ਗਾਇਡਲਾਇਨਜ਼ ਮੁਤਾਬਿਕ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਸੁਪਰ ਐਸ.ਐਮ.ਐਸ., ਹੈਪੀ ਸੀਡਰ, ਪੈਡੀ ਸਟਰਾਅ ਚੋਪਰ, ਸ਼ਰੈਡਰ, ਮਲਚਰ, ਸਮਾਰਟ ਸੀਡਰ, ਜੀਰੋ ਟਿਲ ਡਰਿੱਲ, ਸਰਫੇਸ ਸੀਡਰ, ਸੁਪਰ ਸੀਡਰ, ਬੇਲਰ, ਰੇਕ, ਕਰਾਪ ਰੀਪਰ, ਸ਼ਰਬ ਮਾਸਟਰ, ਰੋਟਰੀ ਸਲੈਸ਼ਰ ਅਤੇ ਉਲਟਾਵੇਂ ਹੱਲ ਪ੍ਰਾਪਤ ਕਰਨ ਲਈ ਬਿਨ੍ਹੈ ਪੱਤਰ http://agrimachinerypb.com/ ਪੋਰਟਲ ਉਤੇ ਦੇ ਸਕਦੇ ਹਨ।

ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਲਈ ਪੰਜਾਬ ਸਰਕਾਰ ਹਰ ਸਮੇਂ ਤਿਆਰ ਹੈ।

ਪੰਜਾਬ ਸਰਕਾਰ ਦਾ ਇਕੋ ਇੱਕ ਉਦੇਸ਼ ਹੈ ਕਿ ਕਿਸਾਨ ਵੀਰਾਂ ਵੱਲੋਂ ਮਸ਼ੀਨਾਂ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਜੀਰੋ ਬਰਨਿੰਗ ਦੇ ਟੀਚੇ ਨੂੰ ਹਾਸਲ ਕਰਨਾ ਹੈ।

ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਖੇਤ ਵਿਚ ਹੀ ਮਿਲਾ ਕੇ ਜਮੀਨ ਦੀ ਉਪਜਾਊ ਸ਼ਕਤੀ ਵਧਾਉਣ ਤਾਂ ਜੋ ਭਵਿੱਖ ਖਾਦਾਂ ਤੇ ਆਉਣ ਵਾਲੇ ਖਰਚੇ ਨੂੰ ਘਟਾਇਆ ਜਾ ਸਕੇ।

# ਫਾਜ਼ਿਲਕਾ ਦੇ ਮੱਛੀ ਪਾਲਕ ਸੁਖਪਾਲ ਸਿੰਘ ਨੂੰ ਕੇਂਦਰੀ ਮੱਛੀ ਪਾਲਣ ਮੰਤਰੀ ਵੱਲੋਂ ਸਨਮਾਨਿਤ ਕੀਤਾ ਗਿਆ




**ਫਾਜ਼ਿਲਕਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰੱਕੀ ਦੀ ਇੱਕ ਕਮਾਲ ਮਿਸਾਲ ਬਣੇ, ਪੰਜਾਬ ਦੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਬਹਾਦਰਖੇੜਾ ਦੇ ਇੱਕ ਮੱਛੀ ਪਾਲਕ ਸੁਖਪਾਲ ਸਿੰਘ ਨੂੰ ਪ੍ਰਧਾਨ ਮੰਤਰੀ ਮਤਸਿਆ ਸੰਪਦਾ ਯੋਜਨਾ (PMMSY) ਦੀ ਚੌਥੀ ਵਰ੍ਹੇਗੰਢ 'ਤੇ ਕੇਂਦਰੀ ਮੱਛੀ ਪਾਲਣ ਮੰਤਰੀ ਵੱਲੋਂ 11 ਸਤੰਬਰ ਨੂੰ ਦਿੱਲੀ ਵਿੱਚ ਸਨਮਾਨਿਤ ਕੀਤਾ ਗਿਆ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਵੀ ਜ਼ਿਲ੍ਹੇ ਦਾ ਨਾਂਅ ਰੌਸ਼ਨ ਕਰਨ ਵਾਲੇ ਇਸ ਕਿਸਾਨ ਨੂੰ ਵਧਾਈ ਦਿੱਤੀ ਹੈ।

ਸੁਖਪਾਲ ਸਿੰਘ ਦਾ ਆਮ ਕਿਸਾਨ ਤੋਂ ਸਫਲ ਮੱਛੀ ਪਾਲਕ ਤੱਕ ਦਾ ਸਫ਼ਰ ਕਈਆਂ ਲਈ ਪ੍ਰੇਰਨਾ ਸਰੋਤ ਹੈ। ਮੱਛੀ ਪਾਲਣ ਵਿਭਾਗ ਦੇ ਮਾਰਗਦਰਸ਼ਨ ਅਤੇ ਸਹਾਇਤਾ ਨਾਲ, ਉਸਨੇ 2013 ਵਿੱਚ ਰਵਾਇਤੀ ਖੇਤੀ ਤੋਂ ਐਕੁਆਕਲਚਰ ਵੱਲ ਪਰਿਵਰਤਨ ਕੀਤਾ। 2.5 ਏਕੜ ਤੋਂ ਸ਼ੁਰੂ ਕਰਕੇ, ਉਸਨੇ 2014 ਵਿੱਚ 10 ਏਕੜ ਤੱਕ ਅਤੇ ਬਾਅਦ ਵਿੱਚ ਝੀਂਗਾ ਪਾਲਣ ਨੂੰ ਅਪਣਾਉਂਦੇ ਹੋਏ 20 ਏਕੜ ਤੱਕ ਇਸ ਕਿੱਤੇ ਨੂੰ ਵਧਾਇਆ।

ਤਕਨੀਕੀ ਸਿਖਲਾਈ ਸੈਸ਼ਨਾਂ ਅਤੇ ਮੱਛੀ ਪਾਲਣ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਰਾਹੀਂ ਸੁਖਪਾਲ ਸਿੰਘ ਨੇ ਆਪਣੇ ਗਿਆਨ ਅਤੇ ਹੁਨਰ ਵਿੱਚ ਵਾਧਾ ਕੀਤਾ।

ਉਸ ਦੀ ਲਗਨ ਦਾ ਨਤੀਜਾ ਨਿਕਲਿਆ, ਉਸ ਨੂੰ ਰਵਾਇਤੀ ਖੇਤੀ ਦੇ ਮੁਕਾਬਲੇ ਜਿਆਦਾ ਆਮਦਨ ਹੋਣ ਲੱਗੀ। ਹੋਰ ਤਾਂ ਹੋਰ ਉਸਦਾ ਪਿੰਡ ਸੇਮ ਕਾਰਨ ਪ੍ਰਭਾਵਿਤ ਹੋਣ ਕਾਰਨ ਉਸਦੀਆਂ ਜਮੀਨਾਂ ਰਵਾਇਤੀ ਖੇਤੀ ਲਈ ਵੀ ਯੋਗ ਨਹੀਂ ਸੀ ਤਾਂ ਮੱਛੀ ਤੇ ਝੀਂਗਾ ਪਾਲਣ ਉਸ ਲਈ ਇਕ ਸਫਲ ਬਦਲ ਸਾਬਤ ਹੋਇਆ।

ਸੁਖਪਾਲ ਸਿੰਘ ਦੀ ਸਫ਼ਲਤਾ ਨੇ ਫਾਜ਼ਿਲਕਾ ਦੇ ਹੋਰ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਹੈ, ਜਿਸ ਨੇ ਜ਼ਿਲ੍ਹੇ ਨੂੰ ਪੰਜਾਬ ਦੇ ਚੋਟੀ ਦੇ ਝੀਂਗਾ ਪਾਲਣ ਦੇ ਕੇਂਦਰਾਂ ਵਿੱਚੋਂ ਇੱਕ ਵਿੱਚ ਬਦਲ ਦਿੱਤਾ ਹੈ। ਉਸਦੀ ਪ੍ਰਾਪਤੀ ਆਰਥਿਕ ਅਤੇ ਸਮਾਜਿਕ ਸਥਿਤੀ ਵਿੱਚ ਸੁਧਾਰ, ਇੱਕ ਵਿਹਾਰਕ ਵਪਾਰਕ ਵਿਕਲਪ ਵਜੋਂ ਮੱਛੀ ਪਾਲਣ ਦੀ ਸੰਭਾਵਨਾ ਨੂੰ ਦਰਸਾਉਂਦੀ ਹੈ।

ਮੱਛੀ ਪਾਲਣ ਵਿਭਾਗ ਦੀਆਂ ਪਹਿਲਕਦਮੀਆਂ ਨੇ ਸੁਖਪਾਲ ਸਿੰਘ ਵਰਗੇ ਕਿਸਾਨਾਂ ਨੂੰ ਖਾਰੇ ਪਾਣੀ ਤੋਂ ਪ੍ਰਭਾਵਿਤ ਬੰਜਰ ਜ਼ਮੀਨਾਂ ਅਤੇ ਕਰਜ਼ੇ ਕਾਰਨ ਪੈਦਾ ਹੋਈਆਂ ਚੁਣੌਤੀਆਂ ਨੂੰ ਦੂਰ ਕਰਨ ਲਈ ਸਮਰੱਥ ਬਣਾਇਆ ਹੈ। ਅੱਜ, ਉਹ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ, ਆਮਦਨ ਕਰ ਅਦਾ ਕਰਦੇ ਹਨ ਅਤੇ ਦੂਜਿਆਂ ਨੂੰ ਪ੍ਰੇਰਿਤ ਕਰਦੇ ਹਨ।

ਸੁਖਪਾਲ ਸਿੰਘ ਨੇ ਕਿਹਾ, ÷ਮੈਂ ਮੱਛੀ ਪਾਲਣ ਵਿਭਾਗ ਦਾ ਉਹਨਾਂ ਦੇ ਮਾਰਗਦਰਸ਼ਨ ਅਤੇ ਸਮਰਥਨ ਲਈ ਧੰਨਵਾਦੀ ਹਾਂ। ਝੀਂਗਾ ਪਾਲਣ ਨੂੰ ਅਪਣਾਉਣ ਨਾਲ ਮੇਰੀ ਜ਼ਿੰਦਗੀ ਬਦਲ ਗਈ ਹੈ, ਅਤੇ ਮੈਨੂੰ ਉਮੀਦ ਹੈ ਕਿ ਮੇਰੀ ਕਹਾਣੀ ਹੋਰਾਂ ਨੂੰ ਇਸ ਲਾਹੇਵੰਦ ਮੌਕੇ ਦੀ ਖੋਜ ਕਰਨ ਲਈ ਉਤਸ਼ਾਹਿਤ ਕਰੇਗੀ।÷

ਮੱਛੀ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਕੇਵਲ ਕ੍ਰਿਸ਼ਨ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੱਛੀ ਪਾਲਣ ਵਿਭਾਗ ਮੱਛੀ ਪਾਲਣ ਦਾ ਧੰਦਾ ਅਪਣਾ ਰਹੇ ਕਿਸਾਨਾਂ ਨੂੰ ਸਬਸਿਡੀਆਂ ਅਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

# ਹਰਿਆਣਾ ਵਿੱਚ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ



**ਚੰਡੀਗੜ੍ਹ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਰਾਜਸੀ ਪਾਰਟੀਆਂ ਨੇ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਆਗੂਆਂ ਵੱਲੋਂ ਸੂਬੇ ਦੇ 90 ਵਿਧਾਨ ਸਭਾ ਹਲਕਿਆਂ ਵਿੱਚ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਸੇ ਦੌਰਾਨ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਭਾਜਪਾ ਉਮੀਦਵਾਰਾਂ ਦਾ ਘਿਰਾਓ ਕਰਕੇ ਪਿਛਲੇ 10 ਸਾਲਾਂ ਦਾ ਹਿਸਾਬ-ਕਿਤਾਬ ਮੰਗਣਾ ਸ਼ੁਰੂ ਕਰ ਦਿੱਤਾ ਹੈ। ਅੱਜ ਸੂਬੇ ਵਿੱਚ ਕਈ ਥਾਈਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਭਾਜਪਾ ਉਮੀਦਵਾਰਾਂ ਦਾ ਘਿਰਾਓ ਕਰਦਿਆਂ ਉਨ੍ਹਾਂ ਨੂੰ ਕਿਸਾਨਾਂ ਦੇ ਮੁੱਦੇ 'ਤੇ ਸਟੈਂਡ ਸਪੱਸ਼ਟ ਕਰਨ ਲਈ ਕਿਹਾ। ਹਾਲਾਂਕਿ ਭਾਜਪਾ ਆਗੂ ਆਪਣਾ ਬਚਾਅ ਕਰਦਿਆਂ ਮੌਕੇ ਤੋਂ ਖਿਸਕ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹਾ ਹਿਸਾਰ ਦੇ ਵਿਧਾਨ ਸਭਾ ਹਲਕਾ ਆਦਮਪੁਰ ਵਿੱਚ ਭਾਜਪਾ ਉਮੀਦਵਾਰ ਭਵਿਆ ਬਿਸ਼ਨੋਈ ਲਈ ਪ੍ਰਚਾਰ ਕਰਨ ਪੁੱਜੇ ਕੁਲਦੀਪ ਬਿਸ਼ਨੋਈ ਦਾ ਕਿਸਾਨਾਂ ਨੇ ਵਿਰੋਧ ਕੀਤਾ, ਜਦੋਂ ਦੋਵੇਂ ਪਿਓ-ਪੁੱਤ ਉੱਥੋਂ ਨਿਕਲਣ ਲੱਗੇ ਤਾਂ ਲੋਕਾਂ ਨੇ ਪਿੱਛੇ ਭੱਜ ਕੇ ਉਨ੍ਹਾਂ ਖ਼ਿਲਾਫ਼ ਰੋਸ ਜਤਾਇਆ। ਇਸ ਉਪਰੰਤ ਕਿਸਾਨਾਂ ਨੇ ਪੰਚਾਇਤ ਸੱਦੀ, ਜਿੱਥੇ ਕੁਲਦੀਪ ਬਿਸ਼ਨੋਈ ਨੇ ਪਹੁੰਚ ਕੇ ਕਿਸਾਨਾਂ ਨਾਲ ਗੱਲਬਾਤ ਕੀਤੀ। ਕਿਸਾਨਾਂ ਨੇ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਨਾਲ ਮਤਰੇਆ ਸਲੂਕ ਕਰ ਰਹੀ ਹੈ। ਇਸ 'ਤੇ ਕੁਲਦੀਪ ਬਿਸ਼ਨੋਈ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ।

ਜ਼ਿਲ੍ਹਾ ਅੰਬਾਲਾ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਨਾਰਾਇਣਗੜ੍ਹ ਤੋਂ ਭਾਜਪਾ ਉਮੀਦਵਾਰ ਪਵਨ ਸੈਣੀ ਦਾ ਕਿਸਾਨਾਂ ਨੇ ਵਿਰੋਧ ਕੀਤਾ। ਚੋਣ ਪ੍ਰਚਾਰ ਲਈ ਆਏ ਪਵਨ ਸੈਣੀ ਦਾ ਵਿਰੋਧ ਕਰਦਿਆਂ ਕਿਸਾਨ ਆਗੂਆਂ ਨੇ ਝੰਡੇ ਲੈ ਕੇ ਸੈਣੀ ਦਾ ਰਾਹ ਜਾਮ ਕਰ ਦਿੱਤਾ। ਕਿਸਾਨਾਂ ਨੇ ਸੈਣੀ ਨੂੰ ਚੋਣ ਪ੍ਰਚਾਰ ਲਈ ਅੱਗੇ ਨਹੀਂ ਵਧਣ ਦਿੱਤਾ। ਇਸੇ ਤਰ੍ਹਾਂ ਫਰੀਦਾਬਾਦ ਦੇ ਵਿਧਾਨ ਸਭਾ ਹਲਕਾ ਬੜਖਲ ਵਿੱਚ ਭਾਜਪਾ ਉਮੀਦਵਾਰ ਧਨੇਸ਼ ਅਦਲੱਖਾ ਦਾ ਕਿਸਾਨਾਂ ਨੇ ਵਿਰੋਧ ਕੀਤਾ। ਧਨੇਸ਼ ਅਦਲੱਖਾ ਪਿੰਡ ਨਵਾਦਾ ਵਿੱਚ ਚੋਣ ਪ੍ਰਚਾਰ ਕਰਨ ਜਾ ਰਹੇ ਸਨ। ਰਾਹ ਵਿੱਚ ਪਿਛਲੇ ਲੰਬੇ ਸਮੇਂ ਤੋਂ ਗੰਦੇ ਨਾਲੇ ਤੇ ਸੀਵਰੇਜ ਦਾ ਦੂਸ਼ਿਤ ਪਾਣੀ ਸੜਕ 'ਤੇ ਖੜ੍ਹਾ ਹੋਣ ਦੇ ਮੁੱਦੇ ਅਤੇ ਕਿਸਾਨੀ ਮੰਗਾਂ ਸਬੰਧੀ ਲੋਕਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਇਸ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਹਰਿਆਣਾ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿੱਜ ਦੇ ਸਮਾਗਮਾਂ ਦਾ ਵਿਰੋਧ ਕੀਤਾ। ਇਸ ਦੌਰਾਨ ਭਾਜਪਾ ਵਰਕਰ ਤੇ ਕਿਸਾਨ ਆਗੂ ਆਪਸ ਵਿੱਚ ਖਹਿਬੜ ਪਏ ਸਨ, ਜਿਨ੍ਹਾਂ ਨੂੰ ਪੁਲੀਸ ਨੇ ਰੋਕਿਆ। ਜ਼ਿਕਰਯੋਗ ਹੈ ਕਿ ਹਰਿਆਣਾ ਵਿੱਚ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਭਾਜਪਾ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦਾ ਹੈ। ਇਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਦੌਰਾਨ ਵੀ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ, ਹਰਿਆਣਾ ਸਣੇ ਹੋਰਨਾਂ ਸੂਬਿਆਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਗਿਆ ਸੀ, ਜਿਸ ਕਾਰਨ ਭਾਜਪਾ ਨੂੰ ਪੰਜਾਬ ਤੇ ਹਰਿਆਣਾ ਵਿੱਚ ਵਧੇਰੇ ਨੁਕਸਾਨ ਝੱਲਣਾ ਪਿਆ ਸੀ।

ਇੱਥੇ ਦੇਰ ਸ਼ਾਮ ਅੰਬਾਲਾ ਕੈਂਟ ਦੇ ਸ਼ਾਹਪੁਰ ਪਿੰਡ ਵਿੱਚ ਚੋਣ ਪ੍ਰਚਾਰ ਲਈ ਪਹੁੰਚੇ ਸਾਬਕਾ ਗ੍ਰਹਿ ਮੰਤਰੀ ਅਤੇ ਅੰਬਾਲਾ ਛਾਉਣੀ ਹਲਕੇ ਤੋਂ ਭਾਜਪਾ ਉਮੀਦਵਾਰ ਅਨਿਲ ਵਿੱਜ ਨੂੰ ਭਾਰਤੀ ਕਿਸਾਨ ਯੂਨੀਅਨ ਸ਼ਹੀਦ ਭਗਤ ਸਿੰਘ ਦੇ ਵਰਕਰਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਦੌਰਾਨ ਉਨ੍ਹਾਂ ਨੂੰ ਮੀਟਿੰਗ ਵਿਚਾਲੇ ਛੱਡ ਕੇ ਜਾਣਾ ਪਿਆ। ਸ੍ਰੀ ਵਿੱਜ ਸ਼ਾਹਪੁਰ ਪਿੰਡ ਵਿੱਚ ਆਪਣੇ ਚੋਣ ਪ੍ਰਚਾਰ ਦੌਰਾਨ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੀ ਭਿਣਕ ਕਿਸਾਨਾਂ ਨੂੰ ਪੈ ਗਈ। ਭਾਰਤੀ ਕਿਸਾਨ ਯੂਨੀਅਨ ਸ਼ਹੀਦ ਭਗਤ ਸਿੰਘ ਦੇ ਵਰਕਰ ਹੱਥਾਂ ਵਿਚ ਝੰਡੇ ਲੈ ਕੇ ਮੀਟਿੰਗ ਵਾਲੀ ਥਾਂ 'ਤੇ ਪਹੁੰਚ ਗਏ।

# ਪੁਲੀਸ ਤੇ ਨੀਮ ਫੌਜੀ ਬਲਾਂ ਵੱਲੋਂ ਫਲੈਗ ਮਾਰਚ



**ਸ਼ਾਹਬਾਦ ਮਾਰਕੰਡਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲੀਸ ਕਪਤਾਨ ਵਰੁਣ ਸਿੰਗਲਾ ਦੇ ਆਦੇਸ਼ਾਂ 'ਤੇ ਜ਼ਿਲ੍ਹਾ ਪੁਲੀਸ ਵਿਧਾਨ ਸਭਾ ਚੋਣਾਂ ਸਬੰਧੀ ਚੌਕਸ ਹੈ। ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਥਾਣਾ ਸ਼ਾਹਬਾਦ, ਥਾਣਾ ਬਾਬੈਨ, ਲਾਡਵਾ, ਥਾਨੇਸਰ, ਕ੍ਰਿਸ਼ਨਾ ਗੇਟ, ਝਾਂਸਾ, ਇਸਮਾਈਲਾਬਾਦ ਥਾਣਾ ਇਲਾਕੇ ਵਿੱਚ ਨੀਮ ਫ਼ੌਜੀ ਬਲਾਂ ਨੇ ਫਲੈਗ ਮਾਰਚ ਕੀਤਾ। ਪੁਲੀਸ ਅਧਿਕਾਰੀਆਂ ਦੀ ਅਗਵਾਈ ਵਿੱਚ ਪੁਲੀਸ ਟੀਮ ਤੇ ਸੀਆਈਐੱਸਐੱਫ ਦੀਆਂ ਟੁਕੜੀਆਂ ਨੇ ਆਮ ਨਾਗਰਿਕਾਂ ਨੂੰ ਸ਼ਾਂਤਮਈ, ਨਿਰਪੱਖ ਤੇ ਆਜ਼ਾਦ ਚੋਣ ਪ੍ਰਕਿਰਿਆ ਵਿੱਚ ਪੁਲੀਸ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।ਪੁਲੀਸ ਦੇ ਬੁਲਾਰੇ ਮਨਜੀਤ ਪੰਚਾਲ ਨੇ ਦੱਸਿਆ ਕਿ ਜ਼ਿਲ੍ਹਾ ਕੁਰੂਕਸ਼ੇਤਰ ਵਿੱਚ ਵਿਧਾਨ ਸਭਾ ਚੋਣਾਂ ਸ਼ਾਂਤੀ ਪੂਰਵਕ ਤੇ ਨਿਰਪੱਖ ਢੰਗ ਨਾਲ ਕਰਵਾਉਣ ਤੇ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਪੁਲੀਸ ਅਧਿਕਾਰੀਆਂ ਦੀ ਅਗਵਾਈ ਵਿੱਚ ਪੁਲੀਸ ਟੀਮਾਂ ਅਤੇ ਸੀਆਈਐੱਸਐੱਫ ਦੀਆਂ ਟੁਕੜੀਆਂ ਨੇ ਥਾਣਾ ਸ਼ਾਹਬਾਦ, ਬਾਬੈਨ, ਲਾਡਵਾ, ਥਾਨੇਸਰ, ਕ੍ਰਿਸ਼ਨਾ ਗੇਟ, ਝਾਂਸਾ ਤੇ ਥਾਣਾ ਇਸਮਾਈਲਾਬਾਦ ਇਲਾਕੇ ਵਿਚ ਫਲੈਗ ਮਾਰਚ ਕੀਤਾ। ਇਹ ਮਾਰਚ ਵੱਖ ਵੱਖ ਗਲੀਆਂ ਤੇ ਸੜਕਾਂ ਤੋਂ ਲੰਘਿਆ। ਪੁਲੀਸ ਨੇ ਇਨ੍ਹਾਂ ਖੇਤਰਾਂ ਦੇ ਲੋਕਾਂ ਨੂੰ ਬਿਨਾਂ ਕਿਸੇ ਡਰ ਭੈਅ ਤੋਂ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਲਈ ਪ੍ਰੇਰਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਮਾਜ ਵਿਰੋਧੀ ਅਨਸਰ ਦੇ ਝਾਂਸੇ 'ਚ ਨਾ ਆਉਣ ਅਤੇ ਸ਼ੱਕੀ ਵਸਤੂ ਜਾਂ ਘਟਨਾ ਬਾਰੇ ਤੁਰੰਤ ਆਪਣੇ ਨੇੜਲੇ ਪੁਲੀਸ ਸਟੇਸ਼ਨ, ਚੌਕੀ ਜਾਂ ਪੁਲੀਸ ਕੰਟਰੋਲ ਰੂਮ ਨੂੰ ਸੂਚਿਤ ਕਰਨ।

# ਕੱਟੜ ਵਿਰੋਧੀ ਇਸ ਵਾਰ ਰਲ ਕੇ ਲੜਨਗੇ ਚੋਣਾਂ



**ਏਲਨਾਬਾਦ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਨੀਤੀ ਵਿੱਚ ਕਦੋਂ ਕੀ ਸਿਆਸੀ ਧਮਾਕਾ ਹੋ ਜਾਵੇ ਇਸਦਾ ਅਨੁਮਾਨ ਕੋਈ ਨਹੀਂ ਲਗਾ ਸਕਦਾ। ਪਿਛਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਵਿਰੋਧ ਕਰਨ ਵਾਲੀ ਜਜਪਾ ਵੱਲੋਂ ਬਾਅਦ ਵਿੱਚ ਭਾਜਪਾ ਨੂੰ ਸਮੱਰਥਨ ਦੇ ਕੇ ਸਰਕਾਰ ਵਿੱਚ ਹਿੱਸੇਦਾਰੀ ਬਣਾਈ ਗਈ ਸੀ। ਰਾਣੀਆਂ ਵਿਧਾਨ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ ਰਣਜੀਤ ਸਿੰਘ ਚੌਟਾਲਾ ਨੇ ਵੀ ਭਾਜਪਾ ਸਰਕਾਰ ਵਿੱਚ ਸੱਤਾ ਸੁੱਖ ਭੋਗਿਆ।

ਸਾਲ 2021 ਵਿੱਚ ਏਲਨਾਬਾਦ ਵਿਧਾਨ ਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ ਦੌਰਾਨ ਇੱਕ ਦੂਜੇ ਦੇ ਵਿਰੁੱਧ ਚੋਣ ਲੜੇ ਅਭੈ ਸਿੰਘ ਚੌਟਾਲਾ ਅਤੇ ਗੋਬਿੰਦ ਕਾਂਡਾ ਹੁਣ ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਦੂਸਰੇ ਦੇ ਸਮਰਥਨ ਨਾਲ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਸਾਲ 2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਸੀਟ ਤੇ ਇਨੈਲੋ ਦੇ ਅਭੈ ਸਿੰਘ ਚੌਟਾਲਾ ਨੇ ਭਾਜਪਾ ਦੇ ਪਵਨ ਬੈਨੀਵਾਲ ਨੂੰ ਹਰਾ ਕੇ ਚੋਣ ਜਿੱਤੀ ਸੀ। ਉਸ ਸਮੇਂ ਅਭੈ ਸਿੰਘ ਚੌਟਾਲਾ ਨੂੰ 57,055 ਵੋਟ ਮਿਲੇ ਸਨ ਜਦੋਂਕਿ ਭਾਜਪਾ ਦੇ ਪਵਨ ਬੈਨੀਵਾਲ ਨੂੰ 45133 ਵੋਟ ਮਿਲੇ ਸਨ ਪਰ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੋਧ ਵਜੋਂ ਅਭੈ ਸਿੰਘ ਚੌਟਾਲਾ ਨੇ ਇਸ ਸੀਟ ਤੋਂ ਆਪਣਾ ਅਸਤੀਫ਼ਾ ਦੇ ਦਿੱਤਾ ਸੀ, ਜਿਸ ਕਾਰਨ ਇੱਥੇ ਸਾਲ 2021 ਵਿੱਚ ਜ਼ਿਮਨੀ ਚੋਣ ਹੋਈ ਤਾਂ ਉਸ ਸਮੇਂ ਭਾਜਪਾ ਵੱਲੋਂ ਇੱਥੋਂ ਗੋਬਿੰਦ ਕਾਂਡਾ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਸੀ। ਉਸ ਸਮੇਂ ਇਨੈਲੋ ਵੱਲੋਂ ਇਹ ਚੋਣ ਕਿਸਾਨ ਹਿਤੈਸ਼ੀ (ਅਭੈ ਚੌਟਾਲਾ) ਅਤੇ ਕਿਸਾਨ ਵਿਰੋਧੀ (ਗੋਬਿੰਦ ਕਾਂਡਾ) ਦਾ ਮੁੱਦਾ ਬਣਾ ਕੇ ਲੜੀ ਗਈ ਸੀ। ਇਸ ਜ਼ਿਮਨੀ ਚੋਣ ਦੌਰਾਨ ਇਨੈਲੋ ਵਰਕਰਾਂ ਵੱਲੋਂ ਗੋਬਿੰਦ ਕਾਂਡਾ ਦਾ ਕਾਲੇ ਝੰਡਿਆਂ ਨਾਲ ਅਨੇਕ ਥਾਵਾਂ 'ਤੇ ਵਿਰੋਧ ਵੀ ਕੀਤਾ ਗਿਆ ਸੀ। ਇਸ ਜ਼ਿਮਨੀ ਚੋਣ ਵਿੱਚ ਇਨੈਲੋ ਉਮੀਦਵਾਰ ਅਭੈ ਸਿੰਘ ਚੌਟਾਲਾ ਨੂੰ 65992 ਵੋਟ ਹਾਸਲ ਹੋਏ ਸਨ ਜਦੋਂ ਕਿ ਕਿਸਾਨ ਅੰਦੋਲਨ ਦੇ ਵਿਰੋਧ ਦੇ ਚੱਲਦਿਆ ਵੀ ਭਾਜਪਾ ਉਮੀਦਵਾਰ ਗੋਬਿੰਦ ਕਾਂਡਾ ਨੇ ਅਭੈ ਸਿੰਘ ਚੌਟਾਲਾ ਨੂੰ ਤੱਕੜੀ ਟੱਕਰ ਦਿੰਦਿਆ 59,253 ਵੋਟ ਹਾਸਲ ਕੀਤੇ ਸਨ।

ਸਾਲ 2021 ਦੀ ਜ਼ਿਮਨੀ ਚੋਣ ਵਿੱਚ ਇੱਕ-ਦੂਜੇ ਦੇ ਕੱਟੜ ਵਿਰੋਧੀ ਰਹੇ ਅਭੈ ਚੌਟਾਲਾ ਅਤੇ ਕਾਂਡਾ ਭਰਾ (ਗੋਪਾਲ ਕਾਂਡਾ ਅਤੇ ਗੋਬਿੰਦ ਕਾਂਡਾ) ਇਸ ਵਾਰ ਰਲ ਕੇ ਚੋਣਾਂ ਲੜ ਰਹੇ ਹਨ। ਜਿਸ ਤੋਂ ਸਪੱਸ਼ਟ ਹੈ ਕਿ ਸਾਲ 2021 ਦੀ ਜ਼ਿਮਨੀ ਚੋਣ ਵਿੱਚ ਗੋਬਿੰਦ ਕਾਂਡਾ ਦੇ ਖ਼ਿਲਾਫ਼ ਝੰਡਾ ਚੁੱਕਣ ਵਾਲੇ ਇਨੈਲੋ ਵਰਕਰ ਇਸ ਵਾਰ ਗੋਬਿੰਦ ਕਾਂਡਾ ਦਾ ਝੰਡਾ ਝੁਲਾਉਂਦੇ ਨਜ਼ਰ ਆਉਣਗੇ। ਇਸੇ ਤਰ੍ਹਾਂ 2019 ਦੀਆਂ ਚੋਣਾਂ ਦੌਰਾਨ ਅਭੈ ਚੌਟਾਲਾ ਦੇ ਖ਼ਿਲਾਫ਼ ਚੋਣ ਲੜਨ ਵਾਲੇ ਪਵਨ ਬੈਨੀਵਾਲ ਵੀ ਹੁਣ ਇਨੈਲੋ ਵਿੱਚ ਸ਼ਾਮਲ ਹੋ ਚੁੱਕੇ ਹਨ।

# ਐਕਸਿਸ ਬੈਂਕ, ਸਵਰਾਜ ਮਾਜ਼ਦਾ ਇਸੁਜ਼ੂ ਤੇ ਮੈਟਲੋਨਿਕਸ ਕੰਪਨੀਆਂ ਵੱਲੋਂ ਵੱਖ-ਵੱਖ ਅਸਾਮੀਆਂ ਭਰਨ ਲਈ ਪਲੇਸਮੈਂਟ ਕੈਂਪ

**ਰੂਪਨਗਰ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ ਦੀ ਲੜੀ ਤਹਿਤ ਅਗਲਾ ਕੈਂਪ ਅੱਜ 17 ਸਤੰਬਰ 2024 ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰੂਪਨਗਰ ਸ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ 3 ਕੰਪਨੀਆਂ ਐਕਸਿਸ ਬੈਂਕ, ਸਵਰਾਜ ਮਾਜ਼ਦਾ ਇਸੁਜ਼ੂ ਅਤੇ ਮੈਟਲੋਨਿਕਸ ਭਾਗ ਲੈਣਗੀਆਂ।

ਉਨ੍ਹਾਂ ਵਿਸਥਾਰ ਨਾਲ ਦੱਸਿਆ ਕਿ ਐਕਸਿਸ ਬੈਂਕ ਵੱਲੋਂ ਬਿਜਨਸ ਡਿਵੈਲਪਮੈਂਟ ਐਗਜ਼ੀਕਿਊਟਿਵ (ਆਨ ਰੋਲ) ਦੀਆਂ ਅਸਾਮੀਆਂ ਲਈ ਗ੍ਰੇਜੂਏਸ਼ਨ ਅਤੇ ਪੋਸਟਗ੍ਰੈਜੂਏਸ਼ਨ ਪਾਸ 18 ਤੋਂ 28 ਸਾਲ ਦੇ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ। ਇਸ ਅਸਾਮੀ ਤੇ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 2.24 ਲੱਖ ਰੁਪਏ ਸਲਾਨਾ ਪੈਕੇਜ਼ ਮਿਲੇਗਾ। ਇਸ ਅਸਾਮੀ ਲਈ ਨੌਕਰੀ ਦਾ ਸਥਾਨ ਰੂਪਨਗਰ, ਮੋਹਾਲੀ ਅਤੇ ਚੰਡੀਗੜ੍ਹ ਹੋਵੇਗਾ।

ਸਵਰਾਜ਼ ਮਾਜਦਾ ਇਸੂਜੂ ਕੰਪਨੀ ਵੱਲੋਂ ਫੀਲਡ ਇੰਸਪੈਕਟਰ-ਕਮ-ਅਸਿਸਟੈਂਟ ਸਕਿਓਰਿਟੀ ਅਫਸਰ ਦੀਆਂ ਅਸਾਮੀਆਂ ਲਈ ਬਾਰਵੀਂ ਪਾਸ ਸਾਬਕਾ ਫੌਜੀ ਅਤੇ 3 ਸਾਲ ਦਾ ਫੀਲਡ ਅਫਸਰ ਦਾ ਤਜ਼ਰਬਾ, ਉਮਰ 30 ਤੋਂ 45 ਸਾਲ ਦੀ ਮੰਗ ਕੀਤੀ ਗਈ ਹੈ, ਇਸ ਅਸਾਮੀ ਤੇ ਚੁਣੇ ਜਾਣ ਵਾਲੇ ਉਮੀਦਵਾਰ ਨੂੰ 22000 ਰੁਪਏ ਤਨਖਾਹ ਮਿਲੇਗੀ। ਸੁਪਰਵਾਈਜ਼ਰ (ਐਕਸ ਸਰਵਿਸਮੈਨ) ਦੀ ਅਸਾਮੀ ਲਈ 18 ਤੋਂ 45 ਸਾਲ ਦੇ ਸਾਬਕਾ ਫੌਜੀਆਂ ਦੀ ਇੰਟਰਵਿਊ ਹੋਵੇਗੀ। ਇਸ ਅਸਾਮੀ ਦੀ ਤਨਖਾਹ 12,231 ਰੁਪਏ ਮਹੀਨਾ ਹੈ। ਸੁਪਰਵਾਈਜ਼ਰ ਸਿਵਲ ਦੀ ਅਸਾਮੀ ਲਈ ਬਾਰਵੀਂ ਪਾਸ ਅਤੇ 3 ਸਾਲ ਦੇ ਤਜ਼ਰਬੇ ਦੀ ਮੰਗ ਕੀਤੀ ਗਈ ਹੈ ਅਤੇ ਫਾਇਰਮੈਨ ਦੀ ਅਸਾਮੀ ਲਈ ਡਿਪਲੋਮਾ ਫਾਇਰਮੈਨ ਅਤੇ 1 ਸਾਲ ਦੇ ਤਜ਼ਰਬੇ ਦੀ ਮੰਗ ਕੀਤੀ ਗਈ ਹੈ। ਇਸ ਅਸਾਮੀ ਤੇ 11,419/- ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲੇਗੀ।

ਮੈਟਲੋਨਿਕਸ ਕੰਪਨੀ ਵੱਲੋਂ ਮਿਗ ਵੈਲਡਰ, ਫਿਟਰ, ਗਰਾਂਈਡਰ ਦੀਆਂ ਅਸਾਮੀਆਂ ਲਈ ਆਈ.ਟੀ.ਆਈ/ਡਿਪਲੋਮੇ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਅਸਾਮੀਆਂ ਲਈ ਉਮਰ ਸੀਮਾ 18 ਤੋਂ 35 ਸਾਲ ਹੈ ਅਤੇ ਨੌਕਰੀ ਦਾ ਸਥਾਨ ਕੁਰਾਲੀ ਹੈ। ਮਿਗ ਵੈਲਡਰ ਦੀ ਅਸਾਮੀ ਤੇ ਚੁਣੇ ਜਾਣ ਵਾਲੇ ਉਮੀਦਵਾਰ ਨੂੰ 16000 ਤੋਂ 18000 ਰੁਪਏ ਪ੍ਰਤੀ ਮਹੀਨਾ, ਫਿਟਰ ਦੀ ਅਸਾਮੀ ਤੇ 15000 ਤੋਂ 18000 ਰੁਪਏ ਪ੍ਰਤੀ ਮਹੀਨਾ ਅਤੇ ਗਰਾਂਈਡਰ ਦੀ ਅਸਾਮੀ ਤੇ 11000 ਤੋਂ 13000 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲੇਗੀ।

ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਆਪਣੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਅਤੇ ਬਾਇਓ ਡਾਟਾ ਸਮੇਤ ਪਹੁੰਚ ਕੇ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਕੈਂਪ ਸਬੰਧੀ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 8557010066 ਤੇ ਸੰਪਰਕ ਕਰ ਸਕਦੇ ਹੋ।

ਬਲਾਕ ਮਿਸ਼ਨ ਮੈਨੇਜਰ ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਹੁਨਰ ਵਿਕਾਸ ਮਿਸ਼ਨ ਅਧੀਨ ਵੱਖ-ਵੱਖ ਹੁਨਰ ਵਿਕਾਸ ਸਕੀਮਾਂ ਤਹਿਤ ਸਰਕਾਰ ਵੱਲੋਂ ਮੁਫ਼ਤ ਸਿਖਲਾਈ ਦਿੱਤੀ ਜਾ ਰਹੀ ਹੈ। ਜੇਕਰ ਕੋਈ ਉਮੀਦਵਾਰ ਸਰਕਾਰ ਦੀਆਂ ਮੁਫ਼ਤ ਹੁਨਰ ਵਿਕਾਸ ਟ੍ਰੇਨਿੰਗ ਸਕੀਮਾਂ ਦਾ ਲਾਭ ਲੈਣ ਦਾ ਚਾਹਵਾਨ ਹੈ ਤਾਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਆਪਣਾ ਨਾਮ ਰਜਿਸਟਰ ਕਰਵਾ ਸਕਦਾ ਹੈ।

# 20 ਟੀਮਾਂ ਕਰ ਰਹੀਆਂ ਹਨ ਲਗਾਤਾਰ ਨਰਮੇ ਦਾ ਸਰਵੇਖਣ



**ਫਾਜ਼ਿਲਕਾ, 19 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਸ੍ਰੀ ਸੰਦੀਪ ਰਿਣਵਾਂ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿਚ ਨਰਮੇ ਦੀ ਫਸਲ ਦੇ ਸਰਵੇਖਣ ਲਈ 20 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਇਹ ਟੀਮਾਂ ਹਫ਼ਤੇ ਵਿਚ 2 ਦਿਨ ਸੋਮਵਾਰ ਅਤੇ ਵੀਰਵਾਰ ਨੂੰ ਨਰਮੇ ਦੇ ਖੇਤਾਂ ਦਾ ਦੌਰਾ ਕਰਕੇ ਸਰਵੇਖਣ ਕਰਦੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਇੰਨ੍ਹਾਂ ਟੀਮਾਂ ਦੀ ਸਰਵੇ ਰਿਪੋਰਟ ਅਨੁਸਾਰ ਜ਼ਿਲ੍ਹੇ ਵਿਚ ਕਿਤੇ ਵੀ ਨਰਮੇ ਦੀ ਫਸਲ ਤੇ ਕਿਸੇ ਬਿਮਾਰੀ ਜਾਂ ਕੀਟ ਦਾ ਹਮਲਾ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਮਿਲੀ ਬੱਗ, ਚਿੱਟੀ ਮੱਖੀ ਜਾਂ ਗੁਲਾਬੀ ਸੁੰਡੀ ਦੇ ਹਮਲੇ ਦੀ ਕਿਤੇ ਵੀ ਕੋਈ ਰਿਪੋਰਟ ਨਹੀਂ ਹੈ।

ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਉਨ੍ਹਾਂ ਨੂੰ ਕਿਸੇ ਕੀੜੇ ਦੇ ਹਮਲੇ ਦੇ ਚਿੰਨ੍ਹ ਵਿਖਾਈ ਦੇਣ ਤਾਂ ਉਹ ਤੁਰੰਤ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਰਨ ਅਤੇ ਵਿਭਾਗ ਵੱਲੋਂ ਦੱਸੇ ਅਨੁਸਾਰ ਇਸਦਾ ਇਲਾਜ ਕਰਨ।

ਉਨ੍ਹਾਂ ਨੇ ਕਿਹਾ ਕਿ ਕਿਤੇ ਉੱਕਾ ਦੁੱਕਾ ਜੇਕਰ ਕਿਸੇ ਬੂਟੇ ਤੇ ਮਿਲੀ ਬੱਗ ਦਿਖਾਈ ਦੇਵੇ ਤਾਂ ਅਜਿਹੇ ਬੂਟੇ ਪੁੱਟ ਕੇ ਡੂੰਘੇ ਦੱਬ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਵਿਭਾਗ ਦੀਆਂ ਟੀਮਾਂ ਲਗਾਤਾਰ ਖੇਤਾਂ ਦਾ ਸਰਵੇਖ਼ਣ ਕਰਦੀਆਂ ਰਹਿੰਦੀਆਂ ਹਨ।

## ਸ਼੍ਰੀ ਹਰਿਮੰਦਰ ਸਾਹਿਬ ਵਿਖੇ ਸ਼੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਮਨਜੀਤ ਸਿੰਘ ਜੀ.ਕੇ. ਨੇ ਮੱਥਾ ਟੇਕਿਆ

ਏਜੰਸੀਆਂ

ਅੰਮ੍ਰਿਤਸਰ 19 ਸਤੰਬਰ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਸ੍ਰੋਮਣੀ ਅਕਾਲੀ ਦਲ ਕੌਰ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਜੀ.ਕੇ. ਨੇ ਮੱਥਾ ਟੇਕਿਆ।ਇਸ ਦੌਰਾਨ ਉਹਨਾਂ ਨੇ ਜਿੱਥੇ ਇਲਾਹੀ ਬਾਣੀ ਦਾ ਕੀਰਤਨ



ਸੁਣਿਆ ਉੱਥੇ ਹੀ ਸਰਬਤ ਦੇ ਭਲੇ ਦੀ ਅਰਦਾਸ ਵੀ ਕੀਤੀ। ਪੱਤਰਕਾਰਾ ਨਾਲ ਗੱਲਬਾਤ ਕਰਦੇ ਹੋਏ ਉਨਾਂ ਕਿਹਾ ਕਿ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਦਿਵਸ ਤੇ ਨਤਮਸਤਕ ਹੋਣ ਆਏ ਸੀ ਅਤੇ ਇਥੋਂ ਗੋਇੰਦਵਾਲ ਸਾਹਿਬ ਜਾਣਾ ਚਾਹ ਰਹੇ ਹਾਂ , ਜਿੱਥੇ ਸਤਾਬਦੀ ਦਾ ਸਾਰਾ ਆਯੋਜਨ ਹੋਇਆ ਹੈ। ਉਨਾਂ ਨੇ ਕਿਹਾ ਕਿ ਗੁਰੂ ਮਹਾਰਾਜ ਦੀ ਬਖਸਸਿ਼ ਹੈ ਕਿ ਜਿਸ ਤਰੀਕੇ ਨਾਲ ਗੁਰੂਆਂ ਨੇ ਕੌਮ ਨੂੰ ਚੜ੍ਹਦੀ ਕਲਾ ਦੇ ਰਾਹ ਪਾਇਆ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ, ਮੈਂ ਸਾਰੀ ਕੌਮ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ। ਰਾਹੁਲ ਗਾਂਧੀ ਦੇ ਬਿਆਨ ਤੇ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਜੋ ਰਾਹੁਲ ਗਾਂਧੀ ਨੇ ਬਿਆਨ ਦਿੱਤਾ ਉਹਦੇ 'ਚ ਕਾਫੀ ਸੱਚਾਈ ਹੈ, ਉਹਨਾਂ ਕਿਹਾ ਕਿ ਹੁਣ ਤੱਕ ਜੋ ਅਸੀਂ ਦੇਖਦੇ ਆਏ ਹਾਂ ਕਿ ਇਮਤਿਹਾਨ ਦੇਣ ਗਏ ਬੱਚਿਆਂ ਦਾ ਕਿਤੇ ਕਿਰਪਾਨ, ਕਿਤੇ ਕੜਾ ਉਤਰਵਾਇਆ ਜਾਂਦਾ ਹੈ।ਇਸ ਤੋਂ ਇਲਾਵਾ ਕਿਤੇ ਗੁਰੂ ਘਰਾਂ 'ਤੇ ਕਬਜੇ ਹੋ ਰਹੇ ਹਨ। ਉਹਨਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਕਿਸਾਨਾਂ ਨੂੰ ਏਅਰਪੋਰਟ 'ਤੇ ਰੋਕਿਆ ਜਾਂਦਾ ਹੈ, ਉਹਨਾਂ ਨੇ ਕਿਰਪਾਨ ਪਾਈ ਹੈ ਜਿਹੜੀ ਕੋਨਸਟੀਟਿਊਸਨ ਸਾਨੂੰ ਅਲਾਓ ਕਰਦੀ ਹੈ ਲੇਕਿਨ ਮੈਂ ਸਮਝਦਾ ਕਿ ਭਾਵੇਂ ਰਾਹੁਲ ਦੀ ਸਰਕਾਰ ਹੋਵੇ ਭਾਵੇਂ ਅੱਜ ਬੀ. ਜੇ. ਪੀ. ਦੀ, ਸਾਡੇ ਨਾਲ ਇੰਝ ਹੀ ਹੁੰਦਾ ਆਇਆ ਹੈ। ਉਹਨਾਂ ਕਿਹਾ ਕਿ ਜਦੋਂ ਭਾਜਪਾ ਸੱਤਾ ਵਿੱਚ ਨਹੀਂ ਸੀ ਤਾਂ ਮੋਦੀ ਨੇ ਵੱਡੇ-ਵੱਡੇ ਵਾਅਦੇ ਕੀਤੇ ਸੀ ਪਰ ਅੱਜ ਉਹ ਆਪਣੇ ਵਾਦਿਆਂ ਤੋਂ ਕੋਹਾਂ ਦੂਰ ਹਨ ਕਿਉਂਕਿ ਨਾ ਤਾਂ ਅਜੇ ਤੱਕ ਸਾਡੇ ਬੰਦੀ ਸਿੱਖ ਰਿਹਾ ਹੋਏ ਅਤੇ ਨਾ ਹੀ ਸਾਡੇ ਗੁਰਦੁਆਰਿਆਂ ਸਾਹਿਬ ਤੋਂ ਇੰਟਰਫੇਰਸ ਕਰਨੀ ਬੰਦ ਹੋਈ ਹੈ। ਇਸ ਲਈ ਰਾਹੁਲ ਗਾਂਧੀ ਵੱਲੋਂ ਦਿੱਤਾ ਬਿਆਨ ਅਜੇ ਤੱਕ ਠੀਕ ਲੱਗ ਰਿਹਾ ਹੈ ਪਰ ਇਸ ਦੀ ਕੋਈ ਗਰੰਟੀ ਨਹੀਂ ਕਿ ਉਹ ਸਤਾ ਵਿੱਚ ਆਉਣ ਤੋਂ ਬਾਅਦ ਵੀ ਇਸ 'ਤੇ ਕਾਇਮ ਰਹਿੰਦੇ ਹਨ ਜਾਂ ਨਹੀਂ, ਇਹ ਸਮਾਂ ਆਉਣ 'ਤੇ ਹੀ ਪਤਾ ਲੱਗ ਸਕੇਗਾ।

# ਪੰਜਾਬ ਦੇ 5 ਪੁਲਸ ਅਧਿਕਾਰੀਆਂ 'ਤੇ ਵੱਡੀ ਕਾਰਵਾਈ

ਸਰਦੂਲ ਸਿੰਘ

ਜਲੰਧਰ 19 ਸਤੰਬਰ। ਜਲੰਧਰ ਦਿਹਾਤੀ ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ ਡਿਊਟੀ ਵਿੱਚ ਕੁਤਾਹੀ ਵਰਤਣ ਲਈ ਜਿ਼ਲ੍ਹੇ ਦੇ ਵੱਖ-ਵੱਖ ਥਾਣਿਆਂ ਦੇ ਪੰਜ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਪੁਲਸ ਅਧਿਕਾਰੀਆਂ ਦੀ ਅਣਗਹਿਲੀ ਅਤੇ ਲਾਪਰਵਾਹੀ, ਖਾਸ ਤੌਰ 'ਤੇ ਅਲਾਵਲਪੁਰ ਚੌਂਕੀ ਦੇ ਅਧਿਕਾਰ ਖੇਤਰ ਦੇ ਅੰਦਰ ਵਾਰ-ਵਾਰ ਜਨਤਕ ਸਿ਼ਕਾਇਤਾਂ ਤੋਂ ਬਾਅਦ ਕੀਤੀ ਗਈ ਹੈ। ਮੁਅੱਤਲ ਕੀਤੇ ਗਏ ਅਧਿਕਾਰੀ ਜੋਕਿ ਵੱਖ-ਵੱਖ ਥਾਣਿਆਂ ਵਿੱਚ ਤਾਇਨਾਤ ਸਨ, ਉਨ੍ਹਾਂ ਦੀ ਪਛਾਣ ਏ. ਐੱਸ. ਆਈ. ਅਵਤਾਰ ਸਿੰਘ, ਕਾਂਸਟੇਬਲ ਬਿਕਰਮਜੀਤ ਸਿੰਘ, ਸੀਨੀਅਰ ਕਾਂਸਟੇਬਲ ਭੁਪਿੰਦਰ ਸਿੰਘ, ਕਾਂਸਟੇਬਲ ਆਰੀਅਨਪ੍ਰੀਤ ਸਿੰਘ ਅਤੇ ਏ. ਐੱਸ. ਆਈ/ਐਲਆਰ ਜਸਵਿੰਦਰ ਸਿੰਘ ਵਜੋਂ ਹੋਈ ਹੈ। ਪ੍ਰੈੱਸ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਪੁਲਸ ਕਪਤਾਨ (ਐੱਸ. ਐੱਸ. ਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਵਿਭਾਗ ਨੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਆਪਣੀ ਡਿਊਟੀ ਨਿਭਾਉਣ ਵਿੱਚ ਅਸਫਲ ਰਹਿਣ ਲਈ ਸਖਤ ਕਾਰਵਾਈ ਕੀਤੀ ਹੈ, ਜਿਸ ਕਾਰਨ ਕਈ ਜਨਤਕ ਸਿ਼ਕਾਇਤਾਂ ਆਈਆਂ ਅਤੇ ਲੋਕਾਂ ਵਿੱਚ ਬੇਚੈਨੀ ਪੈਦਾ ਹੋਈ ਹੈ। ਪੁਲਸ ਵੱਲੋਂ ਲਾਪਰਵਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਲਾਵਲਪੁਰ ਚੌਂਕੀ ਦੇ ਇੰਚਾਰਜ ਏ. ਐੱਸ. ਆਈ. ਰਜਿੰਦਰ ਕੁਮਾਰ ਐੱਨ. ਡੀ. ਪੀ. ਐੱਸ. ਐਕਟ ਨਾਲ ਸਬੰਧਤ ਇਕ ਨਾਜ਼ੁਕ ਮਾਮਲੇ ਨੂੰ ਲੈ ਕੇ ਜਾਂਚ ਦੇ ਘੇਰੇ ਵਿੱਚ ਆਏ ਸਨ। ਲੋਕਾਂ ਦੁਆਰਾ ਉਸ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ਲਈ ਉਸ ਵਿਰੁੱਧ ਵਾਰ-ਵਾਰ ਸਿ਼ਕਾਇਤਾਂ ਦਰਜ ਕਰਵਾਈਆਂ ਗਈਆਂ ਸਨ। ਅਧਿਕਾਰੀ ਨੇ ਜਾਂਚ ਦੌਰਾਨ ਸਹੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ, ਜਿਸ ਕਾਰਨ ਨਿਆਂ ਦਿਵਾਉਣ ਵਿੱਚ ਕਾਫੀ ਦੇਰੀ ਹੋਈ ਸੀ। ਪੈਂਡਿੰਗ ਕੇਸਾਂ ਵੱਲ ਉਸਦੀ ਧਿਆਨ ਦੀ ਘਾਟ ਅਤੇ ਕੇਸ ਦੇ ਮਾੜੇ ਪ੍ਰਬੰਧਨ ਨੇ ਖੇਤਰ ਵਿੱਚ ਵੱਧ ਰਹੀ ਨਿਰਾਸ਼ਾ ਵਿੱਚ ਯੋਗਦਾਨ ਪਾਇਆ ਹੈ ਜੋ ਬਿਲਕੁੱਲ ਬਰਦਾਸਤ ਨਹੀਂ



ਕੀਤਾ ਜਾ ਸਕਦਾ। ਥਾਣਾ ਲੋਹੀਆਂ ਵਿਖੇ ਤਾਇਨਾਤ ਏ. ਐੱਸ. ਆਈ. ਅਵਤਾਰ ਸਿੰਘ ਨੂੰ ਪਿੰਡ ਪਿੱਪਲੀ ਵਿਖੇ ਜ਼ਮੀਨੀ ਵਿਵਾਦ ਨੂੰ ਧਿਆਨ ਨਾਲ ਨਾ ਹੱਲ ਕਰਨ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਗਿਆ, ਜਿਸ ਕਾਰਨ ਅਮਨ ਕਾਨੂੰਨ ਦੀ ਵੱਡੀ ਸਥਿਤੀ ਪੈਦਾ ਹੋ ਸਕਦੀ ਸੀ। ਉਸ ਨੇ ਕਤਲ ਦੀ ਕੋਸਸਿ਼ ਦੇ ਕੇਸ ਨੂੰ ਵੀ ਗਲਤ ਤਰੀਕੇ ਨਾਲ ਨਜਿੱਠਿਆ ਅਤੇ ਉਹ ਡੀ. ਐੱਸ. ਪੀ. ਸਾਹਕੋਟ ਜਾਂਚ ਵਿੱਚ ਦੋਸੀ ਪਾਇਆ ਗਿਆ। ਸੰਭਾਵੀ ਖਤਰੇ ਤੋਂ ਜਾਣੂੰ ਹੋਣ ਦੇ ਬਾਵਜੂਦ, ਉਸ ਨੇ ਮਾਮਲੇ ਨੂੰ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿੱਚ ਨਹੀਂ ਲਿਆਂਦਾ ਅਤੇ ਨਾ ਹੀ ਕੋਈ ਰੋਕਥਾਮ ਕਾਰਵਾਈ ਕੀਤੀ ਸੀ। ਥਾਣਾ ਭੋਗਪੁਰ ਵਿਖੇ ਤਾਇਨਾਤ ਏ. ਐੱਸ. ਆਈ. ਜਸਵਿੰਦਰ ਸਿੰਘ ਨੂੰ ਇਕ ਝਗੜੇ ਦੇ ਮਾਮਲੇ ਨੂੰ ਮਾੜਾ ਢੰਗ ਨਾਲ ਨਜਿੱਠਣ ਕਾਰਨ ਮੁਅੱਤਲ ਕੀਤਾ ਗਿਆ ਹੈ, ਜੋਕਿ ਵੱਡੇ ਟਕਰਾਅ ਵਿੱਚ ਤਬਦੀਲ ਹੋਣ ਦੀ ਸੰਭਾਵਨਾ ਰੱਖਦਾ ਸੀ। ਅਧਿਕਾਰੀ ਨੇ ਵਿਰੋਧੀ ਧਿਰ 'ਤੇ ਬੇਲੋੜਾ ਦਬਾਅ ਪਾਇਆ, ਜਿਸ ਕਾਰਨ ਹੋਰ ਉਲਝਣਾਂ ਪੈਦਾ ਹੋ ਗਈਆਂ। ਡੀ. ਐੱਸ. ਪੀ. ਆਦਮਪੁਰ ਦੀ ਜਾਂਚ ਵਿੱਚ ਉਸ ਨੂੰ ਮਾਮਲੇ ਵਿੱਚ ਗੜਬੜ ਕਰਨ ਲਈ ਦੋਸੀ ਪਾਇਆ ਗਿਆ ਹੈ। ਕਾਂਸਟੇਬਲ ਬਿਕਰਮਜੀਤ ਸਿੰਘ, ਸੀਨੀਅਰ ਕਾਂਸਟੇਬਲ ਭੁਪਿੰਦਰ ਸਿੰਘ ਅਤੇ ਕਾਂਸਟੇਬਲ ਆਰੀਅਨਪ੍ਰੀਤ ਸਿੰਘ ਨੂੰ ਲੰਬੇ ਸਮੇਂ ਲਈ ਵਾਰ-ਵਾਰ ਅਣਅਧਿਕਾਰਤ ਗੈਰਹਾਜ਼ਰ ਰਹਿਣ ਕਾਰਨ ਮੁਅੱਤਲ ਕਰ ਦਿੱਤਾ ਗਿਆ ਹੈ। ਕਾਂਸਟੇਬਲ ਆਰੀਅਨਪ੍ਰੀਤ ਸਿੰਘ ਦੀ ਵੀ ਗੈਂਗਸਟਰਾਂ ਅਤੇ ਅਪਰਾਧਿਕ ਤੱਤਾਂ ਨਾਲ ਮਿਲੀਭੁਗਤ ਸਾਹਮਣੇ ਆਈ ਹੈ। ਐੱਸ. ਐੱਸ. ਪੀ. ਖੱਖ ਨੇ ਵਿਭਾਗ ਦੀ ਵਚਨਬੱਧਤਾ ਨੂੰ ਦੁਹਰਾਇਆ ਕਿ ਅਜਿਹੀ ਅਣਗਹਿਲੀ ਦੁਬਾਰਾ ਨਾ ਹੋਵੇ। ਉਨ੍ਹਾਂ ਕਿਹਾ ਕਿ ਡਿਊਟੀ ਵਿੱਚ ਕੁਤਾਹੀ ਬਰਦਾਸਤ ਨਹੀਂ ਕੀਤੀ ਜਾਵੇਗੀ। "ਅਸੀਂ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ, ਅਤੇ ਜੇਕਰ ਕੋਈ ਵੀ ਅਧਿਕਾਰੀ ਆਪਣੀ ਡਿਊਟੀ ਵਿਚ ਕੁਤਾਹੀ ਪਾਇਆ ਗਿਆ ਤਾਂ ਉਸ ਨੂੰ ਸਖਤ ਨਤੀਜੇ ਭੁਗਤਣੇ ਪੈਣਗੇ।" ਅੱਗੇ ਜਾਂਚ ਜਾਰੀ ਹੈ, ਅਤੇ ਫੋਰਸ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਹੋਰ ਕਾਰਵਾਈਆਂ ਕੀਤੀਆਂ ਜਾਣਗੀਆਂ।

## ਹਸਪਤਾਲ 'ਚ ਚੱਪਲਾਂ ਨਾਲ ਕੁੱਟਿਆ ਡਾਕਟਰ, ਵਜ੍ਹਾ ਕਰੇਗੀ ਹੈਰਾਨ

ਗੁਜਰਾਤ 19 ਸਤੰਬਰ। ਗੁਜਰਾਤ ਦੇ ਇਕ ਹਸਪਤਾਲ ਵਿਚ ਇਕ ਡਾਕਟਰ ਦੀ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਡਾਕਟਰ ਨੂੰ ਇਸ ਲਈ ਕੁੱਟਿਆ ਗਿਆ ਕਿਉਂਕਿ ਇਕ ਮਰੀਜ ਦੇ ਪਰਿਵਾਰਕ ਮੈਂਬਰਾਂ ਨੂੰ ਐਮਰਜੈਂਸੀ ਵਾਰਡ 'ਚ ਦਾਖਲ ਹੋਣ ਤੋਂ ਪਹਿਲਾਂ ਆਪਣੀਆਂ ਚੱਪਲਾਂ ਉਤਾਰਨ ਨੂੰ ਕਿਹਾ ਸੀ। ਇਹ ਘਟਨਾ ਸ਼ਨੀਵਾਰ ਨੂੰ ਭਾਵਨਗਰ ਦੇ ਸਿਹੋਰ ਵਿਚ ਇਕ ਪ੍ਰਾਈਵੇਟ ਹਸਪਤਾਲ ਵਿਚ ਉਸ ਸਮੇਂ ਵਾਪਰੀ, ਜਦੋਂ ਦੋਸ਼ੀ ਇਕ ਮਹਿਲਾ ਦਾ ਇਲਾਜ ਕਰਾਉਣ ਹਸਪਤਾਲ ਪਹੁੰਚੇ ਸਨ, ਜਿਸ ਦੇ ਸਿਰ 'ਤੇ ਸੱਟ ਲੱਗੀ ਸੀ। ਇਸ ਮਾਮਲੇ ਵਿਚ ਪੁਲਸ ਨੇ ਹਮਲੇ ਵਿਚ ਸ਼ਾਮਲ 3 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਐਮਰਜੈਂਸੀ ਰੂਮ ਦੇ ਅੰਦਰ ਲੱਗੇ ਸੀ. ਸੀ. ਟੀ. ਵੀ. ਵਿਚ ਰਿਕਾਰਡ ਕੀਤੇ ਗਏ ਵੀਡੀਓ ਵਿਚ ਕੁਝ ਲੋਕ ਬੈੱਡ 'ਤੇ ਔਰਤ ਕੋਲ ਖੜ੍ਹੇ ਵਿਖਾਈ ਦੇ ਰਹੇ ਹਨ। ਕੁਝ ਸਕਿੰਟ ਬਾਅਦ ਡਾਕਟਰ ਕਮਰੇ ਵਿਚ ਦਾਖਲ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਚੱਪਲਾਂ ਉਤਾਰਨ ਨੂੰ ਕਹਿੰਦੇ ਹਨ। ਇਸ ਤੋਂ ਬਾਅਦ ਉੱਥੇ ਬਹਿਸ ਸ਼ੁਰੂ ਹੋ ਜਾਂਦੀ ਹੈ ਅਤੇ ਫਿਰ ਦੋਸ਼ੀ ਡਾਕਟਰ 'ਤੇ ਹਮਲਾ ਕਰ ਦਿੰਦੇ ਹਨ। ਇਸ ਤੋਂ ਬਾਅਦ ਦੋਸ਼ੀ ਡਾਕਟਰ ਨੂੰ ਕੁੱਟਦੇ ਰਹਿੰਦੇ ਹਨ, ਜਦਕਿ ਔਰਤ ਬੈੱਡ 'ਤੇ ਪਈ ਸੀ ਤਾਂ ਕਮਰੇ 'ਚ ਮੌਜੂਦ ਨਰਸਿੰਗ ਸਟਾਫ ਨੇ ਦਖਲ ਦੇਣ ਦੀ ਕੋਸਸਿ਼ ਕੀਤੀ। ਇਸ ਲੜਾਈ 'ਚ ਕਮਰੇ 'ਚ ਰੱਖੀਆਂ ਦਵਾਈਆਂ ਅਤੇ ਹੋਰ ਸਾਮਾਨ ਵੀ ਨੁਕਸਾਨਿਆ ਗਿਆ। ਇਕ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਹਿਰੇਨ ਡਾਂਗਰ, ਭਵਦੀਪ ਡਾਂਗਰ ਅਤੇ ਕੌਸਿ਼ਕ ਕੁਵਾੜੀਆ ਵਿਰੁੱਧ ਧਾਰਾ-115 (2) (ਕਿਸੇ ਵਿਅਕਤੀ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕੰਮ ਕਰਨਾ), 352 (ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣ-ਬੁੱਝ ਕੇ ਅਪਮਾਨ ਕਰਨਾ), 351 (3) (ਅਪਰਾਧਿਕ ਧਮਕੀ) ਅਤੇ ਭਾਰਤੀ ਨਿਆਂ ਸੰਹਿਤਾ () ਦੇ ਹੋਰ ਵਿਵਸਥਾਵਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

## ਨਸ਼ੀਲੀਆਂ ਗੋਲੀਆਂ ਦੇ ਚੱਲ ਰਹੇ ਵੱਡੇ ਰੈਕੇਟ ਦਾ ਪਰਦਾਫਾਸ, ਵੱਡੀ ਗਿਣਤੀ 'ਚ ਗੋਲੀਆਂ ਬਰਾਮਦ

ਝਬਾਲ 19 ਸਤੰਬਰ। ਥਾਣਾ ਝਬਾਲ ਪੁਲਸ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਝਬਾਲ ਪੁਲਸ ਨੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਨੇੜੇ ਇਕ ਕਾਰ ਵਿਚੋਂ ਵੱਡੀ ਤਾਦਾਦ ਵਿਚ ਨਸੀਲੀਆਂ ਗੋਲੀਆਂ ਤੇ ਡਰੱਗ ਮਨੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਭ ਇੰਸਪੈਕਟਰ ਚਰਨਜੀਤ ਸਿੰਘ ਸਮੇਤ ਪੁਲਸ ਪਾਰਟੀ ਗਸਤ ਦੇ ਸਬੰਧ ਵਿਚ ਪਿੰਡ ਮੀਆਂਪੁਰ ਆਦਿ ਨੂੰ ਜਾ ਰਿਹਾ ਸੀ ਕਿ ਜਦ ਪੁਲਸ ਪਾਰਟੀ ਬੈਕ ਸਾਈਡ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਪਿੰਡ ਠੱਠਾ ਪੁੱਜੀ ਤਾਂ ਇਕ ਕਾਰ ਮਾਰਕਾ ਪੋਲੋ ਨੰਬਰੀ ਪੀ.ਬੀ. 02 ਬੀ.ਆਰ 7570 ਜਿਸ ਨੂੰ ਇਕ ਸਰਦਾਰ ਵਿਅਕਤੀ ਚਲਾ ਰਿਹਾ ਸੀ ਜਿਸ ਨੇ ਪੁਲਸ ਪਾਰਟੀ ਨੂੰ ਦੇਖ ਕੇ ਅਚਾਨਕ ਕਾਰ ਪਿੱਛੇ ਨੂੰ ਕਰ ਕੇ ਗੁਰਦੁਆਰਾ ਸਾਹਿਬ ਦੀ ਬੈਕ ਸਾਈਡ 'ਤੇ ਖੜੀ ਕਰ ਦਿੱਤੀ ਤੇ ਵਿਚ ਹੀ ਬੈਠਾ ਰਿਹਾ। ਜਿਸਨੂੰ ਤਫਤੀਸੀ ਅਫਸਰ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸਦੀ ਪਛਾਣ ਅੰਗਰੇਜ ਸਿੰਘ ਪੁੱਤਰ ਜਰਮੇਜ ਸਿੰਘ ਵਾਸੀ ਕਲਸ ਥਾਣਾ ਸਰਾਏ ਅਮਾਨਤ ਖਾਂ ਵਜੋਂ ਹੋਈ। ਉਕਤ ਦੀ ਗੱਡੀ ਮਾਰਕਾ ਪੋਲੋ ਦੀ ਅੱਗੇ ਵਾਲੀ ਸੀਟ 'ਤੇ ਕੁਝ ਲਿਫਾਫੇ ਪਏ ਦਿਖਾਈ ਦਿੱਤੇ ਜਿਨ੍ਹਾਂ ਨੂੰ ਸਾਥੀ ਕਰਮਚਾਰੀਆਂ ਦੀ ਹਾਜਰੀ ਵਿਚ ਖੋਲ੍ਹ ਕੇ ਚੈੱਕ ਕੀਤਾ ਤਾਂ ਲਿਫਾਫਿਆਂ ਵਿਚੋਂ ਤਿੰਨੇ ਡੱਬੇ ਨਸੀਲੀਆ ਗੋਲੀਆਂ ਜਿਨ੍ਹਾਂ ਵਿਚੋਂ ਇਕ ਵਿਚ 470 ਗੋਲੀਆ ਨਸੀਲੀਆਂ ਮਾਰਕਾ ਟਰਮਾਡੋਲ 100 ਐੱਮ.ਜੀ, ਦੂਸਰੇ ਡੱਬੇ ਵਿਚ 300 ਗੋਲੀਆ ਨਸੀਲੀਆਂ ਮਾਰਕਾ ਐਲਪਰਾਜਲਮ (ਹੈਲਥਕਲੇਮ) ਅਤੇ ਤੀਸਰੇ ਡੱਬੇ ਵਿਚ 660 ਗੋਲੀਆਂ ਨਸੀਲੀਆਂ ਮਾਰਕਾ ਐਲਪਰਾਜੇਲਮ (ਐੱਲਪਰਾਸੈਫ) ਕੁੱਲ 1430 ਨਸੀਲੀਆਂ ਗੋਲੀਆਂ ਬਰਾਮਦ ਹੋਈਆਂ। ਜੋ ਦੋਸੀ ਅੰਗਰੇਜ ਸਿੰਘ ਇਨ੍ਹਾਂ ਗੋਲੀਆਂ ਬਾਰੇ ਕੋਈ ਪਰਮਿਟ ਜਾ ਬਿੱਲ ਪੇਸ ਨਹੀਂ ਕਰ ਸਕਿਆ। ਕਾਰ ਮਾਰਕਾ ਪੋਲੋ ਦੀ ਤਲਾਸੀ ਕਰਨ ਤੇ ਉਸ ਵਿਚੋਂ 02 ਮੋਬਾਇਲ ਇਕ ਮਾਰਕਾ ਆਈ ਫੋਨ, ਦੂਸਰਾ ਮਾਰਕਾ ਰੇਡਮੀ ਅਤੇ 15200 ਰੁਪਏ ਭਾਰਤੀ ਕਰੰਸੀ ਡਰੱਗ ਮਨੀ ਬਰਾਮਦ ਹੋਈ। ਉਕਤ ਵਿਅਕਤੀ 'ਤੇ ਥਾਣਾ ਝਬਾਲ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਤਫਤੀਸ ਅਮਲ ਵਿਚ ਲਿਆਂਦੀ ਗਈ ਹੈ।

## ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਸਬੰਧਤ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ

ਕਿਸ਼ਨ ਪਾਲ

ਤਰਨਤਾਰਨ 19 ਸਤੰਬਰ। ਜ਼ਿਲ੍ਹਾ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਤਰਨਤਾਰਨ ਅਤੇ ਐੱਸ.ਡੀ.ਓ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ ਪਰਾਲੀ ਪ੍ਰਬੰਧਨ ਸਬੰਧੀ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜ਼ਿਲੇ ਵਿਚ ਪਰਾਲੀ ਨੂੰ ਸਾੜਨ ਦੇ ਮਾਮਲੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ਮਾਮਲਿਆਂ ਨਾਲ ਸਖਤੀ ਨਾਲ ਨਿਪਟਣ ਲਈ ਮਾਣਯੋਗ ਸੁਪਰੀਮ ਕੋਰਟ ਅਤੇ ਮੁੱਖ ਸਕੱਤਰ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਤੁਰੰਤ ਸਬੰਧਤ ਐੱਸ. ਐੱਚ. ਓ ਅਤੇ ਚੌਕੀ ਇੰਚਾਰਜ ਵੱਲੋਂ ਵਲੋਂ ਬਣਦੀ ਪੁਲਸ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਉਨ੍ਹਾਂ ਵੱਲੋਂ ਸਮੂਹ ਕਲਸਟਰ, ਨੋਡਲ ਅਫ਼ਸਰ ਅਤੇ ਸਮੂਹ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ ਹਨ ਕਿ ਜਿਨ੍ਹਾਂ ਪਿੰਡਾਂ ਵਿਚ ਝੋਨੇ/ਬਾਸਮਤੀ ਦੀ ਪਰਾਲੀ ਨੂੰ ਅੱਗ ਲਗਾਈ ਜਾ ਰਹੀ ਹੈ, ਉਸਦੀ ਸੂਚਨਾ ਤੁਰੰਤ ਸਬੰਧਤ ਐੱਸ. ਐੱਚ. ਓ. ਅਤੇ



ਪੁਲਸ ਚੌਕੀ ਵਿਚ ਦੇਣ ਅਤੇ ਪੁਲਸ ਕਾਰਵਾਈ ਕਰਵਾਉਣੀ ਯਕੀਨੀ ਬਣਾਉਣ। ਇਸ ਤੋਂ ਇਲਾਵਾ ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਸਾਂਭਣ ਲਈ ਮਸ਼ੀਨਾਂ ਜਿਵੇਂ ਕਿ ਸੁਪਰ ਐੱਸ.ਐੱਮ.ਐੱਸ, ਹੈਪੀ ਸੀਡਰ, ਪੈਡੀ ਸਟਰਾਅ ਚੌਪਰ/ ਸਰੈਡਰ/ਮਲਚਰ, ਸਮਾਰਟ ਸੀਡਰ, ਜ਼ੀਰੋ ਟਿੱਲ ਡਰਿੱਲ, ਸਰਫੇਸ ਸੀਡਰ, ਸੁਪਰ ਸੀਡਰ, ਬੇਲਰ, ਰੇਕ, ਕਰਾਪ ਰੀਪਰ, ਸ਼ਰਬ ਮਾਸਟਰ/ ਰੋਟਰੀ ਸਲੈਸ਼ਰ, ਉਲਟਾਵੇਂ ਪਲਾਓ, ਕਸਟਮ ਹਾਈਰਿੰਗ ਸੈਂਟਰ, ਪੈਡੀ ਸਪਲਾਈ ਚੇਨ ਸਬਸਿਡੀ 'ਤੇ ਉਪਲੱਬਧ ਕਰਵਾਉਣ ਲਈ ਖੇਤੀਬਾੜੀ ਵਿਭਾਗ ਦੇ ਆਨਲਾਈਨ ਪੋਰਟਲ .. 'ਤੇ ਅਰਜ਼ੀਆਂ ਦੇਣ ਲਈ ਇਕ ਹੋਰ ਮੌਕਾ ਦਿੱਤਾ ਜਾਂਦਾ ਹੈ। ਸਬਸਿਡੀ ਦੀ ਦਰ ਸਕੀਮ ਦੀਆਂ ਗਾਇਡ ਲਾਈਨਜ ਅਨੁਸਾਰ ਹੋਵੇਗੀ। ਸਬਸਿਡੀ ਲੈਣ ਦੇ ਚਾਹਵਾਨ ਕਿਸਾਨ ਮਿਤੀ: 19 ਸਤੰਬਰ, 2024 ਸ਼ਾਮ 05.00 ਵਜੇ ਤੱਕ ਆਪਣੀਆਂ ਅਰਜੀਆਂ ਆਨਲਾਈਨ ਪੋਰਟਲ 'ਤੇ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਵਿਭਾਗ ਦੀ ਸਾਈਟ ਜਾਂ ਜ਼ਿਲੇ ਦੇ ਖੇਤੀਬਾੜੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਰੇਲਵੇ ਟੈਂਡਰ ਲਗਾਉਣ ਦੀ ਪ੍ਰਕਿਰਿਆ 'ਚ, ਦੋਰਾਹਾ ਰੇਲਵੇ ਓਵਰਬ੍ਰਿਜ ਦਾ ਕੰਮ ਜਲਦੀ ਸ਼ੁਰੂ ਹੋਵੇਗਾ : ਅਮਰ ਸਿੰਘ

ਲੁਧਿਆਣਾ 19 ਸਤੰਬਰ। ਦੋਰਾਹਾ ਰੇਲਵੇ ਓਵਰਬ੍ਰਿਜ 'ਤੇ ਤੁਰੰਤ ਕੰਮ ਸੂਰੂ ਕਰਨ ਦੀ ਲੋੜ ਨੂੰ ਲੈ ਕੇ ਡਾ. ਅਮਰ ਸਿੰਘ ਸੰਸਦ ਮੈਂਬਰ ਸ੍ਰੀ ਫਤਹਿਗੜ੍ਹ ਸਾਹਿਬ ਨੇ ਹਾਲ ਹੀ ਵਿਚ ਨਵੀਂ ਦਿੱਲੀ ਵਿਖੇ ਕੇਂਦਰੀ ਰੇਲ ਮੰਤਰੀ ਅਸਵਨੀ ਵੈਸਨਵ ਅਤੇ ਰੇਲਵੇ ਬੋਰਡ ਦੇ ਚੇਅਰਮੈਨ ਸਤੀਸ ਕੁਮਾਰ ਨਾਲ ਮੁਲਾਕਾਤ ਕੀਤੀ। ਡਾ. ਅਮਰ ਸਿੰਘ ਵੱਲੋਂ ਸੰਸਦ ਵਿਚ ਇਹ ਮੁੱਦਾ ਉਠਾਉਣ ਅਤੇ ਇਸ ਲਈ ਰੇਲ ਮੰਤਰੀ ਨੂੰ ਵਾਰ-ਵਾਰ ਮਿਲਣ ਤੋਂ ਬਾਅਦ 70 ਕਰੋੜ ਰੁਪਏ ਦੇ ਪੂਰੀ ਤਰ੍ਹਾਂ ਨਾਲ ਰੇਲਵੇ ਫੰਡ ਵਾਲੇ ਪ੍ਰੋਜੈਕਟ ਨੂੰ ਮਾਰਚ



ਵਿਚ ਮਨਜੂਰੀ ਦਿੱਤੀ ਗਈ ਸੀ। ਡਾ. ਅਮਰ ਸਿੰਘ ਨੇ ਮੰਤਰੀ ਨੂੰ ਦੱਸਿਆ ਕਿ ਦੋਰਾਹਾ ਰੇਲ ਕਰਾਸਿੰਗ ਦੀ ਹਾਲਤ ਬਹੁਤ ਖਰਾਬ ਹੈ ਅਤੇ ਸੜਕਾਂ 'ਤੇ ਭਾਰੀ ਜਾਮ ਹੈ। ਇਸ ਪ੍ਰਾਜੈਕਟ ਨੂੰ ਸੁਰੂ ਕਰਨ ਵਿਚ ਦੇਰੀ ਨਾਲ ਆਮ ਨਾਗਰਿਕਾਂ ਨੂੰ ਆ ਰਹੀਆਂ ਮੁਸਕਲਾਂ ਵਿਚ ਵਾਧਾ ਹੋ ਰਿਹਾ ਹੈ। ਇਸ ਪ੍ਰਾਜੈਕਟ 'ਤੇ ਜਲਦੀ ਤੋਂ ਜਲਦੀ ਕੰਮ ਸੁਰੂ ਕਰਨ ਦੀ ਲੋੜ ਸੀ। ਮੰਤਰੀ ਨਾਲ ਹੋਈ ਵਿਸਤ੍ਰਿਤ ਮੀਟਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪੰਜਾਬ ਸਰਕਾਰ ਵੱਲੋਂ ਰੇਲਵੇ ਨੂੰ ਅਨੁਮਾਨ ਅਤੇ ਹੋਰ ਸੂਚਨਾਵਾਂ ਭੇਜਣ ਵਿਚ ਦੇਰੀ ਹੋਈ ਹੈ। ਇਸ ਕਾਰਨ ਰੇਲਵੇ ਵਲੋਂ ਕੀਤੀ ਜਾਣ ਵਾਲੀ ਟੈਂਡਰਿੰਗ ਪ੍ਰਕਿਰਿਆ ਵਿਚ ਦੇਰੀ ਹੋਈ ਸੀ। ਮੰਤਰੀ ਨੇ ਦੱਸਿਆ ਕਿ ਹੁਣ ਰੇਲਵੇ ਵੱਲੋਂ ਟੈਂਡਰ ਲਗਾਇਆ ਜਾ ਰਿਹਾ ਹੈ ਅਤੇ ਟੈਂਡਰ ਹੁੰਦੇ ਹੀ ਕੰਮ ਸੂਰੂ ਹੋ ਜਾਵੇਗਾ। ਇਸ ਗੱਲ 'ਤੇ ਵੀ ਜੋਰ ਦਿੱਤਾ ਗਿਆ ਕਿ ਪ੍ਰੋਜੈਕਟ ਨੂੰ 100% ਰੇਲਵੇ ਦੁਆਰਾ ਫੰਡ ਦਿੱਤਾ ਗਿਆ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾ ਸਕੇ।

## ਹਲਕਾ ਇੰਚਾਰਜ ਦੀਨਾਨਗਰ ਸਮਸੇਰ ਸਿੰਘ ਵੱਲੋਂ 32 ਪਰਿਵਾਰਾਂ ਨੂੰ ਪੱਕੇ ਘਰ ਬਣਾਉਣ ਮਨਜੂਰੀ ਪੱਤਰ ਵੰਡੇ ਗਏ

ਦੀਨਾਨਗਰ 19 ਸਤੰਬਰ। ਪੰਜਾਬ ਸਰਕਾਰ ਦਿਸਾ-ਨਿਰਦੇਸ ਤਹਿਤ ਸਰਕਾਰ ਵੱਲੋਂ ਸਰਕਾਰ ਵੱਲੋਂ ਲੋੜਵੰਦ ਲੋਕਾਂ ਦਾ ਪੱਕੀ ਛੱਤ ਦਾ ਸੁਫਨਾ ਪੂਰਾ ਕਰਨ ਹਰੇਕ ਇਲਾਕੇ ਅੰਦਰ ਲੋੜਵੰਦ ਨੂੰ ਪੱਕੇ ਘਰ ਬਣਾਉਣ ਦੀ ਮਨਜੂਰੀ ਪੱਤਰ ਵੰਡੇ ਜਾ ਰਹੇ ਹਨ, ਜਿਸ ਤਹਿਤ ਅੱਜ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਬਲਾਕ ਦੋਰਾਂਗਲਾ ਦੇ ਕਰੀਬ 32 ਪਰਿਵਾਰਾਂ ਨੂੰ ਪੱਕੇ ਘਰ ਬਣਾਉਣ ਲਈ ਮਨਜੂਰੀ ਪੱਤਰ ਵੰਡੇ ਗਏ ਹਨ। ਇਸ ਦੇ ਨਾਲ ਹੀ ਸਰਕਾਰ ਵੱਲੋਂ ਉਹਨਾਂ ਦੇ ਖਾਤਿਆਂ ਵਿੱਚ ਪਹਿਲੀ ਕਿਸਤ ਪਾ ਦਿੱਤੀ ਗਈ ਹੈ। ਇਸ ਮੌਕੇ ਗੱਲਬਾਤ ਕਰਦੇ ਹੋਏ ਆਪ ਦੇ ਹਲਕਾ ਇੰਚਾਰਜ ਸਮਸੇਰ ਸਿੰਘ ਇਹ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਨੂੰ ਮੁੱਖ ਰੱਖ ਦਿਓ ਹੈ। ਉਹਨਾਂ ਦੇ ਪੱਕੇ ਛੱਤ ਬਣਾਉਣ ਸੁਰੂ ਕੀਤੀ ਯੋਜਨਾ ਤਹਿਤ ਅੱਜ ਬਲਾਕ ਦੌਰਾਗਲਾ ਦੇ ਵੱਖ-ਵੱਖ ਪਿੰਡਾਂ ਦੇ ਕਰੀਬ 32 ਪਰਿਵਾਰਾਂ ਨੂੰ ਮਨਜੂਰੀ ਪੱਤਰ ਵੰਡੇ ਗਏ ਹਨ ਅਤੇ ਇਹਨਾਂ ਪਰਿਵਾਰਾਂ ਦੇ ਖਾਤਿਆਂ ਵਿੱਚ ਪਹਿਲੀ ਕਿਸਤੀ ਵੀ ਆ ਗਈ ਹੈ। ਇਹਨਾਂ ਪਰਿਵਾਰਾਂ ਵੱਲੋਂ ਆਪਣੇ ਘਰਾਂ ਨੂੰ ਪੱਕਾ ਬਣਾਉਣ ਦੇ ਲਈ ਸਰਕਾਰ ਵੱਲੋਂ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਇਹ ਪਰਿਵਾਰ ਸਰਕਾਰ ਦਾ ਧੰਨਵਾਦ ਕਰਦੇ ਹੋਏ ਖੁਸੀ ਮਹਿਸੂਸ ਕਰ ਰਹੇ ਹਨ ਕਿ ਇੱਕ ਆਮ ਆਦਮੀ ਪਾਰਟੀ ਦੀ ਪਹਿਲੀ ਸਰਕਾਰ ਗਰੀਬ ਲੋਕਾਂ ਦੀ ਬਾਂਹ ਪਹਿਲ ਦੇ ਅਧਾਰ 'ਤੇ ਫੜੀ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਆਪ ਵਰਕਰ ਅਤੇ ਵਲੰਟੀਅਰ ਹਾਜਰ ਸਨ।

## ਢਿੱਲੋਂ ਵੱਲੋਂ ਵੜਿੰਗ ਨੂੰ ਨਸ਼ੀਹਤ, ਖਾਲੀ ਜੰਗਲ 'ਚ ਦਹਾੜਾਂ ਨਾ ਮਾਰੋ !

ਲੁਧਿਆਣਾ 19 ਸਤੰਬਰ। ਸ਼੍ਰੋਮਣੀ ਅਕਾਲੀ ਦਲ ਦੇ ਲੁਧਿਆਣਾ ਲੋਕ ਸਭਾ ਇੰਚਾਰਜ ਤੇ ਸਾਬਕਾ ਵਿਧਾਇਕ ਰਣਜੀਤ ਸਿੰਘ ਢਿੱਲੋਂ ਨੇ ਸੋਸ਼ਲ ਮੀਡੀਆ 'ਤੇ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਦੇ ਐੱਮ.ਪੀ. ਰਾਜਾ ਵੜਿੰਗ ਨੂੰ ਵੱਡੀ ਨਸੀਹਤ ਦਿੰਦੇ ਹੋਏ ਕਿਹਾ ਕਿ ਉਹ ਜੋ ਉਹ ਲੁਧਿਆਣਾ ਤੋਂ ਅਸਤੀਫਾ ਦੇ ਕੇ ਗਿੱਦੜਬਾਹੇ ਚੋਣ ਲੜਨ ਲਈ ਸੁਖਬੀਰ ਬਾਦਲ ਨੂੰ ਚੈਲੰਜ ਕਰ ਰਹੇ ਹਨ, ਇਹ ਉਨ੍ਹਾਂ ਦੇ ਹੋਛੇਪਨ ਦੀ ਸਾਫ ਝਲਕ ਹੈ। ਢਿੱਲੋਂ ਨੇ ਕਿਹਾ ਕਿ ਰਾਜਾ ਵੜਿੰਗ ਭਾਵੇਂ 5 ਵਾਰ ਚੋਣ ਹੋਰ ਜਿੱਤ ਜਾਣ ਪਰ ਉਹ ਸੁਖਬੀਰ ਬਾਦਲ ਵਰਗੇ ਨੇਤਾ ਨਹੀਂ ਬਣ ਸਕਦੇ। ਉਨ੍ਹਾਂ ਕਿਹਾ ਕਿ ਸੱਚੀ ਗੱਲ ਇਹ ਹੈ ਕਿ ਰਾਜਾ ਵੜਿੰਗ ਖਾਲੀ ਜੰਗਲ ਵੇਖ ਕੇ ਦਹਾੜਾਂ ਮਾਰ ਰਿਹਾ ਹੈ। ਉਨ੍ਹਾਂ ਮੰਨਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਕਈ ਗਲਤੀਆਂ ਤੇ ਕਈ ਅਜਿਹੇ ਕਾਰਜ ਹੋ ਗਏ, ਜਿਸ ਕਾਰਨ ਪਾਰਟੀ ਨੂੰ ਭਾਰੀ ਸੱਟ ਲੱਗੀ ਹੈ ਤੇ ਅੱਜ ਕੱਲ ਹਾਸ਼ੀਏ 'ਤੇ ਚੱਲ ਰਹੀ ਹੈ। ਪਰ ਇਸ ਤਰ੍ਹਾਂ ਦੇ ਦਿਨ ਸਦਾ ਨਹੀਂ ਰਹਿਣੇ, ਜਲਦ ਹੀ ਸ਼੍ਰੋਮਣੀ ਅਕਾਲੀ ਦਲ ਮੁੜ ਕਾਇਮ ਹੋ ਕੇ ਸਤਾ ਵੱਲ ਲੋਕ ਸੇਵਾ ਲਈ ਵਧੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਪ੍ਰਧਾਨਾਂ ਨਾਲੋਂ ਸੁਖਬੀਰ ਬਾਦਲ ਦੀ ਸਿਆਸੀ ਖੇਤਰ ਵਿਚ ਅੱਜ ਵੀ ਪਕੜ ਤੇ ਧੜਕ ਹੈ। ਉਨ੍ਹਾਂ ਨੇ ਰਾਜਾ ਵੜਿੰਗ ਨੂੰ ਸਲਾਹ ਦਿੱਤੀ ਕਿ ਉਹ ਲੁਧਿਆਣਾ ਦੇ ਵਿਕਾਸ ਕਾਰਜਾਂ ਵੱਲ ਧਿਆਨ ਦੇਣ ਅਤੇ ਲੋਕਾਂ ਦੀ ਸੇਵਾ ਲਈ ਆਉਣ।

# ਪੰਜਾਬ 'ਚ ਨੌਕਰੀਆਂ ਦੇ ਚਾਹਵਾਨ ਨੌਜਵਾਨਾਂ ਲਈ ਖੁਸ਼ਖਬਰੀ

ਏਜੰਸੀਆਂ

ਚੰਡੀਗੜ੍ਹ 19 ਸਤੰਬਰ। ਪੰਜਾਬ ਹੁਨਰ ਵਿਕਾਸ ਮਿਸ਼ਨ (ਪੀ. ਐੱਸ. ਡੀ. ਐੱਮ.) ਨੇ 20 ਉਦਯੋਗਾਂ ਤੇ ਇੰਡਸਟਰੀ ਐਸੋਸੀਏਸਨਾਂ ਨਾਲ ਸਮਝੌਤੇ ਸਹੀਬੱਧ ਕੀਤੇ ਹਨ, ਜਿਸ ਨਾਲ ਨੌਜਵਾਨਾਂ ਲਈ 50,000 ਨੌਕਰੀਆਂ ਦੇ ਮੌਕੇ ਪੈਦਾ ਹੋਣਗੇ। ਇਸ ਦਾ ਐਲਾਨ ਰੁਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਉਦਯੋਗਿਕ ਦਿੱਗਜਾਂ, ਨੀਤੀ ਘਾੜਿਆਂ ਤੇ ਭਾਈਵਾਲਾਂ ਦਰਮਿਆਨ ਸਹਿਯੋਗ ਨੂੰ ਉਤਸਾਹਿਤ ਕਰਨ ਲਈ ਕਰਵਾਈ ਗਈ ਚੀਫ ਐਗਜੀਕਿਊਟਿਵ ਅਫਸਰ ਓ.) ਮੀਟ-2024 ਦੌਰਾਨ ਮੁੱਖ ਮਹਿਮਾਨ ਵਜੋਂ ਸਿ਼ਰੱਕਤ ਕਰਦਿਆਂ ਕੀਤਾ। ਇਸ ਦੌਰਾਨ ਨੈਸਨਲ ਐਸੋਸੀਏਸਨ ਆਫ ਸਾਫਟਵੇਅਰ ਐਂਡ ਸਰਵਿਸ ਕੰਪਨੀਜ (ਨੈਸਕਾਮ) ਤੇ ਮੋਹਾਲੀ (ਐੱਸ.ਏ.ਐੱਸ. ਨਗਰ), ਅੰਮ੍ਰਿਤਸਰ, ਲੁਧਿਆਣਾ ਤੇ ਪਟਿਆਲਾ ਦੀਆਂ ਇੰਡਸਟਰੀ ਐਸੋਸੀਏਸਨਾਂ ਸਮੇਤ 20 ਉਦਯੋਗਾਂ ਨਾਲ ਸਮਝੌਤੇ ਸਹੀਬੱਧ ਕੀਤੇ ਗਏ। ਉਨ੍ਹਾਂ ਨੇ ਸੂਬੇ ਭਰ 'ਚ 750 ਉਮੀਦਵਾਰਾਂ ਵਾਲੇ 23 ਸਿਖਲਾਈ ਸੈਂਟਰਾਂ ਦਾ ਡਿਜੀਟਲੀ ਉਦਘਾਟਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਸਵ ਹੁਨਰ ਮੁਕਾਬਲੇ ਦੇ 100 ਜੇਤੂਆਂ ਨੂੰ ਮੈਡਲ ਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ। ਇਸ ਦੌਰਾਨ 'ਸਾਡੇ ਨੌਜਵਾਨਾਂ ਤੇ ਵਰਕਫੋਰਸ ਦੇ ਭਵਿੱਖ ਨੂੰ ਬਿਹਤਰ ਬਣਾਉਣਾ' ਵਿਸ਼ੇ 'ਤੇ ਪੈਨਲ ਚਰਚਾ ਕਰਵਾਈ ਗਈ, ਜਿਸ 'ਚ ਵਿਕਸਿਤ ਹੋ ਰਹੇ ਬਾਜਾਰ ਦੇ ਸੰਦਰਭ 'ਚ ਨੌਜਵਾਨਾਂ ਤੇ ਵਰਕਫੋਰਸ ਨੂੰ ਰੁਜਗਾਰ ਦੇ ਮੌਕਿਆਂ ਨਾਲ ਜੋੜਨ ਬਾਰੇ ਚਰਚਾ ਕੀਤੀ ਗਈ। ਇਸ ਪੈਨਲ ਚਰਚਾ 'ਚ ਪ੍ਰਮੁੱਖ ਸਕੱਤਰ ਜਸਪ੍ਰੀਤ ਤਲਵਾੜ, ਪੰਜਾਬ ਵਿਕਾਸ ਕਮਿਸਨ ਦੇ ਵਾਈਸ ਚੇਅਰਪਰਸਨ ਸੀਮਾ ਬਾਂਸਲ, ਨੈਸਨਲ ਇੰਸਟੀਚਿਊਟ ਆਫ ਰੂਰਲ ਡਿਵੈਲਪਮੈਂਟ ਐਂਡ ਪੰਚਾਇਤੀ ਰਾਜ ਦੇ ਸਹਾਇਕ ਡਾਇਰੈਕਟਰ ਰੰਗੇ ਰਾਘਵ, ਬਾਬਾ ਫਰੀਦ ਹੈਲਥ ਐਂਡ ਮੈਡੀਕਲ ਸਾਇੰਸਜ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਰਾਜੀਵ ਸੂਦ, ਮਾਈਕ੍ਰੋਸਾਫਟ ਦੇ ਉੱਤਰੀ ਭਾਰਤ ਲਈ ਐਜੂਕੇਸ਼ਨ ਫਾਰ ਨਾਰਥ ਇੰਡੀਆ ਦੇ ਡਾਇਰੈਕਟਰ ਮਿਸ ਸਵਾਤੀ ਕੌਸਲ, ਲਾਰਸਨ ਐਂਡ ਟੂਬਰੋ ਦੇ ਘਰੇਲੂ ਮਾਰਕੀਟਿੰਗ ਨੈੱਟਵਰਕ ਦੇ ਮੁਖੀ ਸੰਜੀਵ ਸਰਮਾ, ਆਰ.ਡੀ.ਐੱਸ.ਡੀ.ਈ. ਪੰਜਾਬ ਦੇ ਰੀਜਨਲ ਡਾਇਰੈਕਟਰ ਲੈਫਟੀਨੈਂਟ ਕਰਨਲ ਵਿਸਾਲ ਅਰੋੜਾ, ਤਕਨੀਕੀ ਸਿੱਖਿਆ, ਸਿਖਲਾਈ ਵਿਭਾਗ ਤੇ ਉਚੇਰੀ ਸਿੱਖਿਆ, ਨਵੀਂ ਦਿੱਲੀ ਦੇ ਡਾਇਰੈਕਟਰ ਭੁਪੇਸ ਚੌਧਰੀ ਅਤੇ ਪੀ.ਐੱਚ.ਡੀ.ਸੀ.ਸੀ.ਆਈ ਦੇ ਚੇਅਰਮੈਨ ਰੁਪਿੰਦਰ ਸਚਦੇਵਾ ਨੇ ਸ਼ਮੂਲੀਅਤ ਕੀਤੀ। ਮਿਸਨ ਡਾਇਰੈਕਟਰ ਪੀ.ਐੱਸ.ਡੀ.ਐੱਮ. ਅੰਮ੍ਰਿਤ ਸਿੰਘ ਨੇ ਕਿਹਾ ਕਿ ਇਹ ਸਮਾਗਮ ਡੀ.ਡੀ.ਯੂ-ਜੀ.ਕੇ.ਵਾਈ. ਪਹਿਲਕਦਮੀ ਤਹਿਤ ਪੰਜਾਬ 'ਚ ਹੁਨਰਮੰਦ ਨੌਜਵਾਨਾਂ ਲਈ ਸਥਾਈ ਰੁਜਗਾਰ ਦੇ ਮੌਕੇ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਸ ਮੌਕੇ ਮਾਈ ਭਾਗੋ ਏ.ਐੱਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐੱਸ.ਐੱਮ. (ਸੇਵਾਮੁਕਤ) ਤੇ ਮਹਾਰਾਜਾ ਰਣਜੀਤ ਸਿੰਘ ਏ.ਐੱਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐੱਚ. ਚੌਹਾਨ ਵੀ.ਐੱਸ.ਐੱਮ. (ਸੇਵਾਮੁਕਤ), ਸੀ-ਪਾਈਟ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ (ਸੇਵਾਮੁਕਤ) ਰਾਮਬੀਰ ਮਾਨ ਤੇ ਸਰਕਾਰ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

### ਮਾਲਵਿੰਦਰ ਸਿੰਘ ਮਾਲੀ ਨੂੰ ਨਿਆਇਕ ਹਿਰਾਸਤ 'ਚ ਲੈ ਕੇ ਭੇਜਿਆ ਗਿਆ ਪਟਿਆਲਾ ਜੇਲ੍ਹ

ਮੋਹਾਲੀ 19 ਸਤੰਬਰ। ਥਾਣਾ ਆਈ.ਟੀ. ਸਿਟੀ ਮੋਹਾਲੀ ਵੱਲੋਂ ਪਟਿਆਲਾ ਤੋਂ ਗ੍ਰਿਫਤਾਰ ਕੀਤੇ ਨਵਜੋਤ ਸਿੰਘ ਸਿੱਧੂ ਦੇ ਸਾਬਕਾ ਸਿਆਸੀ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਨੂੰ ਮੋਹਾਲੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਨਿਆਇਕ ਹਿਰਾਸਤ 'ਚ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਦੌਰਾਨ ਅਦਾਲਤ 'ਚ ਮੀਡੀਆ ਨਾਲ ਗੱਲ ਕਰਦਿਆਂ ਮਾਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਖਿ਼ਲਾਫ ਦਰਜ ਕੀਤੀ ਗਈ ਐੱਫ.ਆਈ.ਆਰ. 'ਚ ਕਿਸੇ ਤਰ੍ਹਾਂ ਦਾ ਕੋਈ ਵੀ ਸਬੂਤ ਨਹੀਂ ਹੈ ਤੇ ਨਾ ਹੀ ਮਾੜੀ ਸ਼ਬਦਾਵਲੀ ਵਾਲੀ ਵੀਡੀਓ ਹੈ। ਆਮ ਆਦਮੀ ਪਾਰਟੀ ਦੇ ਟਰੇਡ ਵਿੰਗ ਦੇ ਆਗੂ ਤੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਮਿਤ ਜੈਨ ਦੀ ਸ਼ਿਕਾਇਤ 'ਤੇ ਪੁਲਸ ਨੇ ਆਈ.ਟੀ. ਸਿਟੀ ਥਾਣਾ ਮੋਹਾਲੀ 'ਚ ਮਾਲੀ ਵਿਰੁੱਧ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਮਾਲੀ ਨੇ ਵੀਡੀਓ 'ਚ ਹਿੰਦੂ ਦੇਵੀ-ਦੇਵਤਿਆਂ ਵਿਰੁੱਧ ਇਤਰਾਜਯੋਗ ਟਿੱਪਣੀ ਕੀਤੀ ਹੈ, ਜਿਸ ਨਾਲ ਉਨ੍ਹਾਂ ਨੂੰ ਬਹੁਤ ਦੁੱਖ ਪਹੁੰਚਿਆ ਹੈ।

# ਨਗਰ ਕੌਂਸਲ ਦੀ ਪ੍ਰਧਾਨਗੀ ਦਾ ਮੁੱਕਿਆ ਰੇੜਕਾ, ਗੁਰਜੀਤ ਰਾਮਣਵਾਸੀਆ ਮੁੜ ਨਗਰ ਕੌਂਸਲ ਦੇ ਪ੍ਰਧਾਨ ਬਣੇ

ਏਜੰਸੀਆਂ

ਬਰਨਾਲਾ 19 ਸਤੰਬਰ। ਮਾਨਯੋਗ ਹਾਈਕੋਰਟ ਨੇ ਇਕ ਅਹਿਮ ਫੈਸਲਾ ਸੁਣਾਉਂਦੇ ਹੋਏ ਅੱਜ ਗੁਰਜੀਤ ਸਿੰਘ ਰਾਮਨਵਾਸੀਆਂ ਨੂੰ ਮੁੜ ਨਗਰ ਕੌਂਸਲ ਬਰਨਾਲਾ ਦੇ ਕੁਰਸੀ ਉੱਤੇ ਬਿਠਾ ਦਿੱਤਾ ਹੈ। ਗੁਰਜੀਤ ਸਿੰਘ ਨੇ ਆਪਣੇ ਹਟਾਏ ਜਾਣ ਖਿ਼ਲਾਫ ਹਾਈ ਕੋਰਟ ਵਿਚ ਰਿਟ ਪਟੀਸਨ ਦਾਇਰ ਕੀਤੀ ਸੀ। ਆਪਣੀ ਪਟੀਸਨ ਵਿਚ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਰਾਜਨੀਤਕ ਦੁਰਭਾਵਨਾ ਦੇ ਚੱਲਦਿਆਂ ਉਨ੍ਹਾਂ ਨੂੰ ਪ੍ਰਧਾਨ ਅਹੁਦੇ ਤੋਂ ਹਟਾਇਆ ਸੀ। ਗੁਰਜੀਤ ਸਿੰਘ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਉਨ੍ਹਾਂ ਦੀ ਬਰਖਾਸਤਗੀ ਸਿਰਫ ਗੈਰ-ਕਾਨੂੰਨੀ ਹੀ ਨਹੀਂ ਸੀ, ਸਗੋਂ ਨਗਰ ਕੌਂਸਲ ਦੇ ਨਿਯਮਾਂ ਅਤੇ ਪ੍ਰਕਿਰਿਆਵਾਂ ਦਾ ਉਲੰਘਣ ਵੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਉਣ ਦਾ ਕੋਈ ਵਾਜਬ ਕਾਰਨ ਨਹੀਂ ਸੀ ਅਤੇ ਇਹ ਫੈਸਲਾ ਬਰਨਾਲਾ ਦੇ ਵਿਕਾਸ ਕਾਰਜਾਂ ਵਿਚ ਰੁਕਾਵਟ ਪਾਉਣ ਦੇ ਮਕਸਦ ਨਾਲ ਕੀਤਾ ਗਿਆ ਸੀ। ਇਥੇ ਜਿ਼ਕਰਯੋਗ ਹੈ ਕਿ ਕਰੀਬ ਇਕ ਸਾਲ ਪਹਿਲਾਂ ਪੰਜਾਬ ਸਰਕਾਰ ਦੀ ਸਿਫਾਰਿਸ 'ਤੇ ਪੰਜਾਬ ਦੇ ਗਵਰਨਰ ਵੱਲੋਂ ਨਗਰ ਕੌਂਸਲ ਬਰਨਾਲਾ ਦੇ ਪ੍ਰਧਾਨ ਗੁਰਜੀਤ ਸਿੰਘ ਰਾਮਨਵਾਸੀਆਂ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ ਅਤੇ ਡਿਪਟੀ ਕਮਿਸਨਰ ਬਰਨਾਲਾ ਨੂੰ ਨਵੀਂ ਪ੍ਰਧਾਨਗੀ ਦੀ ਚੋਣ ਕਰਵਾਉਣ ਲਈ ਕਿਹਾ ਸੀ। ਜਿ਼ਕਰਯੋਗ ਹੈ ਕਿ ਨਗਰ ਕੌਂਸਲ ਦੇ ਪ੍ਰਧਾਨ ਗੁਰਜੀਤ ਸਿੰਘ ਤੇ ਆਪਣੇ ਰਾਜਨੀਤਿਕ ਪ੍ਰਭਾਵ ਦੀ ਵਰਤੋਂ ਕਰਕੇ ਫੰਡਾਂ ਦੀ ਦੁਰਵਰਤੋਂ ਕਰਨ ਦਾ ਦੋਸ ਲਾਇਆ ਗਿਆ ਸੀ। ਉਸ ਮਗਰੋਂ ਪੰਜਾਬ ਸਰਕਾਰ ਵੱਲੋਂ ਨਗਰ ਕੌਂਸਲ ਬਰਨਾਲਾ ਦੀ ਨਵੀਂ ਪ੍ਰਧਾਨਗੀ ਦੀ ਚੋਣ ਕਰਵਾਉਣ ਲਈ ਹੁਕਮ ਜਾਰੀ ਕੀਤੇ ਗਏ ਸਨ ਜਿਸ ਉੱਤੇ ਐੱਸਡੀਐੱਮ ਬਰਨਾਲਾ ਵੱਲੋਂ 17 ਅਕਤੂਬਰ 2023 ਨੂੰ ਨਗਰ ਕੌਂਸਲ ਬਰਨਾਲਾ ਵਿਚ ਪ੍ਰਧਾਨਗੀ ਦੀ ਚੋਣ ਰੱਖੀ ਗਈ ਸੀ। ਜਿਸ ਵਿਚ 18 ਕੌਂਸਲਰਾਂ ਨੇ ਹਿੱਸਾ ਲੈ ਕੇ ਨਗਰ ਕੌਂਸਲਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰੁਪਿੰਦਰ ਸਿੰਘ ਬੰਟੀ ਨੂੰ ਨਗਰ ਕੌਂਸਲ ਦਾ ਪ੍ਰਧਾਨ ਚੁਣ ਲਿਆ ਸੀ, ਜਿਸ ਵਿਰੁੱਧ ਗੁਰਜੀਤ ਸਿੰਘ ਰਾਮਨਵਾਸੀਆਂ ਨੇ ਮਾਨਯੋਗ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ। ਉਸ ਵੇਲੇ ਤੋਂ ਲੈ ਕੇ ਕਰੀਬ ਇਕ ਸਾਲ ਹੁਣ ਤੱਕ ਨਗਰ ਕੌਂਸਲ ਦੇ ਪ੍ਰਧਾਨ ਦੀ ਕੁਰਸੀ ਖਾਲੀ ਰਹੀ, ਜਿਸ ਕਾਰਨ ਲੋਕਾਂ ਨੂੰ ਖੱਜਲ ਖੁਆਰ ਵੀ ਹੋਣਾ ਪਿਆ। ਮਾਨਯੋਗ ਹਾਈਕੋਰਟ ਵਿਚ ਕਰੀਬ ਇਕ ਸਾਲ ਤੱਕ ਇਸ ਮਾਮਲੇ ਦੀ ਸੁਣਵਾਈ ਚੱਲੀ ਅਤੇ ਅਖੀਰ ਅੱਜ ਮਾਨਯੋਗ ਹਾਈਕੋਰਟ ਨੇ ਗੁਰਜੀਤ ਸਿੰਘ ਰਾਮਨਨਿਵਾਸੀਆਂ ਨੂੰ ਦੁਬਾਰਾ ਨਗਰ ਕੌਂਸਲ ਦੇ ਪ੍ਰਧਾਨ ਦੀ ਕੁਰਸੀ ਉੱਤੇ ਬੈਠਣ ਦਾ ਹੁਕਮ ਸੁਣਾਇਆ। ਜਾਣਕਾਰੀ ਅਨੁਸਾਰ 2021 ਵਿਚ ਨਗਰ ਕੌਂਸਲ ਬਰਨਾਲਾ ਵੱਲੋਂ ਨਗਰ ਪੰਚਾਇਤ ਹੰਡਿਆਇਆ ਨੂੰ 10 ਲੱਖ ਰੁਪਏ ਦਿੱਤੇ ਗਏ ਸੀ ਪਰ ਨਗਰ ਕੌਂਸਲ ਬਰਨਾਲਾ ਵਿਚ ਇਸ ਸਬੰਧੀ ਕੋਈ ਮਤਾ ਨਹੀਂ ਪਾਇਆ ਗਿਆ ਸੀ ਜਦਕਿ ਨਿਯਮਾਂ ਅਨੁਸਾਰ ਕਿਸੇ ਨੂੰ ਵਿੱਤੀ ਮਦਦ ਕਰਨ ਲਈ ਅਧਿਕਾਰ



ਸਿਰਫ ਹਾਊਸ ਕੋਲ ਹੁੰਦਾ ਹੈ ਅਤੇ ਬਿਨਾਂ ਮਤਾ ਪਾਏ ਹੀ 10 ਲੱਖ ਰੁਪਏ ਦੀ ਰਾਸੀ ਨਗਰ ਕੌਂਸਲ ਬਰਨਾਲਾ ਵੱਲੋਂ ਨਗਰ ਪੰਚਾਇਤ ਹੰਡਿਆਇਆ ਨੂੰ ਜਾਰੀ ਕਰ ਦਿੱਤੀ ਗਈ ਸੀ ਜਿਸ ਦੀ ਜਾਂਚ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਸੀ ਅਤੇ ਇਸ ਜਾਂਚ ਵਿਚ ਨਗਰ ਕੌਂਸਲ ਬਰਨਾਲਾ ਦੇ ਪ੍ਰਧਾਨ ਗੁਰਜੀਤ ਸਿੰਘ ਨੂੰ ਦੋਸੀ ਪਾਇਆ ਗਿਆ ਸੀ ਅਤੇ ਪੰਜਾਬ ਸਰਕਾਰ ਵੱਲੋਂ ਇਸ ਸੰਬੰਧ ਵਿੱਚ ਪੰਜਾਬ ਦੇ ਗਵਰਨਰ ਨੂੰ ਜਾਣੂ ਕਰਵਾਇਆ ਗਿਆ ਸੀ ਅਤੇ ਪੰਜਾਬ ਸਰਕਾਰ ਦੀ ਇਨਕੁਆਰੀ ਤੇ ਪੰਜਾਬ ਦੇ ਗਵਰਨਰ ਵੱਲੋਂ ਗੁਰਜੀਤ ਸਿੰਘ ਨੂੰ ਨਗਰ ਕੌਂਸਲ ਦੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ ਸੀ ਇਸ ਫੈਸਲੇ ਤੋਂ ਬਾਅਦ ਗੁਰਜੀਤ ਸਿੰਘ ਨੇ ਅਦਾਲਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਨਿਆਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਅਹੁਦੇ ਦਾ ਦੁਰਪਯੋਗ ਨਹੀਂ ਕਰ ਰਹੇ ਸਨ ਸਗੋਂ ਜਨਤਾ ਦੀ ਸੇਵਾ ਕਰ ਰਹੇ ਸਨ ਅਤੇ ਉਨ੍ਹਾਂ ਦੀ ਬਰਖਾਸਤਗੀ ਦਾ ਕੋਈ ਤਰਕਸੰਗਤ ਕਾਰਨ ਨਹੀਂ ਸੀ। ਉਨ੍ਹਾਂ ਇਹ ਵੀ ਵਿਸਵਾਸ ਦਿਵਾਇਆ ਕਿ ਉਹ ਭਵਿੱਖ ਵਿੱਚ ਵੀ ਬਰਨਾਲਾ ਦੇ ਵਿਕਾਸ ਲਈ ਕੰਮ ਕਰਦੇ ਰਹਿਣਗੇ। ਉਹਨਾਂ ਹਾਈਕੋਰਟ ਦੇ ਫੈਸਲੇ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ। ਉਹਨਾਂ ਕਿਹਾ ਮੈਨੂੰ ਭਾਰਤ ਦੀ ਨਿਆ ਪ੍ਰਣਾਲੀ ਵਿੱਚ ਪੂਰਨ ਯਕੀਨ ਸੀ ਅਤੇ ਅੱਜ ਇੱਕ ਵਾਰ ਫਿਰ ਸੱਚ ਦੀ ਜਿੱਤ ਹੋਈ ਹੈ। ਉਹਨਾਂ ਕਿਹਾ ਮੈਂ ਪਹਿਲਾਂ ਵੀ ਬਰਨਾਲਾ ਸਹਿਰ ਤੇ ਵਿਕਾਸ ਲਈ ਯਤਨਸੀਲ ਸੀ ਅਤੇ ਹੁਣ ਵੀ ਮੈਂ ਸਹਿਰ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਖੜੋਤ ਨਹੀਂ ਆਉਣ ਦੇਵਾਂਗਾ। ਗੁਰਜੀਤ ਸਿੰਘ ਦੇ ਸਮਰਥਕਾਂ ਅਤੇ ਬਰਨਾਲਾ ਦੇ ਰਹਿਣ ਵਾਲਿਆਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਨੇ ਇਸਨੂੰ ਜਨਤਾ ਦੀ ਜਿੱਤ ਅਤੇ ਰਾਜਨੀਤਕ ਦੁਰਭਾਵਨਾ ਦੀ ਹਾਰ ਵਜੋਂ ਵੇਖਿਆ ਹੈ। ਇਸ ਫੈਸਲੇ ਨਾਲ ਜਿੱਥੇ ਗੁਰਜੀਤ ਸਿੰਘ ਨੂੰ ਰਾਹਤ ਮਿਲੀ ਹੈ, ਉੱਥੇ ਹੀ ਪੰਜਾਬ ਸਰਕਾਰ ਲਈ ਇਹ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਅੱਜ ਜਿਵੇਂ ਹੀ ਮਾਨਯੋਗ ਹਾਈਕੋਰਟ ਨੇ ਗੁਰਜੀਤ ਸਿੰਘ ਰਾਮਨਵਾਸੀਆਂ ਨੂੰ ਮੁੜ ਨਗਰ ਕੌਂਸਲ ਦੇ ਪ੍ਰਧਾਨ ਦੀ ਕੁਰਸੀ ਉੱਤੇ ਬੈਠਣ ਦਾ ਹੁਕਮ ਸੁਣਾਇਆ ਤਾਂ ਕਾਂਗਰਸੀ ਆਗੂ ਇਕ ਦੂਜੇ ਨੂੰ ਵਧਾਈ ਦਿੰਦੇ ਵੇਖੇ ਗਏ। ਜਿ਼ਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ, ਨਗਰ ਸੁਧਾਰ ਟਰਸਟ ਦੇ ਸਾਬਕਾ ਚੇਅਰਮੈਨ ਮੱਖਣ ਸਰਮਾ, ਬਲਾਕ ਕਾਂਗਰਸ ਦੇ ਪ੍ਰਧਾਨ ਮਹੇਸ ਲੋਟਾ, ਨਰਿੰਦਰ ਸਰਮਾ, ਮਨੀਸ ਕਾਕਾ, ਸਤਨਾਮ ਸਿੰਘ ਪੱਤੀ ਸੇਖਵਾਂ ਆਦਿ ਆਗੂਆਂ ਨੇ ਗੁਰਜੀਤ ਸਿੰਘ ਰਾਮਨਿਵਾਸੀਆਂ ਨੂੰ ਵਧਾਈ ਦਿੱਤੀ ਅਤੇ ਆਸ ਪ੍ਰਗਟ ਕੀਤੀ ਕਿ ਉਹਨਾਂ ਦੀ ਪ੍ਰਧਾਨਗੀ ਵਿੱਚ ਸਹਿਰ ਵਿੱਚ ਰਿਕਾਰਡ ਤੋੜ ਵਿਕਾਸ ਦੇ ਕਾਰਜ ਹੋਣਗੇ। ਇਸ ਫੈਸਲੇ ਤੋਂ ਬਾਅਦ ਗੁਰਜੀਤ ਸਿੰਘ ਇਕ ਵਾਰ ਫਿਰ ਨਗਰ ਕੌਂਸਲ ਬਰਨਾਲਾ ਦੇ ਪ੍ਰਧਾਨ ਵਜੋਂ ਆਪਣੀਆਂ ਜਿ਼ਮੇਵਾਰੀਆਂ ਦਾ ਨਿਰਵਾਹਣ ਕਰਨਗੇ।